Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 365, 07 ਅਗਸਤ ਤੋਂ 13 ਅਗਸਤ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਕੈਨੇਡਾ ਪੜ੍ਹਨ ਗਏ ਕਿਹੜੇ ਵਿਦਿਆਰਥੀਆਂ ਨੂੰ ਵਰਕ ਪਰਮਿਟ ਲਈ ਨਾਂਹ ਹੋ ਰਹੀ ਹੈ, ਕਿਉਂ ਸਰਕਾਰ ਉਨ੍ਹਾਂ ਨੂੰ ਦੇਸ਼ ਛੱਡਣ ਦੀ ਸਲਾਹ ਦੇ ਰਹੀ ਹੈ

ਕੈਨੇਡਾ ਦੇ ਅਲਬਰਟਾ ਸੂਬੇ ਦੇ ਕੈਲਗਰੀ ਅਤੇ ਐਡਮਿੰਟਨ ਸ਼ਹਿਰਾਂ ਵਿੱਚ ਪੜ੍ਹਾਈ ਪੂਰੀ ਕਰ ਚੁੱਕੇ ਕਈ ਕੌਮਾਂਤਰੀ ਵਿਦਿਆਰਥੀ (ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਹਨ) ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਰੱਦ ਹੋਣ ਕਾਰਨ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਅਤੇ ਧਰਨੇ 'ਤੇ ਬੈਠੇ ਹਨ। ਕੌਮਾਂਤਰੀ ਵਿਦਿਆਰਥੀਆਂ ਵੱਲੋਂ ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਰੱਦ ਕੀਤੇ ਗਏ ਕੇਸਾਂ ਦੀ ਮੁੜ ਸਮੀਖਿਆ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਕੌਮਾਂਤਰੀ ਵਿਦਿਆਰਥੀਆਂ ਦਾ ਇਹ ਮੁੱਦਾ ਕੈਨੇਡਾ ਅਤੇ ਭਾਰਤ ਦੀ ਸਿਆਸਤ ਵਿੱਚ ਵੀ ਗਰਮਾ ਗਿਆ ਹੈ। ਇਸ ਦੇ ਬਾਵਜੂਦ ਕੈਨੇਡਾ ਦੇ ਅਲਬਰਟਾ ਸੂਬੇ ਦੀ ਪ੍ਰੀਮੀਅਰ (ਮੁੱਖ ਮੰਤਰੀ) ਡੈਨੀਅਲ ਸਮਿਥ ਵੱਲੋਂ ਕੈਨੇਡਾ ਆਏ ਕੌਮਾਂਤਰੀ ਵਿਦਿਆਰਥੀਆਂ ਨੂੰ ਕਿਹਾ ਜਾ ਰਿਹਾ ਹੈ ਕਿ ਜੇਕਰ ਉਨ੍ਹਾਂ ਕੋਲ ਪੀਆਰ (ਪਰਮਾਨੈਂਟ ਰੈਜ਼ੀਡੈਂਸੀ) ਨਹੀਂ ਹੈ ਅਤੇ ਵੀਜ਼ੇ ਦੀ ਮਿਆਦ ਖ਼ਤਮ ਹੋ ਰਹੀ ਹੈ ਤਾਂ ਉਹ ਦੇਸ਼ ਛੱਡ ਦੇਣ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਆਡੀਟਰ ਜਨਰਲ ਨੇ ਮਾਰਚ 2026 ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਸੀ ਜਿਸ ਮੁਤਾਬਕ ਕੌਮਾਂਤਰੀ ਵਿਦਿਆਰਥੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2025 ਵਿੱਚ 8.1% ਸੀ। 2023 ਵਿੱਚ ਇਹ ਭਾਗੀਦਾਰੀ 51.6% ਸੀ।

**'ਸਾਡੇ ਨਾਲ ਧੋਖਾ ਹੋਇਆ'**

ਕੈਲਗਰੀ ਵਿੱਚ ਇੱਕ ਹਾਈਵੇਅ ਦੇ ਕਿਨਾਰੇ ਖੁੱਲ੍ਹੇ ਆਸਮਾਨ ਹੇਠ ਧਰਨੇ 'ਤੇ ਬੈਠੇ ਕਈ ਵਿਦਿਆਰਥੀਆਂ ਨਾਲ ਬੀਬੀਸੀ ਪੰਜਾਬੀ ਨੇ ਗੱਲਬਾਤ ਕੀਤੀ। ਮੁਹਾਲੀ ਦੀ ਸੁਖਮਨੀ ਕੌਰ ਨੇ ਦੱਸਿਆ, ÷ਅਸੀਂ ਕੈਨੇਡਾ ਦੀ ਪੀਆਰ ਨਹੀਂ ਮੰਗ ਰਹੇ, ਬਲਕਿ ਪੜ੍ਹਾਈ ਤੋਂ ਬਾਅਦ ਇੱਥੇ ਕੰਮ ਕਰਨ ਦਾ ਅਧਿਕਾਰ ਮੰਗ ਰਹੇ ਹਾਂ, ਤਾਂ ਜੋ ਅਸੀਂ ਕੈਨੇਡਾ ਦੇ ਵਰਕ ਐਕਸਪੀਰੀਅੰਸ ਨਾਲ ਭਾਰਤ ਜਾਂ ਹੋਰ ਦੇਸ਼ਾਂ ਵਿੱਚ ਚੰਗੀਆਂ ਨੌਕਰੀਆਂ ਹਾਸਲ ਕਰ ਸਕੀਏ। ਸੁਖਮਨੀ ਕੌਰ ਨੇ ਦੱਸਿਆ ਕਿ ਕੈਲਗਰੀ ਅਤੇ ਐਡਮਿੰਟਨ ਵਿੱਚ ਸੈਂਕੜੇ ਕੌਮਾਂਤਰੀ ਵਿਦਿਆਰਥੀਆਂ ਨੂੰ ਹੁਣ ਤੱਕ ਵਰਕ ਪਰਮਿਟ ਤੋਂ ਇਨਕਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿੱਚ ਜ਼ਿਆਦਾਤਰ ਵਿਦਿਆਰਥੀ ਭਾਰਤ, ਖ਼ਾਸ ਕਰਕੇ ਪੰਜਾਬ ਅਤੇ ਹਰਿਆਣਾ ਨਾਲ ਸਬੰਧਤ ਹਨ। ਇਸ ਕਾਲਜ ਵਿੱਚ ਪੜ੍ਹਨ ਵਾਲੇ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਦੀਆਂ ਅਰਜ਼ੀਆਂ ਵੀ ਰੱਦ ਹੋਈਆਂ ਹਨ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਸੁਖਮਨੀ ਕੌਰ ਮੁਤਾਬਕ ਇਸ ਸਾਲ ਜੁਲਾਈ ਮਹੀਨੇ ਤੋਂ ਬਾਅਦ ਵਰਕ ਪਰਮਿਟ ਲਈ ਦਿੱਤੀਆਂ ਅਰਜ਼ੀਆਂ ਰੱਦ ਹੋਣ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਇਹ ਲਗਾਤਾਰ ਵਧਦਾ ਜਾ ਰਿਹਾ ਹੈ। ਸੁਖਮਨੀ ਕੌਰ ਦਾ ਕਹਿਣਾ ਹੈ ਕਿ ਉਸ ਨੇ ਬਿਜ਼ਨਸ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਕੈਨੇਡਾ ਦਾ ਰੁਖ ਕੀਤਾ ਸੀ। ਉਸ ਨੇ ਦੋ ਸਾਲਾਂ ਦਾ ਕੋਰਸ ਦਸੰਬਰ 2025 ਵਿੱਚ ਪੂਰਾ ਕਰ ਲਿਆ ਸੀ ਅਤੇ ਉਸ ਨੂੰ ਵਰਕ ਪਰਮਿਟ ਮਿਲਣ ਦੀ ਉਡੀਕ ਸੀ, ਪਰ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਗਈ। ਸੁਖਮਨੀ ਕੌਰ ਦਾ ਦਾਅਵਾ ਹੈ ਕਿ ਪੜ੍ਹਾਈ ਦੌਰਾਨ ਉਸ ਨੇ ਕਾਲਜ ਦੇ ਤੈਅ ਪ੍ਰੋਗਰਾਮ ਮੁਤਾਬਕ ਕਲਾਸਾਂ ਲਗਾਈਆਂ, ਲੱਖਾਂ ਰੁਪਏ ਫ਼ੀਸਾਂ ਦੇ ਰੂਪ ਵਿੱਚ ਅਦਾ ਕੀਤੇ ਅਤੇ ਜਦੋਂ ਵਰਕ ਪਰਮਿਟ ਹਾਸਲ ਕਰਨ ਦਾ ਸਮਾਂ ਆਇਆ ਤਾਂ ਸਰਕਾਰ ਨੇ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ। ਉਸ ਮੁਤਾਬਕ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਇਸ ਮਾਮਲੇ ਸਬੰਧੀ ਕਾਲਜ ਪ੍ਰਬੰਧਕਾਂ ਨਾਲ ਵੀ ਗੱਲਬਾਤ ਕੀਤੀ ਹੈ, ਪਰ ਉਨ੍ਹਾਂ ਵੱਲੋਂ ਅਜੇ ਤੱਕ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਗਿਆ। ਸੁਖਮਨੀ ਕੌਰ ਵਾਂਗ ਹੀ ਪੰਜਾਬ ਦੇ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਇੰਦਰਜੀਤ ਸਿੰਘ ਦੀ ਕਹਾਣੀ ਵੀ ਹੈ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸ ਨੂੰ ਵੀ ਵਰਕ ਪਰਮਿਟ ਤੋਂ ਇਨਕਾਰ ਹੋ ਗਿਆ ਹੈ ਅਤੇ ਉਹ ਦਿਨ-ਰਾਤ ਧਰਨੇ ਵਾਲੀ ਥਾਂ 'ਤੇ ਆਪਣੀ ਆਵਾਜ਼ ਉਠਾ ਰਿਹਾ ਹੈ। ਗੱਲਬਾਤ ਕਰਦਿਆਂ ਇੰਦਰਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਸ ਨੇ 2023 ਵਿੱਚ ਕਾਲਜ ਵਿੱਚ ਦਾਖਲਾ ਲਿਆ ਸੀ, ਉਸ ਸਮੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਰਕ ਪਰਮਿਟ ਨਾ ਮਿਲਣ ਸਬੰਧੀ ਕੋਈ ਅਜਿਹੀ ਸ਼ਰਤ ਨਹੀਂ ਸੀ। ਉਸ ਨੇ ਦਾਖਲੇ ਸਮੇਂ ਲਾਗੂ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ, ਪਰ ਫਿਰ ਵੀ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਗਈ।






ਉਨ੍ਹਾਂ ਨੇ ਕਿਹਾ ਕਿ ਵਰਕ ਪਰਮਿਟ ਤੋਂ ਬਿਨਾਂ ਉਹ ਕੈਨੇਡਾ ਵਿੱਚ ਕੰਮ ਨਹੀਂ ਕਰ ਸਕਦੇ ਅਤੇ ਜਦੋਂ ਕੰਮ ਕਰਨ ਦਾ ਅਧਿਕਾਰ ਹੀ ਨਹੀਂ ਹੋਵੇਗਾ ਤਾਂ ਆਪਣੇ ਖਰਚੇ ਕਿਵੇਂ ਪੂਰੇ ਕਰਨਗੇ, ਇਹ ਸਮਝ ਤੋਂ ਬਾਹਰ ਹੈ। ਇੰਦਰਜੀਤ ਸਿੰਘ ਮੁਤਾਬਕ ਜਦੋਂ ਉਨ੍ਹਾਂ ਨੇ 2024 ਦੇ ਆਸ-ਪਾਸ ਕਾਲਜ ਵਿੱਚ ਦਾਖਲਾ ਲਿਆ ਸੀ ਤਾਂ ਕਾਲਜ ਅਧਿਕਾਰੀਆਂ ਅਤੇ ਏਜੰਟਾਂ ਵੱਲੋਂ ਉਸ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਕੋਰਸ ਪੂਰਾ ਕਰਨ ਤੋਂ ਬਾਅਦ ਉਹ ਵਰਕ ਪਰਮਿਟ ਲਈ ਯੋਗ ਹੋਵੇਗਾ, ਪਰ ਹੁਣ ਹਾਲਾਤ ਇਸ ਦੇ ਉਲਟ ਹਨ। 25 ਸਾਲਾ ਇੰਦਰਜੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੁੜ ਦਾਖਲਾ ਲੈਣ ਦੀ ਸਲਾਹ ਦਿੱਤੀ ਜਾ ਰਹੀ ਹੈ। ਜੇਕਰ ਉਹ ਅਜਿਹਾ ਕਰਦੇ ਹਨ ਤਾਂ ਉਨ੍ਹਾਂ ਨੂੰ ਸਾਰੀ ਪ੍ਰਕਿਰਿਆ ਮੁੜ ਸ਼ੁਰੂ ਤੋਂ ਕਰਨੀ ਪਵੇਗੀ ਅਤੇ ਇਸ ਲਈ ਫ਼ੀਸਾਂ ਦਾ ਪ੍ਰਬੰਧ ਕਰਨਾ ਵੀ ਵੱਡੀ ਚੁਣੌਤੀ ਹੈ। ਖੇਤੀਬਾੜੀ ਪਰਿਵਾਰ ਨਾਲ ਸਬੰਧਤ ਇੰਦਰਜੀਤ ਸਿੰਘ ਕਹਿੰਦਾ ਹੈ ਕਿ ਜੇਕਰ ਉਹ ਮੁੜ ਪੜ੍ਹਾਈ ਵੀ ਸ਼ੁਰੂ ਕਰ ਲੈਂਦਾ ਹੈ ਤਾਂ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਭਵਿੱਖ ਵਿੱਚ ਕੈਨੇਡਾ ਸਰਕਾਰ ਉਸ ਨੂੰ ਵਰਕ ਪਰਮਿਟ ਦੇ ਦੇਵੇਗੀ। ਇਸ ਕਾਰਨ ਸਥਿਤੀ ਬਹੁਤ ਮੁਸ਼ਕਲ ਬਣੀ ਹੋਈ ਹੈ।

**ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਨੇ ਕਿਸ ਆਧਾਰ 'ਤੇ ਰੱਦ ਕੀਤੀਆਂ ਅਰਜ਼ੀਆਂ ?**

ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਨੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਨਾਲ ਜੁੜੇ ਨਿਯਮਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਵਿਦਿਆਰਥੀਆਂ ਦੀਆਂ ਅਰਜ਼ੀਆਂ ਨੂੰ ਅਯੋਗ ਕਰਾਰ ਦਿੱਤਾ ਹੈ, ਜਿਨ੍ਹਾਂ ਨੇ ਨਾਨ-ਕ੍ਰੈਡਿਟ ਪ੍ਰੋਗਰਾਮ ਤਹਿਤ ਪੜ੍ਹਾਈ ਕੀਤੀ ਹੈ। ਕੈਨੇਡਾ ਦੇ ਸਿੱਖਿਆ ਨਿਯਮਾਂ ਮੁਤਾਬਕ ਡਿਗਰੀ ਅਤੇ ਡਿਪਲੋਮਾ ਵਰਗੇ ਕੋਰਸ ਕ੍ਰੈਡਿਟ ਕੋਰਸਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ, ਜਦਕਿ ਆਮ ਗਿਆਨ ਹਾਸਲ ਕਰਨ, ਨਵਾਂ ਹੁਨਰ ਸਿੱਖਣ ਜਾਂ ਮੌਜੂਦਾ ਹੁਨਰ ਨੂੰ ਹੋਰ ਬਿਹਤਰ ਬਣਾਉਣ ਲਈ ਕੀਤੇ ਜਾਣ ਵਾਲੇ ਕੋਰਸ ਨਾਨ-ਕ੍ਰੈਡਿਟ ਕੋਰਸ ਕਹੇ ਜਾਂਦੇ ਹਨ। ਇਸ ਦਾ ਮਤਲਬ ਹੈ ਕਿ ਜੇਕਰ ਕੋਈ ਵਿਦਿਆਰਥੀ ਨਾਨ-ਕ੍ਰੈਡਿਟ ਕੋਰਸ ਕਰਦਾ ਹੈ ਅਤੇ ਅੱਗੇ ਹੋਰ ਪੜ੍ਹਾਈ ਕਰਨਾ ਚਾਹੁੰਦਾ ਹੈ ਤਾਂ ਉਸ ਦੀ ਪਹਿਲਾਂ ਕੀਤੀ ਪੜ੍ਹਾਈ ਦਾ ਤਜਰਬਾ ਅਗਲੀ ਪੜ੍ਹਾਈ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਜਦਕਿ ਕ੍ਰੈਡਿਟ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਦੀ ਪਹਿਲਾਂ ਕੀਤੀ ਪੜ੍ਹਾਈ ਨੂੰ ਅਗਲੇ ਪੱਧਰ ਦੀ ਸਿੱਖਿਆ ਵਿੱਚ ਮਾਨਤਾ ਮਿਲ ਸਕਦੀ ਹੈ

**ਕੈਨੇਡਾ ਵਿੱਚ ਕਿਸ ਆਧਾਰ 'ਤੇ ਮਿਲਦਾ ਹੈ ਵਰਕ ਪਰਮਿਟ**

ਕੈਨੇਡਾ ਵਿੱਚ ਪੜ੍ਹਾਈ ਕਰਨ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਮਿਲਦਾ ਹੈ। ਇਸ ਦੀ ਮਿਆਦ ਵਿਦਿਆਰਥੀ ਵੱਲੋਂ ਕੀਤੇ ਗਏ ਕੋਰਸ ਦੀ ਲੰਬਾਈ ਦੇ ਆਧਾਰ 'ਤੇ ਨਿਰਧਾਰਤ ਹੁੰਦੀ ਹੈ। 8 ਮਹੀਨੇ ਤੋਂ ਵੱਧ ਅਤੇ 2 ਸਾਲ ਤੋਂ ਘੱਟ ਸਮੇਂ ਵਾਲੇ ਕੋਰਸ ਕਰਨ ਵਾਲੇ ਵਿਦਿਆਰਥੀਆਂ ਨੂੰ ਆਮ ਤੌਰ 'ਤੇ ਕੋਰਸ ਦੀ ਮਿਆਦ ਦੇ ਬਰਾਬਰ ਸਮੇਂ ਲਈ ਵਰਕ ਪਰਮਿਟ ਮਿਲਦਾ ਹੈ। ਉਦਾਹਰਨ ਵਜੋਂ, ਜੇਕਰ ਕਿਸੇ ਵਿਦਿਆਰਥੀ ਨੇ ਇੱਕ ਸਾਲ ਦਾ ਕੋਰਸ ਕੀਤਾ ਹੈ ਤਾਂ ਉਸ ਨੂੰ ਲਗਭਗ ਇੱਕ ਸਾਲ ਦਾ ਵਰਕ ਪਰਮਿਟ ਮਿਲ ਸਕਦਾ ਹੈ। ਜਿਹੜੇ ਵਿਦਿਆਰਥੀ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਦੀ ਪੜ੍ਹਾਈ ਪੂਰੀ ਕਰਦੇ ਹਨ, ਉਨ੍ਹਾਂ ਨੂੰ ਵੱਧ ਤੋਂ ਵੱਧ ਤਿੰਨ ਸਾਲ ਤੱਕ ਦਾ ਵਰਕ ਪਰਮਿਟ ਮਿਲ ਸਕਦਾ ਹੈ। 8 ਮਹੀਨੇ ਤੋਂ ਘੱਟ ਸਮੇਂ ਵਾਲੇ ਕੋਰਸ ਕਰਨ ਵਾਲੇ ਵਿਦਿਆਰਥੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਅਰਜ਼ੀ ਦੇਣ ਦੇ ਯੋਗ ਨਹੀਂ ਹੁੰਦੇ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਵਾਲਾ ਵਿਅਕਤੀ ਕੈਨੇਡਾ ਵਿੱਚ ਲਗਭਗ ਹਰ ਖੇਤਰ ਵਿੱਚ ਕੰਮ ਕਰ ਸਕਦਾ ਹੈ ਅਤੇ ਉਸ ਲਈ ਕਿਸੇ ਇੱਕ ਖ਼ਾਸ ਨੌਕਰੀਦਾਤੇ ਨਾਲ ਕੰਮ ਕਰਨ ਦੀ ਪਾਬੰਦੀ ਨਹੀਂ ਹੁੰਦੀ। ਦੂਜੇ ਪਾਸੇ, ਪੋਰਟੇਜ ਕਾਲਜ ਦੇ ਪ੍ਰਬੰਧਕਾਂ ਨੇ ਵੀ ਇਸ ਪੂਰੇ ਮਾਮਲੇ 'ਤੇ ਆਪਣਾ ਪੱਖ ਰੱਖਿਆ ਹੈ। ਕਾਲਜ ਦੀ ਵੈੱਬਸਾਈਟ 'ਤੇ 21 ਜੁਲਾਈ 2026 ਨੂੰ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ, ਕਾਲਜ ਦੇ ਨੁਮਾਇੰਦਿਆਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਹਨ। ਹਾਲਾਂਕਿ ਕਾਲਜ ਨੇ ਸਪਸ਼ਟ ਕੀਤਾ ਹੈ ਕਿ ਵਰਕ ਪਰਮਿਟ ਸਬੰਧੀ ਫ਼ੈਸਲੇ ਸਿਰਫ਼ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ (ਆਈਆਰਸੀਸੀ) ਵੱਲੋਂ ਲਏ ਜਾਂਦੇ ਹਨ ਅਤੇ ਇਸ ਪ੍ਰਕਿਰਿਆ ਵਿੱਚ ਕਾਲਜ ਦੀ ਕੋਈ ਭੂਮਿਕਾ ਨਹੀਂ ਹੈ। ਕਾਲਜ ਨੇ ਕਿਹਾ ਹੈ ਕਿ ਜਿਵੇਂ ਹੀ ਇਸ ਮਾਮਲੇ ਸਬੰਧੀ ਕੋਈ ਨਵੀਂ ਜਾਣਕਾਰੀ ਮਿਲੇਗੀ, ਉਸ ਨੂੰ ਆਪਣੀ ਵੈੱਬਸਾਈਟ 'ਤੇ ਸਾਂਝਾ ਕੀਤਾ ਜਾਵੇਗਾ ਅਤੇ ਵਿਦਿਆਰਥੀਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਵੀ ਜਾਰੀ ਰੱਖਿਆ ਜਾਵੇਗਾ। ਕਾਲਜ ਨੇ ਇਹ ਵੀ ਕਿਹਾ ਹੈ ਕਿ ਉਹ ਵਿਦਿਆਰਥੀਆਂ ਦੀਆਂ ਚਿੰਤਾਵਾਂ ਨੂੰ ਸਮਝਦਾ ਹੈ ਅਤੇ ਸਰਕਾਰ ਤੋਂ ਇਸ ਮਾਮਲੇ 'ਤੇ ਸਪਸ਼ਟਤਾ ਦੀ ਮੰਗ ਕਰ ਰਿਹਾ ਹੈ। ਪਰ ਕਾਨੂੰਨੀ ਸਲਾਹ ਤੋਂ ਬਾਅਦ ਕਾਲਜ ਨੇ ਇਮੀਗ੍ਰੇਸ਼ਨ ਲਈ ਕੋਈ ਵਿਸ਼ੇਸ਼ 'ਸਪੋਰਟ ਲੈਟਰ' ਜਾਰੀ ਕਰਨ ਤੋਂ ਅਸਮਰੱਥਾ ਜਤਾਈ ਹੈ ਅਤੇ ਵਿਦਿਆਰਥੀਆਂ ਨੂੰ ਕਾਨੂੰਨੀ ਅਤੇ ਇਮੀਗ੍ਰੇਸ਼ਨ ਮਾਹਰਾਂ ਤੋਂ ਸਲਾਹ ਲੈਣ ਦੀ ਅਪੀਲ ਕੀਤੀ ਹੈ।

## ਕੀ ਹੈ ਮਸਲਾ ?

ਕੈਨੇਡਾ ਦਾ ਅਲਬਰਟਾ ਸੂਬਾ ਪੱਛਮੀ ਕੈਨੇਡਾ ਦਾ ਇੱਕ ਪ੍ਰਮੁੱਖ ਖੇਤਰ ਹੈ, ਜੋ ਆਪਣੇ ਤੇਲ, ਕੁਦਰਤੀ ਗੈਸ ਅਤੇ ਖ਼ੂਬਸੂਰਤ ਪਹਾੜਾਂ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਪਰ ਅੱਜਕੱਲ੍ਹ ਅਲਬਰਟਾ ਦੇ ਕੈਲਗਰੀ ਅਤੇ ਐਡਮਿੰਟਨ ਸ਼ਹਿਰ ਕੌਮਾਂਤਰੀ ਵਿਦਿਆਰਥੀਆਂ ਦੇ ਧਰਨਿਆਂ ਕਾਰਨ ਚਰਚਾ ਵਿੱਚ ਹਨ। ਕੈਲਗਰੀ ਅਤੇ ਐਡਮਿੰਟਨ ਦੇ ਦੋ ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਪਿਛਲੇ ਕਰੀਬ 15 ਦਿਨਾਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ 'ਤੇ ਬੈਠੇ ਹਨ। ਕੈਲਗਰੀ ਦੇ 'ਪੋਰਟੇਜ ਕਾਲਜ' ਅਧੀਨ ਆਉਂਦੇ ਦੋ ਪ੍ਰਾਈਵੇਟ ਪਾਰਟਨਰਸ਼ਿਪ ਕਾਲਜਾਂ ਸੀਆਈਓਟੀ ਅਤੇ ਕੈਪਬੈੱਲ ਕਾਲਜ ਤੋਂ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀਆਂ ਵਰਕ ਪਰਮਿਟ ਦੀਆਂ ਅਰਜ਼ੀਆਂ ਨੂੰ ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਵੱਡੀ ਗਿਣਤੀ ਵਿੱਚ ਰੱਦ ਕੀਤਾ ਜਾ ਰਿਹਾ ਹੈ। ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਅਰਜ਼ੀਆਂ ਰੱਦ ਕਰਨ ਪਿੱਛੇ ਦਲੀਲ ਦਿੱਤੀ ਜਾ ਰਹੀ ਹੈ ਕਿ 'ਨਾਨ-ਕਰੈਡਿਟ' ਪ੍ਰੋਗਰਾਮ ਤਹਿਤ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਵਰਕ ਪਰਮਿਟ ਲਈ ਯੋਗ ਨਹੀਂ ਹਨ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਰਕ ਪਰਮਿਟ ਦੀ ਉਡੀਕ ਕਰ ਰਹੇ ਕੌਮਾਂਤਰੀ ਵਿਦਿਆਰਥੀਆਂ ਨੇ ਆਪਣੇ ਨਾਲ ਹੋਏ ਇਸ ਫ਼ੈਸਲੇ ਦੇ ਵਿਰੋਧ ਵਿੱਚ ਧਰਨਾ ਦੇਣਾ ਸ਼ੁਰੂ ਕਰ ਦਿੱਤਾ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਕੈਨੇਡਾ ਵਿੱਚ ਪੜ੍ਹਾਈ ਸ਼ੁਰੂ ਕੀਤੀ ਸੀ, ਉਸ ਸਮੇਂ ਨਿਯਮ ਕੁਝ ਹੋਰ ਸਨ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਅਤੇ ਲੱਖਾਂ ਰੁਪਏ ਫ਼ੀਸਾਂ ਭਰਨ ਦੇ ਬਾਵਜੂਦ ਜਦੋਂ ਵਰਕ ਪਰਮਿਟ ਲੈਣ ਦੀ ਵਾਰੀ ਆਈ ਤਾਂ ਉਨ੍ਹਾਂ ਨੂੰ ਇਸ ਤੋਂ ਇਨਕਾਰ ਕਰ ਦਿੱਤਾ ਗਿਆ, ਜੋ ਕਿ ਉਨ੍ਹਾਂ ਨਾਲ ਧੱਕਾ ਹੈ।

# Preetnama

ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 365

Website: www.preetnama.com Email preetnamausa@gmail.com

07 AUGUST TO 13 AUGUST, 2026




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 365 | Website: www.preetnama.com Email preetnamausa@gmail.com | 07 AUGUST TO 13 AUGUST, 2026


# ਸ਼ੇਖ਼ ਹਸੀਨਾ ਦੀ ਪ੍ਰੈੱਸ ਕਾਨਫਰੰਸ ਤੋਂ ਬਾਅਦ ਬੰਗਲਾਦੇਸ਼ ’ਚ ਭਾਰੀ ਗੁੱਸਾ, ਜਾਣੋ ਸ਼ੇਖ਼ ਹਸੀਨਾ ਨੇ ਕੀ ਕਿਹਾ ਸੀ



ਬੰਗਲਾਦੇਸ਼ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਭਾਰਤ ਵਿੱਚ ਸਿੱਧੇ ਮੀਡੀਆ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਦਿੱਤੇ ਜਾਣ ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਬੰਗਲਾਦੇਸ਼ ਸਰਕਾਰ ਨੇ ਕਿਹਾ, ਉਸ ਪ੍ਰੋਗਰਾਮ ਰਾਹੀਂ ਸ਼ੇਖ਼ ਹਸੀਨਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਬੰਗਲਾਦੇਸ਼ੀ ਰਾਜ ਅਤੇ ਦੇਸ਼ ਦੇ ਲੋਕਾਂ ਦਾ ਮਜ਼ਾਕ ਉਡਾਇਆ ਹੈ। ਇਸ ਵਰਚੁਅਲ ਪ੍ਰੈੱਸ ਕਾਨਫ਼ਰੰਸ ਵਿੱਚ ਬੰਗਲਾਦੇਸ਼ ਦੇ ਸਾਬਕਾ ਕ੍ਰਿਕਟ ਕਪਤਾਨ ਸ਼ਾਕਿਬ ਅਲ ਹਸਨ ਦੇ ਨਜ਼ਰ ਆਉਣ ਤੋਂ ਬਾਅਦ ਬੁੱਧਵਾਰ ਰਾਤ ਉਨ੍ਹਾਂ ਦੇ ਘਰ ’ਤੇ ਹਮਲਾ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਬੰਗਲਾਦੇਸ਼ ਅਵਾਮੀ ਲੀਗ ਨੇ ਐਕਸ ’ਤੇ ਬਿਆਨ ਜਾਰੀ ਕਰਕੇ ਕਿਹਾ, ÷ਬੰਗਲਾਦੇਸ਼ ਦੇ ਮਸ਼ਹੂਰ ਕ੍ਰਿਕਟ ਆਈਕਨ ਸ਼ਾਕਿਬ ਅਲ ਹਸਨ ਦੀ ਰਿਹਾਇਸ਼ ’ਤੇ ਪੈਟਰੋਲ ਬੰਬ ਨਾਲ ਇੱਕ ਭਿਆਨਕ ਹਮਲਾ ਕੀਤਾ ਗਿਆ। ਇਹ ਹਮਲਾ ਉਸ ਪ੍ਰੈੱਸ ਕਾਨ.ਫ਼ਰੰਸ ਤੋਂ ਕੁਝ ਘੰਟਿਆਂ ਬਾਅਦ ਹੋਇਆ ਜਿਸ ਵਿੱਚ ਵਿਸ਼ਵ ਪ੍ਰਸਿੱਧ ਸਟਾਰ ਕ੍ਰਿਕਟਰ ਨੇ ਸਨਮਾਨਿਤ ਪਾਰਟੀ ਪ੍ਰਧਾਨ ਸ਼ੇਖ਼ ਹਸੀਨਾ ਦੇ ਨਾਲ ਹਿੱਸਾ ਲਿਆ ਸੀ। ਅਵਾਮੀ ਲੀਗ ਦੇ ਬਿਆਨ ਵਿੱਚ ਕਿਹਾ ਗਿਆ ਹੈ, ÷ਪ੍ਰੈੱਸ ਕਾਨ.ਫ਼ਰੰਸ ਤੋਂ ਪਹਿਲਾਂ ਬੀਐਨਪੀ, ਇਸਲਾਮੀ ਜਮਾਤ ਅਤੇ ਐਨਸੀਪੀ ਨੇ ਜਨਤਕ ਤੌਰ ’ਤੇ ਕੌਮੀ ਮੀਡੀਆ ਸੰਸਥਾਵਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਜੇ ਉਨ੍ਹਾਂ ਨੇ ਪ੍ਰੈੱਸ ਕਾਨ.ਫ਼ਰੰਸ ਨਾਲ ਜੁੜੀਆਂ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ ਤਾਂ ਉਨ੍ਹਾਂ ਖ਼ ?ਲਾ.ਫ਼ ਨਿਆਂਪਾਲਿਕਾ ਦੀ ਵਰਤੋਂ ਕਰਕੇ ਮੁਕੱਦਮੇ ਦਰਜ ਕੀਤੇ ਜਾਣਗੇ।÷ਅਵਾਮੀ ਲੀਗ ਨੇ ਇਸ ਹਮਲੇ ਨੂੰ ਕਥਿਤ ਲੋਕਤੰਤਰ ਨਿਰਮਾਣ ਦੇ ਨਾਮ ’ਤੇ ਪਾਰਟੀ ਵਰਕਰਾਂ ਖ਼ ?ਲਾ.ਫ਼ ਚੱਲ ਰਹੀ ਕਥਿਤ ਨਸਲਕੁਸ਼ੀ ਮੁਹਿੰਮ ਦੀ ਇੱਕ ਹੋਰ ਉਦਾਹਰਨ ਦੱਸਿਆ ਹੈ ਅਤੇ ਇਸ ਨੂੰ ਫਾਸੀਵਾਦ ਕਰਾਰ ਦਿੱਤਾ ਹੈ। ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। 5 ਅਗਸਤ 2024 ਨੂੰ ਸੱਤਾ ਤੋਂ ਹਟਾਏ ਜਾਣ ਤੋਂ ਬਾਅਦ ਉਹ ਭਾਰਤ ਵਿੱਚ ਹਨ।

ਹਾਲਾਂਕਿ ਪਿਛਲੇ ਦੋ ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਉਨ੍ਹਾਂ ਨੇ ਵਰਚੁਅਲ ਮਾਧਿਅਮ ਰਾਹੀਂ ਸਿੱਧੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਹਨ। ਉਨ੍ਹਾਂ ਨੇ ਅਜਿਹੇ ਸਮੇਂ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਜਦੋਂ ਬੰਗਲਾਦੇਸ਼ ਵਿੱਚ 5 ਅਗਸਤ ਨੂੰ ਲੈ ਕੇ ਕਈ ਸਰਕਾਰੀ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ।

**ਬੰਗਲਾਦੇਸ਼ ਨੇ ਪ੍ਰਗਟਾਇਆ ਸਖ਼ਤ ਇਤਰਾਜ਼**

ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ, ਸਰਕਾਰ ਪਹਿਲਾਂ ਹੀ ਇਸ ਪ੍ਰੋਗਰਾਮ ਦੇ ਬੰਗਲਾਦੇਸ਼-ਭਾਰਤ ਦੁਵੱਲੇ ਸੰਬੰਧਾਂ ਦੇ ਪੁਨਰ-ਨਿਰਮਾਣ ’ਤੇ ਪੈਣ ਵਾਲੇ ਪ੍ਰਭਾਵ ਨੂੰ ਲੈ ਕੇ ਚਿੰਤਾ ਜਤਾ ਚੁੱਕੀ ਸੀ। ਇਸ ਦੇ ਬਾਵਜੂਦ ਢਾਕਾ ਅਜਿਹੇ ਜਨਤਕ ਪ੍ਰੋਗਰਾਮ ਦੀ ਇਜਾਜ਼ਤ ਦਿੱਤੇ ਜਾਣ ’ਤੇ ਅ.ਫ਼ਸੋਸ ਪ੍ਰਗਟ ਕਰਦਾ ਹੈ। ਬੁੱਧਵਾਰ ਸ਼ਾਮ ਸ਼ੇਖ਼ ਹਸੀਨਾ ਨੇ ਦਿੱਲੀ ਦੇ .ਫ਼ੌਰਨ ਕੌਰਸਪਾਂਡੈਂਟਸ ਕਲੱਬ ਆ.ਫ਼ ਸਾਊਥ ਏਸ਼ੀਆ ਵੱਲੋਂ ਆਯੋਜਿਤ ਪ੍ਰੈੱਸ ਕਾਨ.ਫ਼ਰੰਸ ਨੂੰ ਵਰਚੁਅਲੀ ਸੰਬੋਧਨ ਕੀਤਾ। ਉਨ੍ਹਾਂ ਨੇ ਇੱਕ ਵਾਰ ਫਿਰ ਐਲਾਨ ਕੀਤਾ ਕਿ ਉਹ ਬੰਗਲਾਦੇਸ਼ ਵਾਪਸ ਜਾਣਗੇ। ਉਨ੍ਹਾਂ ਕਿਹਾ ਕਿ ਉਹ ਦਸੰਬਰ ਤੱਕ ਵਾਪਸੀ ਕਰਨਗੇ, ਪਰ ਕੋਈ ਤੈਅ ਤਾਰੀਖ਼ ਨਹੀਂ ਦੱਸੀ। ਇਸ ਤੋਂ ਕੁਝ ਹੀ ਸਮੇਂ ਬਾਅਦ ਰਾਤ ਕਰੀਬ 11 ਵਜੇ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਦੇ ਫੇਸਬੁੱਕ ਪੇਜ ’ਤੇ ਇੱਕ ਬਿਆਨ ਜਾਰੀ ਕੀਤਾ ਗਿਆ। ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਬਿਆਨ ਵਿੱਚ ਕਿਹਾ, ÷ਭਾਰਤੀ ਧਰਤੀ ’ਤੇ ਸ਼ੇਖ਼ ਹਸੀਨਾ ਦੀ ਪ੍ਰੈੱਸ ਕਾਨ.ਫ਼ਰੰਸ ਉਸ ਦਿਨ ਹੋਈ ਜਦੋਂ ਬੰਗਲਾਦੇਸ਼ ਦੀ ਜਨਤਾ ਜੁਲਾਈ ਕ੍ਰਾਂਤੀ ਦੀ ਦੂਜੀ ਵਰ੍ਹੇਗੰਢ ਮਨਾ ਰਹੀ ਸੀ। ਇਹ ਬੰਗਲਾਦੇਸ਼ ਦੀ ਸੰਪ੍ਰਭੂਤਾ ’ਤੇ ਹਮਲਾ ਹੈ ਅਤੇ ਜੁਲਾਈ ਕ੍ਰਾਂਤੀ ਦੇ ਸ਼ਹੀਦਾਂ ਦਾ ਅਪਮਾਨ ਹੈ। ਬਿਆਨ ਵਿੱਚ ਅੱਗੇ ਕਿਹਾ ਗਿਆ, ÷ਇਸ ਦੇਸ਼ ਦੀ ਜਨਤਾ ਨੇ ਜੁਲਾਈ ਕ੍ਰਾਂਤੀ ਦੀ ਭਾਵਨਾ ਨੂੰ ਅਪਣਾਉਂਦੇ ਹੋਏ ਦ੍ਰਿੜ੍ਹ ਸੰਕਲਪ ਕੀਤਾ ਹੈ ਕਿ ਸਾਡਾ ਰਾਸ਼ਟਰ ਕਦੇ ਵੀ ਫਾਸੀਵਾਦ ਦੇ ਉਨ੍ਹਾਂ ਹਨੇਰੇ ਭਰੇ ਦਿਨਾਂ ਵਿੱਚ ਵਾਪਸ ਨਹੀਂ ਜਾਵੇਗਾ ਅਤੇ ਬੰਗਲਾਦੇਸ਼ ਕਦੇ ਕਿਸੇ ਦਾ ਵ.ਫ਼ਾਦਾਰ ਜਾਂ ਸਰਪ੍ਰਸਤ ਰਾਜ ਨਹੀਂ ਬਣੇਗਾ। ਨਸਲਕੁਸ਼ੀ ਦੀ ਦੋਸ਼ੀ (ਸ਼ੇਖ਼) ਹਸੀਨਾ ਅਤੇ ਉਨ੍ਹਾਂ ਦਾ ਮਾਫੀਆ ਗਿਰੋਹ ਹੁਣ ਕਦੇ ਵੀ ਬੰਗਲਾਦੇਸ਼ ਦੀ ਰਾਜਨੀਤੀ ਵਿੱਚ ਥਾਂ ਨਹੀਂ ਪਾਵੇਗਾ। ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਕਿਹਾ, ÷ਬੰਗਲਾਦੇਸ਼ ਸੰਪ੍ਰਭੂ ਸਮਾਨਤਾ, ਆਪਸੀ ਸਨਮਾਨ, ਇੱਕ-ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਨਾ ਕਰਨ ਅਤੇ ਰਾਸ਼ਟਰੀ ਮਾਣ-ਸਨਮਾਨ ਦੇ ਆਧਾਰ ’ਤੇ ਭਾਰਤ ਨਾਲ ਰਚਨਾਤਮਕ, ਆਪਸੀ ਤੌਰ ’ਤੇ ਲਾਭਦਾਇਕ ਅਤੇ ਭਵਿੱਖ ਵੱਲ ਦੇਖਣ ਵਾਲੇ ਸੰਬੰਧ ਬਣਾਈ ਰੱਖਣਾ ਚਾਹੁੰਦਾ ਹੈ।÷ ਬਿਆਨ ਵਿੱਚ ਸ਼ੇਖ਼ ਹਸੀਨਾ ਦੀ ਹਵਾਲਗੀ ਸਬੰਧੀ ਵੀ ਨਿਰਾਸ਼ਾ ਪ੍ਰਗਟ ਕੀਤੀ ਗਈ ਹੈ।



ਇਸ ਵਿੱਚ ਕਿਹਾ ਗਿਆ ਹੈ, ÷ਅ.ਫ਼ਸੋਸ ਦੀ ਗੱਲ ਹੈ ਕਿ ਬੰਗਲਾਦੇਸ਼ ਅਤੇ ਭਾਰਤ ਦਰਮਿਆਨ 2013 ਵਿੱਚ ਹੋਈ ਹਵਾਲਗੀ ਸੰਧੀ ਤਹਿਤ ਦੋਸ਼ੀ ਅਪਰਾਧੀ (ਸ਼ੇਖ਼) ਹਸੀਨਾ ਨੂੰ ਵਾਪਸ ਭੇਜਣ ਲਈ ਬੰਗਲਾਦੇਸ਼ ਵੱਲੋਂ ਵਾਰ-ਵਾਰ ਕੀਤੀਆਂ ਗਈਆਂ ਬੇਨਤੀਆਂ ’ਤੇ ਭਾਰਤ ਸਰਕਾਰ ਵੱਲੋਂ ਹੁਣ ਤੱਕ ਕੋਈ ਜਵਾਬ ਨਹੀਂ ਮਿਲਿਆ ਹੈ। ਇਸ ਦੇ ਉਲਟ, ਕਿਸੇ ਵੀ ਬਹਾਨੇ ਨਾਲ ਉਨ੍ਹਾਂ ਨੂੰ ਜਨਤਕ ਤੌਰ ’ਤੇ ਮੀਡੀਆ ਨਾਲ ਗੱਲਬਾਤ ਕਰਨ ਦਾ ਮੌਕਾ ਦੇਣਾ ਇਸ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ ਅਤੇ ਬੰਗਲਾਦੇਸ਼ ਤੇ ਭਾਰਤ ਦਰਮਿਆਨ ਮਜ਼ਬੂਤ ਦੁਵੱਲੇ ਸੰਬੰਧਾਂ ਦੇ ਨਿਰਮਾਣ ਲਈ ਬੇਹੱਦ ਨੁਕਸਾਨਦੇਹ ਹੈ। ਇਸ ਤੋਂ ਪਹਿਲਾਂ ਪਿਛਲੇ ਮੰਗਲਵਾਰ ਨੂੰ ਪੱਤਰਕਾਰਾਂ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਤੋਂ ਇਸ ਪ੍ਰੈੱਸ ਕਾਨ.ਫ਼ਰੰਸ ਬਾਰੇ ਪ੍ਰਤੀਕਿਰਿਆ ਮੰਗੀ ਸੀ। ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਬੁੱਧਵਾਰ ਨੂੰ ਹੋਣ ਵਾਲੀ ਸ਼ੇਖ਼ ਹਸੀਨਾ ਦੀ ਪ੍ਰੈੱਸ ਕਾਨ.ਫ਼ਰੰਸ ਬਾਰੇ ਭਾਰਤ ਦਾ ਕੀ ਰੁਖ਼ ਹੈ, ਜਿਸ ਨੂੰ ਲੈ ਕੇ ਬੰਗਲਾਦੇਸ਼ ਪਹਿਲਾਂ ਹੀ ਚਿੰਤਾ ਜਤਾ ਚੁੱਕਾ ਹੈ।

ਜਵਾਬ ਵਿੱਚ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ, ÷ਉਸ ਪ੍ਰੋਗਰਾਮ ਦਾ ਆਯੋਜਨ ਇੱਕ ਨਿੱਜੀ ਸੰਸਥਾ ਕਰ ਰਹੀ ਹੈ। ਭਾਰਤ ਸਰਕਾਰ ਦਾ ਉਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉੱਥੇ ਪ੍ਰਗਟ ਕੀਤੇ ਗਏ ਕਿਸੇ ਵੀ ਵਿਚਾਰ ਜਾਂ ਬਿਆਨ ਦਾ ਭਾਰਤ ਸਰਕਾਰ ਸਮਰਥਨ ਨਹੀਂ ਕਰਦੀ ਅਤੇ ਸਾਡਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ। ਇਸ ਤੋਂ ਇੱਕ ਦਿਨ ਪਹਿਲਾਂ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਦੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਹੁਮਾਯੂੰ ਕਬੀਰ ਨੇ ਭਾਰਤ ਦੇ ਨਵੇਂ ਨਿਯੁਕਤ ਹੋਏ ਹਾਈ ਕਮਿਸ਼ਨਰ ਦਿਨੇਸ਼ ਤ੍ਰਿਵੇਦੀ ਨਾਲ ਵੀ ਇਸ ਬਾਰੇ ਗੱਲ ਕੀਤੀ ਸੀ ਅਤੇ ਭਾਰਤ ਤੋਂ ਸਹਿਯੋਗ ਮੰਗਿਆ ਸੀ।

ਉਨ੍ਹਾਂ ਨੇ ਕਿਹਾ ਸੀ, ਬੰਗਲਾਦੇਸ਼ ਨੂੰ ਉਮੀਦ ਹੈ ਕਿ ਭਾਰਤ ਇਹ ਯਕੀਨੀ ਬਣਾਉਣ ਵਿੱਚ ਸਹਿਯੋਗ ਕਰੇਗਾ ਕਿ ਅਹੁਦੇ ਤੋਂ ਹਟਾਈ ਗਈ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਸਮੇਤ ਪਾਬੰਦੀਸ਼ੁਦਾ ਅਵਾਮੀ ਲੀਗ ਨਾਲ ਜੁੜਿਆ ਕੋਈ ਵੀ ਵਿਅਕਤੀ ਸਿਆਸੀ ਬਿਆਨ ਦੇਣ ਜਾਂ ਬੰਗਲਾਦੇਸ਼ ਦੇ ਅੰਦਰ ਅਸਥਿਰਤਾ ਪੈਦਾ ਕਰਨ ਵਾਲੀ ਕਿਸੇ ਵੀ ਗਤੀਵਿਧੀ ਲਈ ਭਾਰਤ ਦੀ ਧਰਤੀ ਦੀ ਵਰਤੋਂ ਨਹੀਂ ਕਰੇਗਾ। ਉਨ੍ਹਾਂ ਦਾ ਕਹਿਣਾ ਸੀ, ÷ਮਨੁੱਖਤਾ ਵਿਰੁੱਧ ਅਪਰਾਧਾਂ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਪਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦਿੱਲੀ ਤੋਂ ਕੋਈ ਸਿਆਸੀ ਬਿਆਨ ਨਾ ਦੇਣ ਅਤੇ ਨਾ ਹੀ ਕੋਈ ਸਿਆਸੀ ਗਤੀਵਿਧੀ ਚਲਾਉਣ।

## ਬੰਗਲਾਦੇਸ਼ ਵਿੱਚ ਹਸੀਨਾ ਦੀ ਖ਼ਬਰ ’ਤੇ ਪਾਬੰਦੀ

ਇੱਕ ਰਿਪੋਰਟ ਮੁਤਾਬਕ ਪ੍ਰੈੱਸ ਕਾਨ.ਫ਼ਰੰਸ ਬਾਰੇ ਅਵਾਮੀ ਲੀਗ ਦੇ ਐਲਾਨ ਤੋਂ ਬਾਅਦ ਬੰਗਲਾਦੇਸ਼ ਸਰਕਾਰ ਨੇ ਅਦਾਲਤੀ ਪਾਬੰਦੀ ਦਾ ਹਵਾਲਾ ਦਿੰਦਿਆਂ ਮੀਡੀਆ ਨੂੰ ਉਨ੍ਹਾਂ ਦੇ ਬਿਆਨਾਂ ਦੀ ਰਿਪੋਰਟਿੰਗ ਨਾ ਕਰਨ ਦੀ ਚੇਤਾਵਨੀ ਦਿੱਤੀ ਸੀ। ਬੰਗਲਾਦੇਸ਼ ਸਰਕਾਰ ਦੇ ਪ੍ਰਧਾਨ ਮੰਤਰੀ ਦੇ ਸੂਚਨਾ ਅਤੇ ਪ੍ਰਸਾਰਣ ਸਲਾਹਕਾਰ ਡਾ. ਜ਼ਾਹੇਦ ਉਰ ਰਹਮਾਨ ਨੇ ਇਸ ਦੀ ਜਾਣਕਾਰੀ ਦਿੱਤੀ ਸੀ। ਢਾਕਾ ਵਿੱਚ ਅੰਤਰਰਾਸ਼ਟਰੀ ਅਪਰਾਧ ਨਿਆਂ ਅਧਿਕਰਣ ਦੇ ਮੁੱਖ ਸਰਕਾਰੀ ਵਕੀਲ ਮੁਹੰਮਦ ਅਮੀਨੁਲ ਇਸਲਾਮ ਨੇ ਕਿਹਾ ਸੀ ਕਿ ਅਧਿਕਰਣ ਨੇ ਸ਼ੇਖ਼ ਹਸੀਨਾ ਦੇ ÷ਨ.ਫ਼ਰਤ ਫੈਲਾਉਣ ਵਾਲੇ÷ ਬਿਆਨਾਂ ਦੇ ਪ੍ਰਸਾਰਣ ’ਤੇ ਰੋਕ ਲਗਾ ਦਿੱਤੀ ਹੈ ਅਤੇ ਇਹ ਪਾਬੰਦੀ ਮੀਡੀਆ ਅਤੇ ਸੋਸ਼ਲ ਮੀਡੀਆ ਸਮੇਤ ਸਭ ’ਤੇ ਲਾਗੂ ਹੋਵੇਗੀ। ਅੰਤਰਿਮ ਸਰਕਾਰ ਦੇ ਦੌਰਾਨ ਸ਼ੇਖ਼ ਹਸੀਨਾ ਦੀ ਅਵਾਮੀ ਲੀਗ ਪਾਰਟੀ ’ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਚੋਣ ਕਮਿਸ਼ਨ ਨੇ ਪਾਰਟੀ ਦੀ ਰਜਿਸਟ ?ਰੇਸ਼ਨ ਮੁਅੱਤਲ ਕਰ ਦਿੱਤੀ ਸੀ ਅਤੇ ਇਸ ਸਾਲ ਹੋਈਆਂ ਸੰਸਦੀ ਚੋਣਾਂ ਵਿੱਚ ਪਾਰਟੀ ਹਿੱਸਾ ਨਹੀਂ ਲੈ ਸਕੀ। 5 ਦਸੰਬਰ 2024 ਨੂੰ ਅੰਤਰਰਾਸ਼ਟਰੀ ਅਪਰਾਧ ਨਿਆਂ ਅਧਿਕਰਣ ਨੇ ਮੀਡੀਆ ਅਤੇ ਸੋਸ਼ਲ ਮੀਡੀਆ ’ਤੇ ਸ਼ੇਖ਼ ਹਸੀਨਾ ਦੇ ÷ਨ.ਫ਼ਰਤੀ ਭਾਸ਼ਣਾਂ÷ ਦੇ ਪ੍ਰਸਾਰਣ ’ਤੇ ਰੋਕ ਲਗਾ ਦਿੱਤੀ ਸੀ। ਡਾ. ਜ਼ਾਹੇਦ ਉਰ ਰਹਮਾਨ ਨੇ ਮੰਗਲਵਾਰ ਨੂੰ ਸਕੱਤਰੇਤ ਵਿੱਚ ਆਯੋਜਿਤ ਪ੍ਰੈੱਸ ਕਾਨ.ਫ਼ਰੰਸ ਵਿੱਚ ਕਿਹਾ ਕਿ ਬੰਗਲਾਦੇਸ਼ ਸਰਕਾਰ ਮੀਡੀਆ ਨੂੰ ਸ਼ੇਖ਼ ਹਸੀਨਾ ਦੇ ਬਿਆਨ ਨਾਲ ਸਬੰਧਤ ਖ਼ਬਰਾਂ ਪ੍ਰਸਾਰਿਤ ਨਾ ਕਰਨ ਦੀ ਚੇਤਾਵਨੀ ਦਿੰਦੀ ਹੈ। ਉਨ੍ਹਾਂ ਕਿਹਾ, ÷ਉਹ ਫਿਰ ਬੋਲਣਗੇ। ਜੇ ਕਿਸੇ ਨੇ ਇਹ ਖ਼ਬਰ ਦਿੱਤੀ ਹੈ ਕਿ ਉਹ ਕੱਲ੍ਹ ਬੋਲਣਗੇ, ਜੇ ਕੋਈ ਇਸ ਦੀ ਪਹਿਲਾਂ ਹੀ ਘੋਸ਼ਣਾ ਕਰਦਾ ਹੈ ਜਾਂ ਉਸ ਨੂੰ ਪ੍ਰਕਾਸ਼ਿਤ ਕਰਦਾ ਹੈ, ਤਾਂ ਇਹ ਨਿਸ਼ਚਿਤ ਤੌਰ ’ਤੇ ਅਦਾਲਤ ਦੇ ਹੁਕਮ ਦੀ ਉਲੰਘਣਾ ਹੋਵੇਗੀ। ਇਸ ਸਬੰਧ ਵਿੱਚ ਅਸੀਂ ਕਾਰਵਾਈ ਕਰਾਂਗੇ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 365
Website: www.preetnama.com Email preetnamausa@gmail.com
07 AUGUST TO 13 AUGUST, 2026

# ਪੀਐੱਮ ਮੋਦੀ ਦੇ ਵੀਡੀਓ ਵਿਵਾਦ ਦਰਮਿਆਨ ਜ਼ਕਰਬਰਗ ਨੇ ਜਿਨਸੀ ਸ਼ੋਸ਼ਣ ਨਾਲ ਜੁੜੇ ਇਸ਼ਤਿਹਾਰਾਂ ਲਈ ਮਾਫ਼ੀ ਮੰਗੀ, ਪੂਰਾ ਮਾਮਲਾ ਜਾਣੋ



ਮਾਰਕ ਜ਼ਕਰਬਰਗ ਨੇ ਸੀਐੱਸਏਐੱਮ ਕੰਟੈਂਟ, ਡੀਪਫੇਕ ਕੰਟੈਂਟ ਅਤੇ ਪਲੇਟਫਾਰਮ ਚਲਾਉਣ ਵਿੱਚ ਹੋਈਆਂ 'ਗਲਤੀਆਂ' ਲਈ ਭਾਰਤ ਸਰਕਾਰ ਤੋਂ ਮਾਫ਼ੀ ਮੰਗੀ ਹੈ। ਮਾਰਕ ਜ਼ਕਰਬਰਗ ਦੀ ਮਾਫ਼ੀ ਅਜਿਹੇ ਸਮੇਂ ਆਈ ਹੈ, ਜਦੋਂ ਸੂਚਨਾ ਤਕਨਾਲੋਜੀ ਨਾਲ ਸਬੰਧਤ ਸੰਸਦੀ ਸਥਾਈ ਕਮੇਟੀ ਨੇ ਇੰਸਟਾਗ੍ਰਾਮ ਅਤੇ ਫੇਸਬੁੱਕ ਤੋਂ ਪੀਐੱਮ ਮੋਦੀ ਦਾ ਇੱਕ ਵੀਡੀਓ ਕੁਝ ਸਮੇਂ ਲਈ ਹਟਾਏ ਜਾਣ ਲਈ ਮਾਫ਼ੀ ਮੰਗਣ ਦੀ ਮੰਗ ਕੀਤੀ ਸੀ। ਬੀਤੇ ਮਹੀਨੇ ਬੀਬੀਸੀ-ਆਈ ਦੀ ਇੱਕ ਜਾਂਚ ਵਿੱਚ ਪਾਇਆ ਗਿਆ ਸੀ ਕਿ ਮੈਟਾ ਦੀ ਮਲਕੀਅਤ ਵਾਲਾ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਭਾਰਤ ਵਿੱਚ ਪੈਸੇ ਲੈ ਕੇ ਅਜਿਹੇ ਇਸ਼ਤਿਹਾਰ ਚਲਾ ਰਿਹਾ ਸੀ, ਜਿਨ੍ਹਾਂ ਰਾਹੀਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਜੁੜੀ ਸਮੱਗਰੀ (ਸੀਐੱਸਏਐੱਮ) ਦਾ ਪ੍ਰਸਾਰ ਹੋ ਰਿਹਾ ਸੀ।ਇਸ ਰਿਪੋਰਟ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਇਲੈਕਟ ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਿਨੀ ਵੈਸ਼ਣਵ ਨੇ ਅਧਿਕਾਰੀਆਂ ਨੂੰ ਮੈਟਾ ਤੋਂ ਸਪੱਸ਼ਟੀਕਰਨ ਮੰਗਣ ਅਤੇ ਉਸ ਨੂੰ ਤਲਬ ਕਰਨ ਦੇ ਨਿਰਦੇਸ਼ ਦਿੱਤੇ ਸਨ।

ਸੂਤਰਾਂ ਮੁਤਾਬਕ, ਮਾਰਕ ਜ਼ਕਰਬਰਗ ਨੇ ਮੰਨਿਆ ਹੈ ਕਿ ਕੁਝ ਖਾਸ ਕਿਸਮ ਦੀ ਸਮੱਗਰੀ ਨੂੰ ਬੂਸਟ ਕਰਨ ਲਈ ਬਹੁਤ ਸਾਰਾ ਪੈਸਾ ਦਿੱਤਾ ਗਿਆ ਸੀ। ਉਨ੍ਹਾਂ ਨੇ ਮਾਫ਼ੀ ਮੰਗੀ ਅਤੇ ਗ਼ਲਤੀ 'ਤੇ ਅਫ਼ਸੋਸ ਜਤਾਇਆ। ਮੈਟਾ ਨੇ ਇਹ ਗਲਤੀ ਮੰਨੀ ਕਿ ਬਹੁਤ ਸਾਰੀ ਗ਼ੈਰ-ਕਾਨੂੰਨੀ ਸਮੱਗਰੀ ਨੂੰ ਪ੍ਰਮੋਟ ਕੀਤਾ ਗਿਆ ਸੀ ਅਤੇ ਖ਼ਾਸ ਦਰਸ਼ਕਾਂ ਲਈ ਪੇਡ ਪ੍ਰਮੋਸ਼ਨ ਕੀਤਾ ਗਿਆ ਸੀ।

**ਮੈਟਾ 'ਤੇ ਕੀ ਹਨ ਇਲਜ਼ਾਮ**

ਜੰਤਰ-ਮੰਤਰ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਦੌਰਾਨ 23 ਜੁਲਾਈ ਨੂੰ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪੀਐੱਮ ਮੋਦੀ ਦਾ ਵੀਡੀਓ ਮੈਟਾ ਦੀ ਮਲਕੀਅਤ ਵਾਲੇ ਫੇਸਬੁੱਕ ਅਤੇ ਇੰਸਟਾਗ੍ਰਾਮ ਤੋਂ ਕੁਝ ਸਮੇਂ ਲਈ ਹਟਾ ਦਿੱਤਾ ਗਿਆ ਸੀ, ਪਰ ਬਾਅਦ ਵਿੱਚ ਇਸ ਨੂੰ ਮੁੜ ਬਹਾਲ ਕਰ ਦਿੱਤਾ ਗਿਆ। ਐੱਨਡੀਟੀਵੀ ਮੁਤਾਬਕ, ਇਸ ਘਟਨਾ ਲਈ ਤਕਨੀਕੀ ਖ਼ਰਾਬੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਹਾਲਾਂਕਿ, ਇਲੈਕਟ ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਇਸ ਸਪੱਸ਼ਟੀਕਰਨ ਨੂੰ ਨਾਕਾਫ਼ੀ ਦੱਸਿਆ ਸੀ। ਕੰਪਨੀ ਨੇ ਕਿਹਾ ਸੀ ਕਿ ਸਮੱਗਰੀ ÷ਗਲਤੀ ਨਾਲ÷ ਹਟ ਗਈ ਸੀ ਅਤੇ ਬਾਅਦ ਵਿੱਚ ਇਸ ਨੂੰ ਪਲੇਟਫਾਰਮ 'ਤੇ ਮੁੜ ਉਪਲਬਧ ਕਰਵਾ ਦਿੱਤਾ ਗਿਆ। ਭਾਜਪਾ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਦੀ ਅਗਵਾਈ ਵਾਲੀ ਸੂਚਨਾ ਤਕਨਾਲੋਜੀ ਨਾਲ ਸਬੰਧਤ ਸੰਸਦੀ ਸਥਾਈ ਕਮੇਟੀ ਨੇ ਉਨ੍ਹਾਂ ਵਿਚੋਲਗੀ (ਇੰਟਰਮੀਡੀਅਰੀ) ਪਲੇਟਫਾਰਮਾਂ ਖ਼ ?ਲਾਫ਼ ਵੀ ਕਾਰਵਾਈ ਦੀ ਮੰਗ ਕੀਤੀ, ਜਿਨ੍ਹਾਂ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਜੁੜੀ ਸਮੱਗਰੀ (ਸੀਐੱਸਏਐੱਮ) ਅਤੇ ਔਰਤਾਂ ਦਾ ਅਪਮਾਨ ਕਰਨ ਵਾਲੀ ਸਮੱਗਰੀ ਮੌਜੂਦ ਹੁੰਦੀ ਹੈ। ਹਿੰਦੁਸਤਾਨ ਟਾਈਮਜ਼ ਨੇ 4 ਅਗਸਤ ਨੂੰ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਸੰਸਦ ਦੀ ਸੰਚਾਰ ਅਤੇ ਸੂਚਨਾ ਤਕਨਾਲੋਜੀ ਨਾਲ ਸਬੰਧਤ ਸਥਾਈ ਕਮੇਟੀ ਦੇ ਚੇਅਰਮੈਨ ਨਿਸ਼ੀਕਾਂਤ ਦੂਬੇ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਮੈਟਾ ਨੇ ਨਿਰਦੇਸ਼ਾਂ ਦੀ ਪਾਲਣਾ ਨਾ ਕੀਤੀ ਤਾਂ ਭਾਰਤ ਦੇ ਸੂਚਨਾ ਤਕਨਾਲੋਜੀ ਕਾਨੂੰਨ ਦੀ ਧਾਰਾ 79 ਤਹਿਤ ਉਸ ਨੂੰ ਮਿਲਣ ਵਾਲਾ 'ਸੇਫ਼ ਹਾਰਬਰ' ਸੁਰੱਖਿਆ ਪ੍ਰਬੰਧ ਖ਼ਤਮ ਕੀਤਾ ਜਾ ਸਕਦਾ ਹੈ। 'ਸੇਫ਼ ਹਾਰਬਰ' ਪ੍ਰਬੰਧ ਤਹਿਤ ਆਨਲਾਈਨ ਪਲੇਟਫਾਰਮਾਂ ਅਤੇ ਇੰਟਰਨੈੱਟ ਸੇਵਾ ਪ੍ਰਦਾਤਾਵਾਂ ਨੂੰ ਉਨ੍ਹਾਂ ਦੇ ਮੰਚ 'ਤੇ ਮੌਜੂਦ ਤੀਜੀ ਧਿਰ ਦੀ ਸਮੱਗਰੀ ਲਈ ਕਾਨੂੰਨੀ ਜ਼ਿੰਮੇਵਾਰੀ ਤੋਂ ਸੁਰੱਖਿਆ ਮਿਲਦੀ ਹੈ, ਬਸ਼ਰਤੇ ਉਹ ਲੋੜੀਂਦੀ ਸਾਵਧਾਨੀ ਵਰਤਣ। ਗੂਗਲ, ਮੈਟਾ ਅਤੇ ਯੂਟਿਊਬ ਸਮੇਤ ਪ੍ਰਮੁੱਖ ਤਕਨਾਲੋਜੀ ਕੰਪਨੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੂਬੇ ਨੇ ਪੀਐੱਮ ਮੋਦੀ ਦਾ ਵੀਡੀਓ ਹਟਾਏ ਜਾਣ ਨੂੰ ÷ਗੰਭੀਰ ਮਾਮਲਾ÷ ਦੱਸਿਆ। ਰਿਪੋਰਟ ਮੁਤਾਬਕ, ਉਨ੍ਹਾਂ ਨੇ ਇਹ ਵੀ ਸੰਕੇਤ ਦਿੱਤਾ ਕਿ ਇਹ ਮੈਟਾ ਦੀ ਸਮੱਗਰੀ ਪ੍ਰਬੰਧਨ ਨੀਤੀ ਵਿੱਚ ਇੱਕ ਵਿਆਪਕ ਰੁਝਾਨ ਨੂੰ ਦਰਸਾਉਂਦਾ ਹੈ। ਇਸ ਤੋਂ ਪਹਿਲਾਂ ਇਲੈਕਟ ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਇਸ ਘਟਨਾ ਬਾਰੇ ਸਪੱਸ਼ਟੀਕਰਨ ਦੇਣ ਲਈ ਮੈਟਾ ਦੀ ਗਲੋਬਲ ਨੀਤੀ ਟੀਮ ਦੇ ਸੀਨੀਅਰ ਅਧਿਕਾਰੀਆਂ ਨੂੰ ਤਲਬ ਕੀਤਾ ਸੀ।

## ਮੈਟਾ ਅਧਿਕਾਰੀਆਂ ਨੇ ਕੀਤੀ ਸੀ ਸੀਨੀਅਰ ਅਧਿਕਾਰੀ ਨਾਲ ਮੁਲਾਕਾਤ




ਉੱਥੇ ਹੀ ਦੂਜੇ ਪਾਸੇ, ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀਡੀਓ ਹਟਾਏ ਜਾਣ ਦੇ ਮਾਮਲੇ ਵਿੱਚ ਮੈਟਾ ਦੇ ਮੁੱਖ ਗਲੋਬਲ ਮਾਮਲਿਆਂ ਦੇ ਅਧਿਕਾਰੀ ਜੋਏਲ ਕਪਲਾਨ ਦੀ ਅਗਵਾਈ ਹੇਠ ਕੰਪਨੀ ਦੇ ਇੱਕ ਉੱਚ ਪੱਧਰੀ ਵਫ਼ਦ ਨੇ ਨਵੀਂ ਦਿੱਲੀ ਵਿੱਚ ਇਲੈਕਟ ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਸਕੱਤਰ ਐੱਸ. ਕ੍ਰਿਸ਼ਨਨ ਨਾਲ ਮੁਲਾਕਾਤ ਕੀਤੀ ਸੀ। ਇਹ ਮੀਟਿੰਗ ਅਜਿਹੇ ਸਮੇਂ ਹੋਈ, ਜਦੋਂ ਸੰਸਦ ਦੀ ਸੰਚਾਰ ਅਤੇ ਸੂਚਨਾ ਤਕਨਾਲੋਜੀ ਨਾਲ ਸਬੰਧਤ ਸਥਾਈ ਕਮੇਟੀ ਨੇ ਬੁੱਧਵਾਰ ਨੂੰ ਮੈਟਾ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਮਾਰਕ ਜ਼ਕਰਬਰਗ ਤੋਂ ਪੀਐੱਮ ਮੋਦੀ ਦਾ ਵੀਡੀਓ ਫੇਸਬੁੱਕ ਤੋਂ ਹਟਾਏ ਜਾਣ ਦੇ ਮਾਮਲੇ ਵਿੱਚ ਬਿਨਾਂ ਸ਼ਰਤ ਮਾਫ਼ੀ ਮੰਗਣ ਦੀ ਮੰਗ ਕੀਤੀ ਸੀ।ਏਐੱਨਆਈ ਮੁਤਾਬਕ, ਲਗਭਗ 45 ਮਿੰਟ ਤੱਕ ਚੱਲੀ ਇਸ ਮੀਟਿੰਗ ਵਿੱਚ ਮੈਟਾ ਦੇ ਅਧਿਕਾਰੀਆਂ ਨੇ ਪੀਐੱਮ ਮੋਦੀ ਦਾ ਵੀਡੀਓ ਗ਼ਲਤੀ ਨਾਲ ਹਟਾਏ ਜਾਣ ਦੇ ਕਾਰਨਾਂ ਬਾਰੇ ਜਾਣਕਾਰੀ ਦਿੱਤੀ। ਮੈਟਾ ਦੇ ਅਧਿਕਾਰੀਆਂ ਦੀ ਕੇਂਦਰੀ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਿਨੀ ਵੈਸ਼ਣਵ ਨਾਲ ਵੀ ਮੁਲਾਕਾਤ ਹੋਣ ਦੀ ਸੰਭਾਵਨਾ ਹੈ। ਕਮੇਟੀ ਨੇ ਚੇਤਾਵਨੀ ਦਿੱਤੀ ਸੀ ਕਿ ਜੇ ਇਸ ਤਰ੍ਹਾਂ ਦੀਆਂ ਘਟਨਾਵਾਂ ਦੁਬਾਰਾ ਵਾਪਰਦੀਆਂ ਹਨ ਤਾਂ ਭਾਰਤ ਵਿੱਚ ਮੈਟਾ ਨੂੰ ਮਿਲਣ ਵਾਲੀ ਕਾਨੂੰਨੀ ਸੁਰੱਖਿਆ ਵੀ ਪ੍ਰਭਾਵਿਤ ਹੋ ਸਕਦੀ ਹੈ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 365 | Website: www.preetnama.com Email preetnamausa@gmail.com | 07 AUGUST TO 13 AUGUST, 2026


# ਸੀਜੇਪੀ ਪ੍ਰਦਰਸ਼ਨ: ਇਸ ਕੁੜੀ ਨੂੰ ਮਿਲ ਰਹੀਆਂ ਹਨ ਧਮਕੀਆਂ, ਪੂਰੇ ਪਰਿਵਾਰ ਨੇ ਘਰ ਛੱਡਿਆ, ਕਿਵੇਂ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ



ਰਾਜਧਾਨੀ ਦਿੱਲੀ ਦੇ ਜੰਤਰ-ਮੰਤਰ ’ਤੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੀ ਅਗਵਾਈ ਹੇਠ 36 ਦਿਨਾਂ ਤੱਕ ਚੱਲਿਆ ਅੰਦੋਲਨ ਸਰਕਾਰ ਨਾਲ ਗੱਲਬਾਤ ਤੋਂ ਬਾਅਦ ਖ਼ਤਮ ਹੋ ਗਿਆ ਹੈ, ਪਰ ਇਸ ਨਾਲ ਜੁੜੀਆਂ ਖ਼ਬਰਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਨ੍ਹਾਂ ਵਿੱਚ ਕੁਝ ਖ਼ਬਰਾਂ ਉਨ੍ਹਾਂ ਕੁੜੀਆਂ ਨਾਲ ਸਬੰਧਤ ਹਨ, ਜੋ ਪ੍ਰਦਰਸ਼ਨ ਵਿੱਚ ਸ਼ਾਮਲ ਹੋਈਆਂ ਸਨ ਅਤੇ ਵਾਇਰਲ ਰੀਲ ਦਾ ਹਿੱਸਾ ਬਣ ਗਈਆਂ। ਇਨ੍ਹਾਂ ਵਿੱਚੋਂ ਇੱਕ 15 ਸਾਲ ਦੀ ਕੁੜੀ ਹੈ, ਜਿਸ ਨੇ ਐਕਸ ’ਤੇ ਆਪਣੀ ਭਾਸ਼ਾ ਲਈ ਮੁਆਫ਼ੀ ਮੰਗਦਿਆਂ ਇੱਕ ਵੀਡੀਓ ਪੋਸਟ ਕੀਤੀ। ਇਹ ਕੁੜੀ ਫੈਸ਼ਨ ਡਿਜ਼ਾਈਨਰ ਅਤੇ ਮੇਕਅੱਪ ਆਰਟਿਸਟ ਬਣਨਾ ਚਾਹੁੰਦੀ ਹੈ। ਪਰ ਇਸ ਵੇਲੇ ਦਸਵੀਂ ਜਮਾਤ ਵਿੱਚ ਪੜ੍ਹ ਰਹੀ ਇਹ ਵਿਦਿਆਰਥਣ ਨਹੀਂ ਜਾਣਦੀ ਕਿ ਉਹ ਬੋਰਡ ਦੀ ਪ੍ਰੀਖਿਆ ਵੀ ਦੇ ਸਕੇਗੀ ਜਾਂ ਨਹੀਂ। ਭਵਿੱਖ ਬਾਰੇ ਸੋਚਣਾ ਤਾਂ ਅਜੇ ਬਹੁਤ ਦੂਰ ਦੀ ਗੱਲ ਹੈ। ਐੱਫਆਈਆਰ ਦਰਜ ਹੋਣ ਤੋਂ ਬਾਅਦ 26 ਜੁਲਾਈ ਤੋਂ ਉਹ ਆਪਣੀ ਮਾਂ ਨਾਲ ਘਰ ਛੱਡ ਕੇ ਕਿਸੇ ਹੋਰ ਥਾਂ ਰਹਿ ਰਹੀ ਹੈ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਹੁਣ ਉਹ ਕਦੋਂ ਘਰ ਵਾਪਸ ਆ ਸਕਣਗੀਆਂ। ਇੰਸਟਾਗ੍ਰਾਮ ਅਤੇ ਦੋਸਤਾਂ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਉਹ 22 ਜੁਲਾਈ ਨੂੰ ਜੰਤਰ-ਮੰਤਰ ਪਹੁੰਚੀ ਸੀ ਅਤੇ ਇੱਕ ਸਮੂਹ ਦਾ ਹਿੱਸਾ ਬਣੀ ਸੀ। ਮੀਡੀਆ ਨਾਲ ਗੱਲ ਕਰਦਿਆਂ ਉਸ ਨੇ ਕਿਹਾ ਕਿ ਲੋਕਾਂ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਮੂੰਹੋਂ ਕੁਝ ਅਜਿਹਾ ਨਿਕਲ ਗਿਆ, ਜੋ ਉਸ ਨੂੰ ਨਹੀਂ ਕਹਿਣਾ ਚਾਹੀਦਾ ਸੀ। ਇਸ ਗੱਲ ਦਾ ਅਹਿਸਾਸ ਉਸ ਨੂੰ ਬਾਅਦ ਵਿੱਚ ਹੋਇਆ। ਜਦੋਂ ਤੱਕ ਉਹ ਕੁਝ ਕਰ ਸਕਦੀ, ਉਸ ਦੀ ਰੀਲ ਵਾਇਰਲ ਹੋ ਚੁੱਕੀ ਸੀ।

**ਮਾਮਲੇ ਵਿੱਚ ਜ਼ੀਰੋ ਐੱਫਆਈਆਰ ਦਰਜ ਹੋਈ**

ਸ਼ਰੁਤੀ (ਬਦਲਿਆ ਹੋਇਆ ਨਾਮ) ਦੱਸਦੀ ਹੈ, ਇਹ ਘਟਨਾ 22 ਜੁਲਾਈ ਦੀ ਹੈ ਅਤੇ ਮੈਂ ਦੋ ਦਿਨ ਬਾਅਦ ਇਹ ਗੱਲ ਆਪਣੀ ਮਾਂ ਨੂੰ ਦੱਸੀ। ਇਸ ਰੀਲ ਦੇ ਨਾਲ-ਨਾਲ ਮੇਰੇ ਬਾਰੇ ਮਾੜੇ ਕਮੈਂਟ ਕੀਤੇ ਜਾ ਰਹੇ ਸਨ। ਮੈਨੂੰ ਮਾਰਨ, ਮੇਰੇ ਨਾਲ ਬਲਾਤਕਾਰ ਕਰਨ ਅਤੇ ਮੇਰੇ ਉੱਤੇ ਤੇਜ਼ਾਬ ਸੁੱਟਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਮੈਨੂੰ ਇਹ ਵੀ ਕਿਹਾ ਗਿਆ ਕਿ ਇਹ 500 ਵਾਲੀ... ਅਤੇ ਮੇਰੇ ਉੱਤੇ ਇਨਾਮ ਤੱਕ ਰੱਖੇ ਜਾ ਰਹੇ ਸਨ। ਮੈਂ ਬਹੁਤ ਡਰ ਗਈ ਸੀ। ਮੈਂ ਦੋ ਦਿਨ ਤੱਕ ਘਰ ਤੋਂ ਬਾਹਰ ਨਹੀਂ ਨਿਕਲੀ। ਮੇਰਾ ਨੰਬਰ ਲੀਕ ਹੋ ਗਿਆ ਸੀ। ਮੈਨੂੰ ਕਾਲਾਂ ਅਤੇ ਸੁਨੇਹਿਆਂ ਰਾਹੀਂ ਇਹ ਸਭ ਕੁਝ ਕਿਹਾ ਗਿਆ। ਅਤੇ ਇਹ ਸਿਲਸਿਲਾ ਅਜੇ ਵੀ ਨਹੀਂ ਰੁਕਿਆ ਹੈ। ਉਸ ਦੀ ਮਾਂ ਦੱਸਦੀ ਹੈ ਕਿ ਉਹ ਸੋਸ਼ਲ ਮੀਡੀਆ ਤੋਂ ਦੂਰ ਰਹਿੰਦੀ ਹੈ। ਪਤੀ ਦੇ ਦੇਹਾਂਤ ਤੋਂ ਬਾਅਦ ਉਹ ਭਜਨ-ਕੀਰਤਨ ਵਿੱਚ ਮਨ ਲਗਾਉਂਦੀ ਹੈ ਅਤੇ ਘਰ ਦਾ ਗੁਜ਼ਾਰਾ ਚਲਾਉਣ ਲਈ ਛੋਟੇ-ਮੋਟੇ ਕੰਮ ਕਰਦੀ ਹੈ। ਜਦੋਂ ਉਨ੍ਹਾਂ ਨੂੰ ਆਪਣੀ ਧੀ ਤੋਂ ਇਸ ਬਾਰੇ ਪਤਾ ਲੱਗਿਆ ਤਾਂ ਉਹ ਤਿੰਨ ਦਿਨ ਤੱਕ ਸੁੰਨ ਹੋ ਗਈ ਅਤੇ ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਕਰੇ। ਉਸ ਦੀ ਮਾਂ ਨੇ ਬੀਬੀਸੀ ਹਿੰਦੀ ਨੂੰ ਦੱਸਿਆ, ਅਜਿਹਾ ਲੱਗਿਆ ਜਿਵੇਂ ਬੰਬ ਫੱਟ ਗਿਆ ਹੋਵੇ। ਯਕੀਨ ਹੀ ਨਹੀਂ ਹੋ ਰਿਹਾ ਸੀ ਕਿ ਮੇਰੀ ਧੀ ਨੇ ਅਜਿਹੀਆਂ ਗਾਲ੍ਹਾਂ ਕੱਢੀਆਂ ਹਨ। ਕੱਲ੍ਹ ਤੱਕ ਦੁਨੀਆ ਕੁਝ ਹੋਰ ਸੀ ਅਤੇ ਅੱਜ ਬਿਲਕੁਲ ਵੱਖਰੀ ਹੈ। ਉਹ ਆਪਣੇ ਹੰਝੂ ਪੂੰਝਦਿਆਂ ਕਹਿੰਦੀ ਹੈ, ਕੋਈ ਕਹਿ ਰਿਹਾ ਹੈ ਇਹ ਦੇਸ਼ਧ੍ਰੋਹੀ ਹਨ, ਅੱਤਵਾਦੀ ਹਨ। ਇਨ੍ਹਾਂ ਦਾ ਪਾਕਿਸਤਾਨ ਨਾਲ ਸਬੰਧ ਹੈ। ਮਾਂ ਕਿਹੋ ਜਿਹੀ ਹੋਵੇਗੀ? ਕੀ ਸੰਸਕਾਰ ਦਿੱਤੇ ਹਨ? ਧੰਦੇ ਵਾਲੀ ਹੋਵੇਗੀ। ਇਹ ਗੱਲਾਂ ਤਾਂ ਸਹੀ ਨਹੀਂ ਹਨ ਨਾ। ਸਭ ਨੇ ਕਿਹਾ ਮੁਆਫ਼ੀ ਮੰਗ ਲਓ। ਮੈਂ ਵੀ ਮੰਨਦੀ ਹਾਂ ਕਿ ਗਾਲ੍ਹਾਂ ਨਹੀਂ ਕੱਢਣੀਆਂ ਚਾਹੀਦੀਆਂ ਸਨ। ਗਾਲ੍ਹਾਂ ਕੱਢ ਕੇ ਵਿਰੋਧ ਪ੍ਰਦਰਸ਼ਨ ਨਹੀਂ ਹੁੰਦਾ। ਐੱਫਆਈਆਰ ਵਿੱਚ ਵੀ ਗ਼ਲਤ ਜਾਣਕਾਰੀ ਦਿੱਤੀ ਗਈ। ਐੱਫਆਈਆਰ ਰੱਦ ਹੋ ਗਈ, ਪਰ ਕੋਈ ਇਹ ਕਿਉਂ ਨਹੀਂ ਕਹਿੰਦਾ ਕਿ ਘਰ ਜਾਓ, ਅਸੀਂ ਤੁਹਾਡੇ ਨਾਲ ਹਾਂ। ਇਸ ਮਾਮਲੇ ਵਿੱਚ ਵਕੀਲ ਸਮ੍ਰਿਤੀ ਸਿੰਘ ਚੰਦੇਲ ਨੇ ਇਹ ਇਲਜ਼ਾਮ ਲਗਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ ?ਲਾਫ਼ ਅਪਮਾਨਜਨਕ ਅਤੇ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਦੀ ਸ਼ਿਕਾਇਤ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਇਨ੍ਹਾਂ ਟਿੱਪਣੀਆਂ ਨੇ ਨਾ ਸਿਰਫ਼ ਸੰਵਿਧਾਨਕ ਅਹੁਦੇ ਦੀ ਮਰਿਆਦਾ ਨੂੰ ਠੇਸ ਪਹੁੰਚਾਈ, ਸਗੋਂ ਜਾਣਬੁੱਝ ਕੇ ਨਫ਼ਰਤ ਫੈਲਾਉਣ ਅਤੇ ਜਨਤਕ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਸ ਮਾਮਲੇ ਵਿੱਚ ਨੋਇਡਾ ਪੁਲਿਸ ਨੇ ਜ਼ੀਰੋ ਐੱਫਆਈਆਰ ਦਰਜ ਕੀਤੀ ਸੀ। ਇਸ ਵਿੱਚ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀ ਧਾਰਾ 352 (ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਜਾਣਬੁੱਝ ਕੇ ਅਪਮਾਨ ਕਰਨਾ), ਧਾਰਾ 353 (1) (ਜਨਤਕ ਉਪਦ੍ਰਵ ਨੂੰ ਉਤਸ਼ਾਹਿਤ ਕਰਨ ਵਾਲੇ ਬਿਆਨ) ਅਤੇ ਧਾਰਾ 356 (1) (ਮਾਣਹਾਨੀ) ਤਹਿਤ ਮਾਮਲਾ ਦਰਜ ਕੀਤਾ ਗਿਆ। ਇਹ ਮਾਮਲਾ ਦਰਜ ਹੋਣ ਤੋਂ ਬਾਅਦ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਬੁਲਾਰੇ ਸੌਰਵ ਦਾਸ ਨੇ ਕਿਹਾ ਸੀ ਕਿ ਨੌਜਵਾਨ ਕੁੜੀ ਦੀਆਂ ਟਿੱਪਣੀਆਂ ਗ਼ਲਤ ਹੋ ਸਕਦੀਆਂ ਹਨ, ਪਰ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ। ਸੌਰਵ ਦਾਸ ਨੇ ਐਕਸ ’ਤੇ ਲਿਖਿਆ ਸੀ, ÷ਉਸ ਦੇ ਖ਼ ?ਲਾਫ਼ ਅਪਰਾਧਿਕ ਕਾਨੂੰਨ ਦੀ ਵਰਤੋਂ ਕਰਨਾ ਮਨਜ਼ੂਰਯੋਗ ਨਹੀਂ ਹੈ। ਅਪਸ਼ਬਦਾਂ ਦੀ ਵਰਤੋਂ ਆਪਣੇ ਆਪ ਵਿੱਚ ਕੋਈ ਅਪਰਾਧਿਕ ਮਾਮਲਾ ਨਹੀਂ ਬਣਦਾ। ਲੋਕ ਸਭਾ ਦੇ ਲਗਭਗ 50% ਸੰਸਦ ਮੈਂਬਰਾਂ ਖ਼ ?ਲਾਫ਼ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚ ਕਰੀਬ 100 ਸੰਸਦ ਮੈਂਬਰ ਭਾਜਪਾ ਦੇ ਹਨ। ਪੁਲਿਸ ਨੂੰ ਆਪਣੀ ਊਰਜਾ ਉਨ੍ਹਾਂ ਦੇ ਮਾਮਲਿਆਂ ’ਤੇ ਲਗਾਉਣੀ ਚਾਹੀਦੀ ਹੈ, ਕਿਸੇ 25 ਸਾਲਾ ਨੌਜਵਾਨ ਕੁੜੀ ਨੂੰ ਨਿਸ਼ਾਨਾ ਬਣਾਉਣ ’ਤੇ ਨਹੀਂ। ਨੌਜਵਾਨਾਂ ਦਾ ਸ਼ੋਸ਼ਣ ਤੁਰੰਤ ਬੰਦ ਹੋਣਾ ਚਾਹੀਦਾ ਹੈ। ਜਦੋਂ ਬੀਬੀਸੀ ਨੇ ਸਮ੍ਰਿਤੀ ਸਿੰਘ ਚੰਦੇਲ ਤੋਂ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਜਦੋਂ ਇਹ ਮਾਮਲਾ ਦਿੱਲੀ ਪੁਲਿਸ ਕੋਲ ਗਿਆ ਤਾਂ ਉਨ੍ਹਾਂ ਦਾ ਫ਼ੋਨ ਆਇਆ। ਇਸ ਤੋਂ ਬਾਅਦ ਉਨ੍ਹਾਂ ਆਪਣੀ ਸ਼ਿਕਾਇਤ ਵਾਪਸ ਲੈ ਲਈ ਹੈ।

ਉਨ੍ਹਾਂ ਨੇ ਦੱਸਿਆ ਕਿ ਸਾਰੀਆਂ ਧਾਰਾਵਾਂ ਵਾਪਸ ਲੈ ਲਈਆਂ ਗਈਆਂ ਹਨ ਅਤੇ ਇਹ ਫ਼ੈਸਲਾ ਇਸ ਲਈ ਲਿਆ ਗਿਆ ਕਿਉਂਕਿ ਜਦੋਂ ਪ੍ਰਧਾਨ ਮੰਤਰੀ ਨੇ ਬੱਚਿਆਂ ਨੂੰ ਮਾਫ਼ ਕਰ ਦਿੱਤਾ ਤਾਂ ਅਸੀਂ ਉਨ੍ਹਾਂ ਤੋਂ ਵੱਡੇ ਨਹੀਂ ਹਾਂ। ਇਸ ਲਈ ਅਸੀਂ ਵੀ ਮਾਫ਼ ਕਰ ਦਿੱਤਾ। ਸਮ੍ਰਿਤੀ ਸਿੰਘ ਚੰਦੇਲ ਪੇਸ਼ੇ ਤੋਂ ਵਕੀਲ ਹਨ ਅਤੇ ਜਨਤਾ ਦਲ ਲੋਕਤਾਂਤਰਿਕ ਪਾਰਟੀ ਨਾਲ ਜੁੜੇ ਹੋਏ ਹਨ। ਜ਼ੀਰੋ ਐੱਫਆਈਆਰ ਉਹ ਹੁੰਦੀ ਹੈ ਜੋ ਕਿਸੇ ਘਟਨਾ ਸਥਾਨ ਦੇ ਦਾਇਰੇ ਤੋਂ ਬਾਹਰ ਕਿਸੇ ਥਾਣੇ ਵਿੱਚ ਦਰਜ ਕੀਤੀ ਜਾਂਦੀ ਹੈ। ਹਾਲਾਂਕਿ ਬਾਅਦ ਵਿੱਚ ਇਹ ਐੱਫਆਈਆਰ ਸੰਬੰਧਤ ਥਾਣੇ ਨੂੰ ਭੇਜ ਦਿੱਤੀ ਜਾਂਦੀ ਹੈ, ਜਿਸ ਦੀ ਹੱਦ ਵਿੱਚ ਉਹ ਇਲਾਕਾ ਆਉਂਦਾ ਹੋਵੇ ਜਿੱਥੇ ਘਟਨਾ ਹੋਈ ਹੋਵੇ।

## ਕੁੜੀ ਨੇ ਮੰਗੀ ਮਾਫ਼ੀ




ਇੱਕ ਅਗਸਤ ਨੂੰ ਕੁੜੀ ਵੱਲੋਂ ਮਾਫ਼ੀ ਮੰਗਦਿਆਂ ਇੱਕ ਵੀਡੀਓ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਕਿਹਾ ਸੀ, ÷ਇਹ ਮੇਰੀ ਪਹਿਲੀ ਅਤੇ ਆਖ਼ਰੀ ਗ਼ਲਤੀ ਹੈ÷ ਅਤੇ ਨਾਲ ਹੀ ਕਿਹਾ ਸੀ ਕਿ ਉਹ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸਮੂਹ ਤੋਂ ਪ੍ਰਭਾਵਿਤ ਹੋ ਗਈ ਸੀ। ਇਸ ਵੀਡੀਓ ਵਿੱਚ ਉਨ੍ਹਾਂ ਕਿਹਾ, ÷ਮੈਂ ਪ੍ਰੋਟੈਸਟ ਸਾਈਟ ’ਤੇ ਸੀ ਅਤੇ ਉੱਥੇ ਕਈ ਸਮੂਹ ਸਨ ਜੋ ਪੀਐੱਮ ਮੋਦੀ ਬਾਰੇ ਮਾੜੀ ਭਾਸ਼ਾ ਦਾ ਇਸਤੇਮਾਲ ਕਰ ਰਹੇ ਸਨ। ਇਹ ਲੋਕ ਦੂਜੇ ਲੋਕਾਂ ਨੂੰ ਵੀ ਉਕਸਾ ਰਹੇ ਸਨ। ਮੈਂ ਬਹੁਤ ਸ਼ਰਮਿੰਦਾ ਹਾਂ ਕਿ ਮੈਂ ਉਹ ਗੱਲਾਂ ਕਹੀਆਂ ਅਤੇ ਮੈਂ ਆਪਣੀਆਂ ਅੱਖਾਂ ਤੱਕ ਨਹੀਂ ਚੁੱਕ ਸਕਦੀ। ਮੈਂ ਇਸ ਲਈ ਪੂਰੇ ਦੇਸ਼ ਤੋਂ ਮਾਫ਼ੀ ਮੰਗਦੀ ਹਾਂ। ਇਹ ਮੇਰੀ ਪਹਿਲੀ ਅਤੇ ਆਖ਼ਰੀ ਗ਼ਲਤੀ ਹੈ। ਦੂਜੇ ਪਾਸੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਸੀ।ਇਸ ਵਿੱਚ ਉਨ੍ਹਾਂ ਕਿਹਾ ਸੀ ਕਿ ÷ਬਚਪਨ ਗ਼ਲਤੀਆਂ ਨੂੰ ਸੁਧਾਰਨ ਦਾ ਮੌਕਾ ਵੀ ਹੁੰਦਾ ਹੈ। ਇਹ ਗੁੰਮਰਾਹ ਬੱਚੇ ਹਨ, ਇਨ੍ਹਾਂ ਨੂੰ ਰਾਹ ਦਿਖਾਉਣ ਦਾ ਸਮਾਂ ਹੈ, ਮੈਂ ਇਨ੍ਹਾਂ ਨੂੰ ਮਾਫ਼ ਕਰਨਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਸੀ, ਜੰਤਰ-ਮੰਤਰ ’ਤੇ ਜੋ ਹੋਇਆ ਦੇਸ਼ ਅਤੇ ਦੁਨੀਆ ਨੇ ਵੇਖਿਆ। ਕੁਝ ਸ਼ਰਾਰਤੀ ਬੱਚਿਆਂ ਨੇ ਭੱਦੀ ਅਤੇ ਮਾੜੀ ਸ਼ਬਦਾਵਲੀ ਵਾਲੀ ਭਾਸ਼ਾ ਦਾ ਇਸਤੇਮਾਲ ਕੀਤਾ, ਅਜਿਹੇ ਸ਼ਬਦ ਜੋ ਕਿਸੇ ਵੀ ਸੱਭਿਆਚਾਰਕ ਸਮਾਜ ਲਈ ਠੀਕ ਨਹੀਂ ਹਨ। ਮੈਨੂੰ ਨਿੱਜੀ ਤੌਰ ’ਤੇ ਮਾੜੇ ਸ਼ਬਦ ਕਹੇ ਗਏ ਅਤੇ ਮੇਰੀ ਸਵਰਗਵਾਸੀ ਮਾਂ ਨੂੰ ਵੀ ਗਾਲ੍ਹਾਂ ਦਿੱਤੀਆਂ ਗਈਆਂ।

**ਨਹੀਂ ਰੁਕ ਰਹੀਆਂ ਧਮਕੀਆਂ**

15 ਸਾਲ ਦੀ ਕੁੜੀ ਕਹਿੰਦੀ ਹੈ ਕਿ ਮਾਫ਼ੀ ਮੰਗਣ ਦੇ ਬਾਵਜੂਦ ਧਮਕੀਆਂ ਘੱਟ ਨਹੀਂ ਹੋ ਰਹੀਆਂ, ਜਿਵੇਂ ਮੈਂ ਕੋਈ ਮਾਫ਼ ਨਾ ਕਰਨਯੋਗ ਅਪਰਾਧ ਕਰ ਦਿੱਤਾ ਹੋਵੇ। ਉਨ੍ਹਾਂ ਦਾ ਕਹਿਣਾ ਹੈ, ÷ਮੈਂ ਦੋ ਵਾਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰ ਚੁੱਕੀ ਹਾਂ ਪਰ ਫਿਰ ਮੈਨੂੰ ਲੱਗਿਆ ਕਿ ਮਜ਼ਬੂਤ ਹੋਣਾ ਪਵੇਗਾ। ਮੇਰੀ ਗ਼ਲਤੀ ਸੀ। ਮੈਂ ਮਾਫ਼ੀ ਮੰਗੀ, ਉਹ ਮੈਨੂੰ ਮਿਲ ਵੀ ਗਈ, ਮੇਰੇ ਕੋਲ ਕੋਈ ਪ੍ਰੋਟੈਕਸ਼ਨ ਨਹੀਂ ਹੈ ਪਰ ਹੁਣ ਅੰਤ ਤੱਕ ਮੈਨੂੰ ਹੀ ਇਸ ਨੂੰ ਸੁਲਝਾਉਣਾ ਹੋਵੇਗਾ। ਮੈਂ ਇਨ੍ਹਾਂ ਲੋਕਾਂ ਲਈ ਜਾਨ ਨਹੀਂ ਦੇਣ ਵਾਲੀ। ਉਹ ਪੁੱਛਦੀ ਹੈ, ÷ਕੀ ਮੈਂ ਇਸੇ ਦੇਸ਼ ਦੀ ਬੱਚੀ ਹਾਂ, ਕਿਉਂਕਿ ਦੇਸ਼ ਦੇ ਬੱਚਿਆਂ ਨਾਲ ਤਾਂ ਇਸ ਤਰ੍ਹਾਂ ਦਾ ਸਲੂਕ ਨਹੀਂ ਕੀਤਾ ਜਾਂਦਾ। (ਖ਼ੁਦਕੁਸ਼ੀ ਇੱਕ ਗੰਭੀਰ ਮਨੋਵਿਗਿਆਨਕ ਅਤੇ ਸਮਾਜਿਕ ਸਮੱਸਿਆ ਹੈ। ਜੇਕਰ ਤੁਸੀਂ ਵੀ ਤਣਾਅ ਵਿੱਚੋਂ ਲੰਘ ਰਹੇ ਹੋ ਤਾਂ ਭਾਰਤ ਸਰਕਾਰ ਦੀ ਜੀਵਨ ਆਸਥਾ ਹੈਲਪਲਾਈਨ 1800 233 3330 ਤੋਂ ਮਦਦ ਲੈ ਸਕਦੇ ਹੋ। ਤੁਸੀਂ ਸਰਕਾਰ ਦੀ ਕਿਰਣ ਮੈਨਟਲ ਹੈਲਥ ਹੈਲਪਲਾਈਨ 1800-599-0019 ਜਾਂ ਮਨੋਦਰਪਣ ਹੈਲਪਲਾਈਨ 844 844 0632 ’ਤੇ ਵੀ ਫ਼ੋਨ ਕਰਕੇ ਮਾਹਰਾਂ ਨਾਲ ਗੱਲ ਕਰ ਸਕਦੇ ਹੋ। ਤੁਹਾਨੂੰ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਵੀ ਗੱਲ ਕਰਨੀ ਚਾਹੀਦੀ ਹੈ।) ਮਾਂ ਅਤੇ ਧੀ ਦੋਵਾਂ ਦਾ ਕਹਿਣਾ ਹੈ, ÷ਹਾਂ ਗ਼ਲਤੀ ਹੋਈ ਹੈ, ਅਸੀਂ ਮਾਫ਼ੀ ਮੰਗ ਲਈ, ਤੁਸੀਂ (ਪ੍ਰਧਾਨ ਮੰਤਰੀ ਨੇ) ਮਾਫ਼ ਵੀ ਕਰ ਦਿੱਤਾ। ਪਰ ਜੋ ਇਸ ਤਰ੍ਹਾਂ ਦੀਆਂ ਧਮਕੀਆਂ ਦੇ ਰਹੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਰੋਕਿਆ ਜਾ ਰਿਹਾ। ਸਾਡੀ ਇੰਨੀ ਮਦਦ ਤਾਂ ਕੀਤੀ ਜਾਵੇ। ਅਸੀਂ ਆਪਣੇ ਘਰ ਨਹੀਂ ਮੁੜ ਸਕਦੇ। ਚਿਹਰਾ ਲੁਕਾ ਕੇ ਰਹਿਣਾ ਪੈ ਰਿਹਾ ਹੈ ਕਿ ਜੇ ਪਛਾਣ ਲਏ ਗਏ ਤਾਂ ਕੋਈ ਮਾਰ ਨਾ ਦੇਵੇ।ਤਿੰਨ ਮੈਂਬਰਾਂ ਦਾ ਪਰਿਵਾਰ ਡਰ ਦੀ ਵਜ ?ਹਾ ਕਰਕੇ ਅਜੇ ਤੱਕ ਘਰ ਨਹੀਂ ਮੁੜਿਆ ਹੈ। ਪੁਲਿਸ ਤੋਂ ਮਦਦ ਮੰਗਣ ਦੇ ਸਵਾਲ ’ਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਭਰੋਸਾ ਨਹੀਂ ਹੈ ਅਤੇ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ।

ਜਦੋਂ ਅਸੀਂ ਸਮ੍ਰਿਤੀ ਤੋਂ ਮਾਂ-ਧੀ ਦੀ ਪਰੇਸ਼ਾਨੀ ਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਦਾ ਕਹਿਣਾ ਸੀ, ÷ਉਨ੍ਹਾਂ ਨੂੰ ਪੁਲਿਸ ਤੋਂ ਮਦਦ ਮੰਗਣੀ ਚਾਹੀਦੀ ਹੈ ਅਤੇ ਇਸ ਮੁੱਦੇ ਦਾ ਸਿਆਸੀਕਰਨ ਕੀਤਾ ਜਾ ਰਿਹਾ ਹੈ। ਜਦਕਿ ਕੁੜੀ ਦੀ ਮਾਂ ਕਹਿੰਦੀ ਹੈ, ਬਸ ਕਿਸੇ ਨਾ ਕਿਸੇ ਤਰ੍ਹਾਂ ਕਿਤੇ-ਕਿਤੇ ਲੁਕ ਕੇ ਜੀਅ ਰਹੇ ਹਾਂ।

Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 365 | Website: www.preetnama.com Email preetnamausa@gmail.com | 07 AUGUST TO 13 AUGUST, 2026

# India Association of Long Island (IALI) Hosts Successful Annual Picnic 2026 at Wantagh Park

Wantagh, New York : The India Association of Long Island (IALI) successfully hosted its Annual Picnic 2026 on Sunday, August 2, 2026, at Wantagh Park, Red Barn Shelter 3, bringing together members, families, and friends for an afternoon filled with fun, friendship, and community spirit.

Under the leadership of President Jay Singh and the Executive Council 2026, the event witnessed an enthusiastic turnout from people of all ages. Guests enjoyed a variety of recreational activities, including cricket, tug-of-war, badminton, bingo, raffle prizes, and lively Hindi karaoke performances, creating a festive and welcoming atmosphere.

The picnic also featured a delicious lunch along with freshly grilled corn on the cob and refreshing watermelon, which added to the enjoyment of the day. Children and adults alike participated in games and activities, strengthening friendships and celebrating the spirit of togetherness.

Speaking on the occasion, President Jay Singh thanked the Executive Council, volunteers, sponsors, and community members for their tremendous support in making the annual picnic a grand success. He emphasized that IALI remains committed to promoting unity, cultural values, and community engagement through such events.

The India Association of Long Island expressed its sincere appreciation to everyone who attended and contributed to making Annual Picnic 2026 a memorable celebration of friendship, family, and community.















Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 365

Website: www.preetnama.com Email preetnamausa@gmail.com

07 AUGUST TO 13 AUGUST, 2026


# India Association of Long Island (IALI) Hosts Successful Annual Picnic 2026 at Wantagh Park












# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 365

Website: www.preetnama.com Email preetnamausa@gmail.com

07 AUGUST TO 13 AUGUST, 2026




# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180



**PRITPAL KAUR**
Editor-In-Chief
+1 201-312-4180
+1 917-328-8436



**ADVISORY BOARD**

Joga Singh
*****************************
Jaswinder Singh New Jersey
*********************************
Mindi Manak
NewYork
*********************************
Jagjit Singh Dasuya
*****************************
Gurmeet Singh Dhalwan
Chicago
*****************************
G. S Singh Punjab
*****************************
Sujan Nag, USA
*****************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

*****************************
Sunil Kumar Gund
(Journalist) India
*********************************
Raj Rani
Video editor
*************************************
Jagmeet Kaur
97817-41631
*****************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਮੋਬਾਈਲ ਗੇਮਾਂ ਨੇ ਦੁਨੀਆ ਭਰ ਦੇ ਬੱਚਿਆਂ ਵਿੱਚ ਇੱਕ ਗੈਰ-ਸਿਹਤਮੰਦ ਜਨੂੰਨ ਪੈਦਾ ਕੀਤਾ ਹੋਇਆ ਹੈ

**ਸੁਰਜੀਤ ਸਿੰਘ ਫਲੋਰਾ**
647-829-9397

ਕੰਪਿਊਟਰ ਅਤੇ ਇੰਟਰਨੈੱਟ ਹੁਣ ਜ਼ਿਆਦਾਤਰ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਹਨ। ਹਾਲਾਂਕਿ, ਕੁਝ ਵਿਅਕਤੀ ਇਸ ਗੱਲ 'ਤੇ ਨਿਯੰਤਰਣ ਗੁਆ ਦਿੰਦੇ ਹਨ ਕਿ ਉਹ ਕਿੰਨੀ ਵਾਰ ਅਤੇ ਕਿੰਨੇ ਸਮੇਂ ਲਈ ਇੰਟਰਨੈਟ ਬ੍ਰਾਊਜ਼ ਕਰਦੇ ਹਨ, ਫੇਸਬੁੱਕ ਦੀ ਵਰਤੋਂ ਕਰਦੇ ਹਨ, ਜਾਂ ਔਨਲਾਈਨ ਗੇਮਾਂ ਖੇਡਦੇ ਹਨ। ਇਸ ਨਾਲ ਗੰਭੀਰ ਮਨੋਵਿਗਿਆਨਕ ਸਮੱਸਿਆਵਾਂ ਹੋ ਸਕਦੀਆਂ ਹਨ। ਬੱਚਿਆਂ ਅਤੇ ਨੌਜਵਾਨਾਂ ਵਿੱਚ ਮੋਬਾਈਲ, ਕੰਪਿਊਟਰ ਅਤੇ ਔਨਲਾਈਨ ਗੇਮਾਂ ਦੀ ਵੱਧ ਰਹੀ ਗਿਣਤੀ ਨੂੰ ਵਿਸ਼ਵ ਸਿਹਤ ਸੰਗਠਨ ਅਤੇ ਵੱਖ-ਵੱਖ ਖੋਜ ਅਧਿਐਨਾਂ ਦੁਆਰਾ ਇੱਕ ਖਤਰਨਾਕ ਰੁਝਾਨ ਵਜੋਂ ਪਛਾਣਿਆ ਗਿਆ ਹੈ। ਵਰਲਡ ਹੈਲਥ ਆਰਨਗਨਾਇਅਜੇਸਨ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਇਸ ਰੁਝਾਨ ਦਾ ਬੱਚਿਆਂ ਅਤੇ ਨੌਜਵਾਨਾਂ ਦੀ ਸਿਹਤ 'ਤੇ ਵਿਨਾਸ਼ਕਾਰੀ ਪ੍ਰਭਾਵ ਪੈ ਰਿਹਾ ਹੈ। ਮੋਬਾਈਲ ਅਤੇ ਔਨਲਾਈਨ ਗੇਮਾਂ ਵਿੱਚ ਰੁੱਝੇ ਬੱਚੇ ਨਾ ਸਿਰਫ਼ ਉਨ੍ਹਾਂ ਦੇ ਅਮੀਰ ਵਿਰਸੇ ਨੂੰ ਤਬਾਹ ਕਰ ਰਹੇ ਹਨ ਸਗੋਂ ਉਨ੍ਹਾਂ ਦਾ ਬਚਪਨ ਅਤੇ ਜਵਾਨੀ ਵੀ ਬਰਬਾਦ ਕਰ ਰਹੇ ਹਨ।

ਜਦੋਂ ਬੱਚਾ ਘੰਟਿਆਂ ਬੱਧੀ ਮੋਬਾਈਲ ਫੋਨ 'ਤੇ ਆਨਲਾਈਨ ਗੇਮਾਂ ਖੇਡਦਾ ਹੈ ਤਾਂ ਉਸ ਦੀਆਂ ਅੱਖਾਂ ਅਤੇ ਸਰੀਰ ਦੇ ਹੋਰ ਅੰਗ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਇਸ ਦਾ ਮਤਲਬ ਹੈ ਕਿ ਉਨ੍ਹਾਂ ਕੋਲ ਮੈਦਾਨੀ ਖੇਡਾਂ ਖੇਡਣ, ਮਹਾਨ ਪੁਰਸ਼ਾਂ ਅਤੇ ਯੋਧਿਆਂ ਦੀਆਂ ਕਹਾਣੀਆਂ ਸੁਣਨ ਅਤੇ ਕਿਤਾਬਾਂ ਪੜ੍ਹਨ ਲਈ ਬਹੁਤ ਘੱਟ ਜਾਂ ਘੱਟ ਸਮਾਂ ਨਹੀਂ ਹੁੰਦਾ । ਮੋਬਾਈਲ ਜਾਂ ਔਨਲਾਈਨ ਗੇਮਾਂ ਦੇ ਵਧ ਰਹੇ ਰੁਝਾਨ ਨੇ ਦੁਨੀਆ ਭਰ ਦੇ ਬੱਚਿਆਂ ਵਿੱਚ ਇੱਕ ਗੈਰ-ਸਿਹਤਮੰਦ ਜਨੂੰਨ ਪੈਦਾ ਕੀਤਾ ਹੋਇਆ ਹੈ। ਚੀਨ 'ਚ ਇਕ ਨਵੇਂ ਨਿਯਮ ਮੁਤਾਬਕ ਬੱਚੇ ਹਫਤੇ 'ਚ ਸਿਰਫ ਤਿੰਨ ਘੰਟੇ ਹੀ ਗੇਮ ਖੇਡ ਸਕਦੇ ਹਨ। ਦੋ ਸਾਲ ਪਹਿਲਾਂ ਚੀਨ ਨੇ ਬੱਚਿਆਂ 'ਤੇ 90 ਮਿੰਟ ਤੋਂ ਜ਼ਿਆਦਾ ਗੇਮ ਖੇਡਣ 'ਤੇ ਪਾਬੰਦੀ ਲਗਾ ਦਿੱਤੀ ਸੀ। ਇੱਕ ਅਧਿਐਨ ਮੁਤਾਬਕ ਮੋਬਾਈਲ ਗੇਮਾਂ ਨੇ 50 ਕਰੋੜ ਚੀਨੀਆਂ ਦੀ ਅੱਖਾਂ ਦੀ ਰੌਸ਼ਨੀ ਨੂੰ ਪ੍ਰਭਾਵਿਤ ਕੀਤਾ ਹੈ। ਬੱਚੇ ਚਿੜਚਿੜੇ, ਹਮਲਾਵਰ ਅਤੇ ਹਿੰਸਕ ਹੋ ਰਹੇ ਹਨ। ਅੱਜ, ਇੱਕ ਸਾਲ ਦੇ ਬੱਚੇ ਨੂੰ ਇੱਕ ਮੋਬਾਈਲ ਫ਼ੋਨ ਦਿੱਤਾ ਜਾਂਦਾ ਹੈ ਅਤੇ ਵੱਡੀ ਦਿਲਚਸਪੀ ਨਾਲ ਮੋਬਾਈਲ ਗੇਮਾਂ ਨੂੰ ਦੇਖਦਾ ਹੈ। ਕਈ ਇਸ ਦੇ ਇੰਨੇ ਆਦੀ ਹੋ ਜਾਂਦੇ ਹਨ ਕਿ ਉਹ ਖਾਣਾ ਵੀ ਛੱਡ ਦਿੰਦੇ ਹਨ। ਉਹ ਨੀਂਦ ਗੁਆ ਲੈਂਦੇ ਹਨ। ਲੜਾਈ ਵਧ ਰਹੀ ਹੈ। ਕੋਰੋਨਾ ਕਾਲ ਦੌਰਾਨ ਆਨਲਾਈਨ ਪੜ੍ਹਾਈ ਕਰਕੇ ਇਹ ਆਦਤ ਹੋਰ ਵੱਧ ਚੁਕੀ ਹੈ, ਬੱਚੇ ਪੜ੍ਹਾਈ ਦੇ ਬਹਾਨੇ ਗੇਮਾਂ ਤੇ ਬੈਠੇ ਰਹਿੰਦੇ ਹਨ। ਨਾ ਉਹਨਾਂ ਨੂੰ ਖਾਣ ਦੀ ਨਾ ਪੀਣ ਦੀ ਨਾ ਨਹਾਉਣ ਦੀ ਨਾ ਆਪਣਾ ਤੇ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾਂ ਰੱਖਣ ਦੀ ਸੁਦ-ਬੁਧ।ਵੱਸ ਇਸ ਤਰਹਾਂ ਮੁਬਾਇਲ ਗੇਮਾਂ ਵਿਚ ਖਿਚਦੇ ਚਲੇ ਜਾਂਦੇ ਹਨ, ਜਿਵੇਂ ਜੋਕ ਚਿਬੜ ਜਾਂਦੀ ਹੈ, ਜਿਸ ਨੂੰ ਲਾਉਣਾ ਬਹੁਤ ਔਖਾ ਹੁੰਦਾ ਹੈ।

ਇਥੇ ਹੀ ਬੱਸ ਨਹੀਂ ਅੱਜਕੱਲ੍ਹ ਖੇਡਾਂ ਨਸ਼ੇ ਦੀ ਤਰ੍ਹਾ ਕੰਮ ਕਰਦੀਆਂ ਹਨ।ਵਿਡੀਓ ਗੇਮਾਂ ਦਿਮਾਗ ਨੂੰ ਉਸੇ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਨਸ਼ਾਖੋਰੀ ਵਾਲੀਆਂ ਦਵਾਈਆਂ: ਉਹ ਡੋਪਾਮਾਈਨ ਦੀ ਰਿਹਾਈ ਨੂੰ ਚਾਲੂ ਕਰਦੀਆਂ ਹਨ, ਇੱਕ ਰਸਾਇਣ ਜੋ ਵਿਵਹਾਰ ਨੂੰ ਮਜ਼ਬੂਤ ਕਰਦਾ ਹੈ। ਇਸ ਕਾਰਨ ਕਰਕੇ, ਵੀਡੀਓ ਗੇਮਾਂ ਖੇਡਣਾ ਇੱਕ ਆਦੀ ਉਤੇਜਕ ਹੋ ਸਕਦਾ ਹੈ। ਇਹ ਤੱਥ ਦਰਸਾਉਂਦੇ ਹਨ ਕਿ ਵੀਡੀਓ ਗੇਮਾਂ ਦੀ ਲਤ ਸੰਭਵ ਹੋ ਸਕਦੀ ਹੈ ਸਟੈਟਿਸਟਾ ਦੁਆਰਾ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਵਿੱਤੀ ਸਾਲ 2020 ਵਿੱਚ ਭਾਰਤੀ ਗੇਮਿੰਗ ਉਦਯੋਗ ਦਾ ਬਾਜ਼ਾਰ ਮੁੱਲ ਲਗਭਗ 90 ਬਿਲੀਅਨ ਸੀ। ਉਸੇ ਰਿਪੋਰਟ ਵਿੱਚ ਭਵਿੱਖਬਾਣੀ ਕੀਤੀ ਗਈ ਹੈ ਕਿ 2022 ਤੱਕ ਮਾਰਕੀਟ ਮੁੱਲ ਦੇ 143 ਬਿਲੀਅਨ ਤੱਕ ਪਹੁੰਚਣ ਦੀ ਉਮੀਦ ਹੈ।

ਲਾਈਵਮਿੰਟ ਦੇ ਸਰਵੇਖਣ ਤੋਂ ਪਤਾ ਚੱਲਦਾ ਹੈ ਕਿ ਕੋਵਿਡ-19 ਗੇਮਜ ਔਨਲਾਈਨ ਪਲੇਟਫਾਰਮਾਂ ਦੀ ਚੋਣ ਕਰਨ ਦਾ ਇੱਕ ਹੋਰ ਕਾਰਨ ਹੈ। ਲੌਕਡਾਊਨ ਦੇ ਦੌਰਾਨ, ਇੱਕ ਨਿਸ਼ਚਿਤ ਉਮਰ ਸੀਮਾ (21-35) ਦੇ ਵਿਅਕਤੀਆਂ ਨੇ ਆਪਣੇ ਆਪ 'ਤੇ ਕਬਜ਼ਾ ਕਰਨ ਅਤੇ ਪੈਸਾ ਕਮਾਉਣ ਦੇ ਤਰੀਕੇ ਲੱਭੇ।

2022 ਵਿੱਚ ਹੇਠਾਂ ਦਿੱਤੇ ਮੁੱਖ ਕਾਰਕਾਂ ਦੇ ਕਾਰਨ ਭਾਰਤੀ ਗੇਮਿੰਗ ਉਦਯੋਗ ਨੂੰ ਹੁਲਾਰਾ ਦੇਣਾ ਤੁਸੀਂ ਇਸ 'ਤੇ ਵਿਸ਼ਵਾਸ ਨਹੀਂ ਕਰੋਗੇ, ਪਰ ਭਾਰਤ ਵਿੱਚ ਗੇਮਿੰਗ ਕਾਰੋਬਾਰ ਇੱਕ ਉੱਚੇ ਪੱਧਰ ਵਿੱਚ ਬਦਲ ਰਿਹਾ ਹੈ। ਹੋਰ ਜਾਣਨ ਲਈ, ਆਓ ਕੁਝ ਤੱਤਾਂ 'ਤੇ ਇੱਕ ਨਜ਼ਰ ਮਾਰੀਏ ਜੋ ਇਸ ਸਾਲ ਦੌਰਾਨ ਭਾਰਤੀ ਗੇਮਿੰਗ ਸੈਕਟਰ ਦੇ ਵਿਕਾਸ ਨੂੰ ਅੱਗੇ ਵਧਾਉਣਗੇ। ਮਨੋਰੰਜਨ: ਭਾਰਤ ਵਿੱਚ ਅਸਲ ਧਨ ਲਈ ਜੂਏ ਦੀ ਸ਼ੁਰੂਆਤ ਤੋਂ ਬਾਅਦ, ਜ਼ਿਆਦਾ ਤੋਂ ਜ਼ਿਆਦਾ ਲੋਕ ਆਪਣੀ ਗੇਮਿੰਗ ਨੂੰ ਹੋਰ ਗੰਭੀਰਤਾ ਨਾਲ ਲੈ ਰਹੇ ਹਨ। ਉਹ ਹੁਣ ਖੇਡਾਂ ਤੋਂ ਵੀ ਪੈਸਾ ਕਮਾਉਣ ਦੇ ਯੋਗ ਹੋ ਗਏ ਹਨ, ਇਸ ਲਈ ਉਹ ਮਨੋਰੰਜਨ ਪ੍ਰਦਾਨ ਕਰਨ ਅਤੇ ਪੈਸਾ ਕਮਾਉਣ ਦੇ ਦੋਹਰੇ ਉਦੇਸ਼ ਦੀ ਸੇਵਾ ਕਰ ਰਹੇ ਹਨ।

ਨੌਕਰੀਆਂ - ਹਾਲ ਹੀ ਵਿੱਚ, ਵਿੱਤ ਮੰਤਰੀ ਦੁਆਰਾ ਜਾਰੀ ਕੀਤਾ ਗਿਆ ਕੇਂਦਰੀ ਬਜਟ ਨਾ ਸਿਰਫ ਘਰੇਲੂ ਸਮਰੱਥਾ ਨੂੰ ਮਜ਼ਬੂਤ ਕਰੇਗਾ, ਸਗੋਂ ਇਹ ਲੋਕਾਂ ਲਈ ਦੇਸ਼ ਵਿੱਚ ਹੋਰ ਰੁਜ਼ਗਾਰ ਸਿਰਜਣ ਦੇ ਨਾਲ ਹੋਰ ਰੁਜ਼ਗਾਰ ਲਿਆਉਣ ਵਿੱਚ ਮਦਦ ਕਰਨ ਵਿਚ ਸਹਾਈ ਹੋਵੇਗਾ। ਕਮਾਈਆਂ: ਵਧੇਰੇ ਵਿਅਕਤੀਆਂ ਦੇ ਔਨਲਾਈਨ ਗੇਮਿੰਗ, ਖਾਸ ਤੌਰ 'ਤੇ ਅਸਲ ਪੈਸੇ ਲਈ ਗੇਮਿੰਗ ਵੱਲ ਖਿੱਚਣ ਦੇ ਨਾਲ, ਗੇਮਿੰਗ ਉਦਯੋਗ ਨੇ ਗੇਮਿੰਗ ਦੇ ਸ਼ੌਕੀਨਾਂ ਲਈ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਉਦਯੋਗ ਲਈ ਪਿਆਰ ਤੋਂ ਪੈਸਾ ਕਮਾਉਣ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਖਿਡਾਰੀਆਂ ਕੋਲ ਆਪਣੀ ਪ੍ਰਤਿਭਾ ਨੂੰ ਪਰਖਣ ਅਤੇ ਬਹੁਤ ਹੀ ਮੁਨਾਫ਼ੇ ਵਾਲੇ ਨਕਦ ਇਨਾਮਾਂ ਲਈ ਮੁਕਾਬਲਾ ਕਰਨ ਦਾ ਮੌਕਾ ਹੁੰਦਾ ਹੈ। ਉਹ ਦਿਨ ਖਤਮ ਹੋ ਗਏ ਹਨ ਜਦੋਂ ਲੋਕ ਵੈੱਬ ਸੀਰੀਜ਼, ਸੰਗੀਤ, ਟੈਲੀਵਿਜ਼ਨ ਅਤੇ ਮੀਡੀਆ ਦੇ ਹੋਰ ਰੂਪਾਂ 'ਤੇ ਆਪਣੇ ਮਨੋਰੰਜਨ ਅਤੇ ਮਨੋਰੰਜਨ ਦੇ ਮੁੱਖ ਸਾਧਨ ਵਜੋਂ ਨਿਰਭਰ ਕਰਦੇ ਸਨ। ਇੰਟਰਨੈਟ ਪਹੁੰਚ ਅਤੇ ਮੋਬਾਈਲ ਗੇਮਿੰਗ ਸੰਭਾਵਨਾਵਾਂ ਦੀ ਵੱਧ ਰਹੀ ਉਪਲਬਧਤਾ ਦੇ ਨਤੀਜੇ ਵਜੋਂ ਲੋਕਾਂ ਵਿੱਚ ਤਣਾਅ ਤੋਂ ਆਰਾਮ ਅਤੇ ਆਜ਼ਾਦੀ ਦੀ ਵਧੇਰੇ ਭਾਵਨਾ ਹੈ। ਵਿਸ਼ਵ ਸਿਹਤ ਸੰਗਠਨ ਨੇ ਆਨਲਾਈਨ ਖੇਡਾਂ ਨੂੰ ਕੋਕੀਨ ਅਤੇ ਜੂਏ ਵਰਗੀ ਮਾਨਸਿਕ ਬੀਮਾਰੀ ਦੱਸਿਆ ਹੈ, ਦੇਸ਼ ਅਤੇ ਇਸ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਬਚਾਉਣ ਲਈ ਇਸ ਖਤਰਨਾਕ ਰੁਝਾਨ ਨੂੰ ਰੋਕਣ ਲਈ ਗੰਭੀਰ ਸੋਚ ਦੀ ਲੋੜ ਹੈ। ਇਹ ਤਾਂ ਹੀ ਹੋ ਸਕਦਾ ਹੈ, ਜੇਕਰ ਸਰਕਾਰਾਂ ਤੇ ਮਾਂ-ਬਾਪ ਤੇ ਸਾਰੀ ਅਵਾਮ ਇਕ ਦੂਸਰੇ ਨਾਲ ਮਿਲ ਕੇ ਇਕ ਦੂਜੇ ਦੇ ਮੋਢੇ ਨਾਲ ਮੋਢਾ ਲਗਾ ਕੇ ਚੱਲਣ ਅਤੇ ਇਸ ਵਧ ਰਹੀ ਹਰ ਵਰਗ ਦੇ ਇੰਨਸਾਨਾਂ ਵਿਚ ਆਨਲਾਇਨ ਮੌਬਿਲ ਗੇਮਾਂ ਦੇ ਵੱਧ ਰਹੇ ਪਸਾਰੇ ਨੂੰ ਰੋਕਿਆਂ ਜਾ ਸਕੇ।




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 365
Website: www.preetnama.com Email preetnamausa@gmail.com
07 AUGUST TO 13 AUGUST, 2026

# धर्मनिरपेक्षता के मायने समझे हमारा भटकता समाज

**– सुरेश हिंदुस्थानी**

किसी भी देश के शक्तिशाली होने के निहितार्थ होते हैं। इन निहितार्थों का मन, वाणी और कर्म से अध्ययन किया जाए तो जो प्राकट्य होता है, वह यही प्रदर्शित करता है कि सबके भाव राष्ट्रीय हों, सबके अंदर एक दूसरे के प्रति सामंजस्य भाव की प्रधानता हो, लेकिन वर्तमान में समाज के बीच सामंजस्य के प्रयास कम और समाज के बीच भेद बनाने के प्रयास ज्यादा हो रहे हैं। जिसके चलते हमारी राष्ट्रीय अवधारणाएं तार-तार होती जा रही हैं। कौन नहीं जानता कि भारतीय समाज की इसी फूट के कारण भारत ने गुलामी के दंश को भोगा था। अंग्रेजों की नीति का अनुसरण करने वाले राजनीतिक दल निश्चित ही भारत के समाज में एकात्म भाव को स्थापित करने प्रयासों को रोकने का उपक्रम ही कर रहे हैं। जो संभवत: भारत की बढ़ती शक्ति से परेशान हैं। समाज को ऐसे षड्यंत्रों को समझने का प्रयास करना चाहिए। लम्बे समय से भारत में इस धारणा को समाज में संप्रेषित करने का योजनाबद्ध प्रयास किया गया कि मुस्लिम तुष्टिकरण ही धर्मनिरपेक्षता है। इसी के कारण गंगा जमुना तहजीब की अपेक्षा केवल हिन्दू समाज से ही की जाती रही है। भारत का हिन्दू समाज पुरातन समय से इस संस्कृति को आत्मसात किए हुए है। तभी तो इस देश में सभी संप्रदाय के व्यक्तियों को पर्याप्त सम्मान दिया गया। यह सभी जानते हैं कि कांग्रेस और समाजवादी पार्टी अपने आपको धर्मनिरपेक्ष राजनीतिक दल मानती है और इन्हीं दलों ने मुस्लिम वर्ग का तुष्टिकरण करने की राजनीति की। इसके कारण देश में जिस प्रकार से वर्ग भेद खाई पैदा हुई, उससे आज का वातावरण पूरी तरह से प्रदूषित हो रहा है। अभी हाल ही में जिस प्रकार से रामनवमी और हनुमान जन्मोत्सव की शोभायात्राओं पर पत्थबाजी की गई, वह देश के धर्मनिरपेक्ष स्वरूप की परिभाषा के दायरे में बिलकुल भी नहीं आता। धर्मनिरपेक्षता की सही परिभाषा यही है कि देश में धर्मों को समान दृष्टि से देखा जाए, लेकिन



क्या देश में समाज के द्वारा सभी धर्मों को समान रूप से देखने की मानसिकता विकसित हुई है। अगर नहीं तो फिर धर्मनिरपेक्षता का कोई मतलब ही नहीं है। धर्मनिरपेक्षता शब्द समाज में स्थापित करने में नाकाम साबित हो रहा है, इसके बजाय वर्ग भेद बढ़ाने में ही बहुत ज्यादा सहायक हो रहा है। हालांकि यह शब्द भारत के मूल संविधान का हिस्सा नहीं था। इंदिरा गांधी के शासन काल में आपातकाल के दौरान जोड़ा गया था। इस शब्द के आने के बाद ही देश में तुष्टिकरण की राजनीतिक भावना ज्यादा जोर मारने लगी। यहां हम हिन्दू और मुस्लिम वर्ग को अलग-अलग देखने को प्रमुखता नहीं दे रहे हैं। और न ही वस्तुत: ऐसा दृश्य दिखाने का प्रयास ही करना चाहिए। बात देश के समाज की है, जिसमें हिन्दू भी आता है और मुस्लिम भी। जब हम समाज के तौर पर चिंतन करेंगे तो स्वाभाविक रूप से हमें वह सब दिखाई देगा, जो एक निरपेक्ष व्यक्ति से कल्पना की जा सकती है। लेकिन इसके बजाय हम पूर्वाग्रह रखते हुए किसी बात का चिंतन करेंगे तो हम असली बातों से बहुत दूर हो जाएंगे। आज देश में यही हो रहा है। आज का मीडिया अखलाक और तबरेज की घटना को भगवा आतंक के रूप में दिखाने का साहस करता दिखता है, लेकिन इन घटनाओं के पीछे का सच जानने का प्रयास नहीं किया जाता। संक्षिप्त रूप में कहा जाए तो इन दोनों की अनुचित क्रिया की ही समाज ने प्रतिक्रिया की थी, जो समाज की जाग्रत अवस्था कही जा सकती है, लेकिन यही मीडिया उस समय अपनी आंखों पर पट्टी बांध लेता है, जब किसी गांव से हिन्दुओं के पलायन की खबरें आती हैं। जब महाराष्ट्र के पालघर में दो संतों की पीट पीट कर हत्या कर दी जाती है। इसी प्रकार महाराष्ट्र में हनुमान चालीसा पढ़ने की कवायद पर सांसद नवनीत राणा और उनके पति रवि राणा पर राष्ट्रद्रोह का प्रकरण दर्ज हुआ है। हो सकता है कि राणा दंपत्ति का तरीका गलत हो, लेकिन कम से कम भारत में हनुमान चालीसा पढ़ने को गलत तो नहीं ठहराया जा सकता। जब हम अभिव्यक्ति की स्वतंत्रता की बात करते हैं तो हिन्दू समाज के व्यक्तियों की ओर से की गई जायज कार्यवाही को इस दायरे से बाहर क्यों रखा जाता है। क्या भारत में केवल उन्हीं स्वरों को अभिव्यक्ति की आजादी के दायरे में लाया जाना चाहिए, जो देश तोड़ने की बात करते हैं। विसंगति तो यह है कि ऐसे स्वरों को राजनीतिक समर्थन भी मिल जाता है। महाराष्ट्र की घटना राष्ट्रद्रोह की श्रेणी में इसलिए भी नहीं आ सकती, क्योंकि उनकी घोषणा सरकार के मुख्यालय पर हनुमान चालीसा पढ़ने की नहीं थी, वह तो एक समय हिन्दुत्व के केन्द्र रहे मातोश्री के बाहर ऐसा करने का प्रयास कर रहे थे। ऐसे में सवाल यह भी उठता है कि क्या वास्तव में शिवसेना अपने मूल उद्देश्य से भटक रही है, क्या उसे हिन्दुत्व नापसंद आने लगा है? वे बाबरी ढांचे को गिराने के बारे में सीना ठोककर यह दावा करते हैं कि यह हमने किया। लेकिन राम भक्त हनुमान की प्रशंसा में की जाने वाली कार्यवाही पर विराम लगाने का कार्य करते हैं।अब फिर से हम अपने मूल विषय पर आते हैं।

## समाजिक हिंसा पर संयम दिखाने की नसीहत

# सरकार ने टीवी चैनल्स को दिखाया दर्पण:देर आयद दुरुस्त आयद

**– निर्मल रानी**

भारत सरकार के सूचना एवं प्रसारण मंत्रालय ने गत दिनों टीवी चैनल्स के लिये एक चेतावनी रुपी ऐडवाइज़री जारी की है। मंत्रालय ने इस ऐडवाइज़री के माध्यम से रूस व यूक्रेन के बीच छिड़े युद्ध तथा पिछले दिनों राजधानी दिल्ली के जहांगीरपुरी इलाक़े में भड़की सांप्रदायिक हिंसा के बाद देश के मुख्य धारा के निजी टीवी चैनलों के प्रसारण के तरीक़ों व इनसे संबंधित कार्यक्रमों में अपनाई गयी आपत्तिजनक भाषा व शीर्षक आदि पर सख़्त एतराज़ जताते हुये कहा है कि कुछ चैनल इन घटनाओं के प्रसारण में सामाजिक रूप से अस्वीकार्य भाषा का इस्तेमाल करते हुये इन्हें भ्रामक और सनसनीखेज़ तरीक़े से प्रसारित कर रहे हैं। सूचना एवं प्रसारण मंत्रालय ने झूठे दावे करने और अस्वीकार्य भाषा का प्रयोग करने वाले ऐसे टी वी चैनल्स को चेतावनी देते हुए कहा है कि ,यदि आवश्यक समझा जाएगा तो केबल टेलीविज़न नेटवर्क (विनियमन) अधिनियम, 1995 में निर्धारित प्रावधानों के अंतर्गत इस प्रकार के चैनल्स अथवा ऐसे आपत्तिजनक कार्यक्रमों के प्रसारण को प्रतिबंधित भी किया जा सकता है।

टी वी चैनल्स को भेजी गयी अपने ऐडवाइज़री में सरकार ने विभिन्न चैनल्स द्वारा प्रसारित की गयी भोंडे,अनावश्यक तथा भड़काऊ व उकसाने वाले कई आपत्तिजनक शीर्षक का ज़िक्र भी किया। उदाहरण के तौर पर रूस-यूक्रेन युद्ध के संबंध में 18 अप्रैल 2022 को एक टी वी चैनल ने यूक्रेन में एटमी हड़कंप के शीर्षक से कार्यक्रम प्रसारित किया। इस रिपोर्ट में कई अंतरराष्ट्रीय संस्थाओं का हवाला ग़लत व अनावश्यक तरीक़े से दिया गया। इसी तरह एक चैनल ने लोगों को भयभीत करते हुये यह ख़बर प्रसारित कर डाली कि %रूस ने यूक्रेन पर परमाणु हमले के लिए 24 घंटे की डेडलाइन दी है%। इसी तरह परमाणु पुतिन से परेशान जेलेंस्की आधिकारिक रूसी मीडिया ने कहा है कि तीसरा विश्व युद्ध शुरू हो चुका है। आदि भ्रामक ख़बरें चलायीं गयीं। यहाँ तक कि एक चैनल द्वारा अपने झूठे दावों की पुष्टि करते हुये एक वीडियो भी दिखाया गया जिसमें कि रूसी राष्ट्रपति पुतिन को अपने साथ कथित रूप से एक न्यूक्लियर ब्रीफ़ केस लेकर चलते हुये दिखा दिया। इसी प्रकार के अनेक सनसनीखे़ज़ शीर्षक जैसे न्यूक्लियर निशाना, हैरतअंगेज़ खुलासा वर्ल्ड वॉर का। यूक्रेन से पुतिन का परमाणु प्लान तैयार?, %एटम बम गिरेगा? तीसरा विश्व युद्ध शुरू होगा ये रात क़यामत वाली है%, रूस परमाणु हमला कब करेगा,कहां करेगा? तथा विश्व युद्ध के मुहाने पर दुनिया जैसे सनसनीखे़ज़ शीर्षक लगाने व ऐसे शीर्षक पर आधारित कार्यक्रम प्रसारित करने का भी ज़िक्र ऐडवाइज़री में किया गया है इसी तरह सरकार ने दिल्ली जहांगीरपुरी हिंसा की रिपोर्टिंग के उकसाऊ व आपत्तिजनक तरीक़ों व इनसे संबंधित भड़काऊ शीर्षक व कार्यक्रमों का भी उल्लेख किया। जैसे दिल्ली में अमन के दुश्मन कौन, बड़ी साज़िश दंगे वाली, करौली, खरगौन वाया दिल्ली, हिंसा से एक रात पहले साज़िश का वीडियो 'अली ङ्क्षह्य बली, कहां कहां खलबली?' और अली, बजरंगबली पर खलबली तथा एक टी वी चैनल द्वारा प्रसारित हुंकार% शीर्षक के कार्यक्रम में प्रयुक्त आपत्तिजनक भाषा के प्रयोग का ज़िक्र करते हुये सभी टी वी चैनल्स को नियमों के अंतर्गत ही कार्यक्रम प्रसारित करने का निर्देश दिया है। सूचना एवं प्रसारण मंत्रालय के अनुसार चैनल्स ने समाचारों में असंसदीय, भड़काऊ और सामाजिक रूप से अस्वीकार्य भाषा का प्रयोग किया तथा सांप्रदायिक टिप्पणियों और अपमानजनक संदर्भों वाली बहसें प्रसारित कीं, जो दर्शकों पर नकारात्मक मनोवैज्ञानिक प्रभाव डाल सकती हैं और सांप्रदायिक वैमनस्य को भी भड़का सकती हैं। इससे बड़े पैमाने पर शांति भंग हो सकती है।'

सरकार द्वारा टी वी चैनल्स के लिये जारी यह दिशा निर्देश नि:संदेह सराहनीय हैं। यह काम तो सरकार को बहुत पहले ही कर लेना चाहिए था। क्योंकि देश के अनेक टी वी चैनल्स यहाँ तक की देश में सबसे अधिक टी आर पी बटोरने वाले टी वी चैनल्स तो कई वर्षों से इस तरह के सामाजिक विष रोपण का काम करते आ रहे हैं। इनमें कई चैनल्स के स्वामी तो सत्तारूढ़ दल के सांसद व सत्ता के क़रीबी उद्योगपति हैं। विगत लगभग एक दशक से इन्होंने भारतीय समाज को अपने ऐसे ही भोंडे कार्यक्रमों, शीर्षकों व अति आपत्तिजनक शब्दावलियों से विभाजित करने में कोई कसर बाक़ी नहीं छोड़ी। कार्यक्रमों के सीधे प्रसारण में लात-जूते,धक्का मुक्की,गली गलोच,नागिन डांस, शस्त्र प्रदर्शन, अपने पूर्वाग्रह के चलते शीर्ष संवैधानिक पदों पर बैठे लोगों के लिये अपमानजनक भाषा का प्रयोग,रिश्वतख़ोरी के इलज़ाम में तथाकथित %प्रसिद्ध % ऐंकर का तिहाड़ जेल जाना,टी आर पी बढ़ाने लिये लोगों में पैसे बांटना जैसी तमाम शर्मनाक परिस्थितियों का सामना अनेक भारतीय निजी टी वी चैनल्स करते आ रहे हैं।

# क्या नपुंसकता की समस्या लाइलाज है



डॉक्टर अरविन्द प्रेमचंद जैन

स्त्रियों और पुरुषों में यह समस्या उनके हार्मोन्स के कम हो जाने के कारण भी होती है । बहुत सारे ऐसे भी होते हैं जो देखने में बिल्कुल सुडोल दिखेंगे परन्तु वह नपुंसक हो सकते हैं । पुरुषों के अंदर कुछ ऐसी बाते हो सकती हैं जिनसे पता लगाया जा सकता कि क्या वह नपुंसक है जैसे जो पुरुष सेक्स क्रिया के दौरान अच्छे तरीके से सेक्स संबंध नहीं बना पाता या फिर बहुत जल्दी वह स्खलित हो जाता है ।

इसके अलावा वर्तमान में 25 से 30 वर्ष के मध्य युवा और युवतियों में इस रोग बहुत अधिक हैं ण्कारण हस्तमैथुन लड़की और लड़के दोनों ब्लू फिल्म देखने के करते हैं दूसरा देर से शादी होने से एरात्रिकालीन वीर्य स्खलन होने के कारण एदिन रात का वासना में डुबे रहने से मानसिक तनाव और शारीरिक कमजोरी के कारण इस रोग से पीड़ित हो रहे हैं

संकल्पप्रवानो नित्यं प्रियां वश्यामपि स्त्रियंण

ना याति लिंगशैथिल्यात कदचिद्याति व यदि ण्श्वासहारत: स्वीचशगात्राश्च मोह्संकापलापचेष्टा:

ग्लैशिश्नाचश निर्बीजे:स्यादेतत क्लेबिलक्षणं ण्सामान्यलक्षणे ह्लॅटद्धिस्त्रेण प्रवक्ष्यते ;चरक चिकित्सा स्थान 155ए156ए157 ध30 द्ध

यह श्लोक आयुर्वेद के ग्रन्थ चरक संहिता से लिया गया है इसके रचियता आचार्य चरक जी हैं उन्होंने इस श्लोक में नपुंसकता के कुछ लक्षण बताए हैं वह कहते हैं कि जब कोई व्यक्ति स्त्रीसम्भोग की लालसा की वासना में हमेशा लिप्त रहता है और उसको कोई वश में करने वाली या आदेश का पालन करने वाली ललना भी उपलब्ध हो जाती है फिर भी वह अपने लिंग के उत्तेजित ना होने के कारण समर्थ नही होता फिर भी वह कामुकतावश वह सम्भोग को देखता है तब उसका दम फूलना पसीने छूटना लिंग शिथिल हो जाना और वह वीर्य रहित हो जाता है ये सभी नपुंसकता के सामान्य से लक्षण हैं ।

महिलाओं में ही नहीं पुरुषों में भी होती है बांझपन की दिक्कत हैं

खानपान की गलत आदतें गलत लाइफस्टाइल और बढ़ते स्ट्रेस की वजह से पुरुषों में भी इन्फर्टिलिटी के मामले तेजी से बढ़ रहे हैं। ऐसे में हम आपको बता रहे हैं उन संकेतों के बारे में जिनसे आप जान सकते हैं कि कहीं आप तो नहीं हो रहे इन्फर्टिलिटी का शिकार।

आपने 1.2 महीने तक कोशिश की लेकिन आप प्रेग्नेंट नहीं हो पायीं तो इसका मतलब ये नहीं कि आप इन्फर्टिलिटी का शिकार हैं या आप मां नहीं बन सकतीं। डॉक्टर्स और गाइनैकॉलजिस्ट्स की मानें तो करीब 1 साल तक अनप्रोटेक्टेड सेक्स करने के बाद भी अगर आप प्रेग्नेंट नहीं हो पाती हैं तो इस परिस्थिति को इन्फर्टिलिटी की कैटिगरी में रखा जा सकता है और फिर आपका परेशान होना वाजिब भी है।

**संकेतों से जानें कहीं आप भी तो नहीं इन्फर्टिलिटी के शिकार**

हमारे देश में जब बात इन्फर्टिलिटी या बांझपन की आती है तो ज्यादातर मौकों पर यही समझा जाता है कि दिक्कत महिला में ही होगीए इसीलिए वह बच्चा पैदा नहीं कर पा रही है। लेकिन यह सोच और मानसिकता पूरी तरह से गलत है। भागती.दौड़ती जिंदगी खानपान की गलत आदतें गलत लाइफस्टाइल और बढ़ते स्ट्रेस की वजह से पुरुषों में भी इन्फर्टिलिटी के मामले तेजी से बढ़ रहे हैं। ऐसे में अगर समय रहते इन्फर्टिलिटी का पता चल जाए तो सही इलाज के जरिए प्रेग्नेंसी के चांसेज को बढ़ाया जा सकता है।

**महिलाओं में बांझपन के लक्षण**

1. अनियमित पीरियड्स–पीरियड्स साइकल हर किसी का अलग.अलग होता है लेकिन आमतौर पर औसतन एक फीमेल का पीरियड्स साइकल 28 दिनों का होता है। लेकिन अगर आपका साइकल हर महीने अलग.अलग है यानी कभी 35 दिन का तो कभी 25 दिन का या फिर किसी महीने पीरियड्स आए ही नहीं तो इस स्थिति को अनियमित पीरियड्स कह सकते हैं। ऐसा आमतौर पर हॉर्मोन्स से जुड़ी दिक्कत जैसे पीसीओडी या फिर किसी और बीमारी की वजह से हो सकता है और ये इन्फर्टिलिटी को बढ़ाने के लिए जिम्मेदार माना जाता है।

**2. सेक्स के दौरान बहुत दर्द होना**

अगर किसी महिला को सेक्स के दौरान हद से ज्यादा दर्द होता है तो यह सेहत से जुड़ी किसी समस्या का संकेत हो सकता है जो कहीं ना कहीं महिला की फर्टिलिटी को भी प्रभावित करता है। उदाहरण के लिए अगर किसी फीमेल को फाइब्रॉयड्स की दिक्कत है वजाइनल इंफेक्शन या फिर एन्डोमेट्रिऑसिस की बीमारी है तो उसे सेक्स के दौरान ज्यादा दर्द होगा और इन्फर्टिलिटी का रिस्क भी बढ़ जाएगा।

**3. हेवी पीरियड्स जिसमें दर्द ज्यादा हो**

पीरियड्स के दौरान थोड़ा बहुत दर्द और क्रैम्प्स होना सामान्य सी बात है लेकिन अगर आपको पीरियड्स के दौरान हद से ज्यादा दर्द होए क्रैम्प्स हों या फिर आपको नॉर्मल से बहुत ज्यादा ब्लीडिंग हो रही हो तो ये भी एन्डोमेट्रियॉसिस बीमारी का संकेत हो सकता है जो महिलाओं की फर्टिलिटी को प्रभावित करता है।

**5. हॉर्मोन्स में होने वाला बदलाव**

आपके शरीर में अगर हॉर्मोन्स का बैलेंस बिगड़ भी जाएगा तो आपको तब तक इस बात का पता नहीं चलेगा जब तक आप इसका टेस्ट न करवाएं। लेकिन कुछ बातें और संकेत हैं जिसके जरिए आप जान सकती हैं कि शरीर में हॉर्मोन्स का बैलेंस सही है या नहीं। जैसे. अगर अचानक वजन बढ़ने लगे बहुत ज्यादा पिंपल्स या मुंहासों की दिक्कत होने लगे हाथ.पैर ठंडे रहने लगें सेक्स ड्राइव कम हो जाए चेहरे पर अनचाहे बाल उगने लगें बाल गिरने लगें और बेहद पतले होने लगें तो ये सब हॉर्मोन्स में चेंज का संकेत है जिसका संबंध इन्फर्टिलिटी से भी हो सकता है।

**पुरुषों में इन्फर्टिलिटी के संकेत.....**

1. सेक्स ड्राइव में कमी

पुरुषों की फर्टिलिटी भी उनके हॉर्मोनल हेल्थ से जुड़ी होती है। दरअसल पुरुषों की संतान उत्पन्न करने की शक्ति भी उनके हॉर्मोन्स पर निर्भर करती है और अगर इसमें किसी तरह का बदलाव होता है तो यह इन्फर्टिलिटी का संकेत हो सकता है। ऐसे में अगर पुरुषों में सेक्स ड्राइव कम हो जाए तो ये भी इन्फर्टिलिटी का एक लक्षण हो सकता है।

# रोजाना पैदल चलने की आदत डालें और रहें सेहतमंद



रोज़ाना 80 मिनट तक पैदल सैर करने से बहुत से फायदे हैं इससे न सिर्फ शरीर में ऊर्जा बनी रहती है बल्कि यह काफी रोगों से छुटकारा पाने या रोगों को दूर रखने का तरीका भी है। जानें हर दिन पैदल चलने से आपको क्या.क्या फायदें होंगे।

पैदल चलना न केवल आपके पैसे बचाता है बल्कि सेहत के लिए भी बेहद लाभदायक है। विशेषज्ञों के अनुसार कुछ कदम पैदल चलने से कई तरह की बीमारियों से बचाव के अलावा मानसिक मजबूती भी मिलती है। बावजूद इसके लोग थोड़ा.सा भी पैदल चलने से कतराते हैं। यहां तक कि ऑफिस कॉलेज या शॉपिंग मॉल में सीढ़ियों की बजाय लिफ्ट का इस्तेमाल करते हैं। एक रिपोर्ट के अनुसार रोजाना 20 मिनट भी पैदल चला जाए तो इससे बिगड़े हुए ग्लूकोज के स्तर को ठीक किया जा सकता है साथ ही दिल की बीमारियों से भी बचा जा सकता है। आइए जानते हैं पैदल चलने के फायदे:–

कदम बढ़ाएं दर्द भगाएं

विशेषज्ञों के अनुसार यदि दिन में 80 मिनट भी पैदल चला जाए तो घुटने कूल्हे में दर्द से राहत के साथ ही टखनों या पैरों में आई जकड़न को दूर किया सकता है। इसके साथ ही हफ्ते में 80 मिनट तेज चलना चाहिए क्योंकि इससे कई तरह की बीमारियां दूर की जा सकती हैं। एक अध्ययन के अनुसार रोजाना दो हजार कदम चलने वाले लोगों में हार्ट अटैक से होने वाली मौतों में 10 प्रतिशत जोखिम कम पाया गया है। इस स्टडी को 6 साल तक किया गया और उसके बाद यह परिणाम निकला कि पैदल चलना सेहत के लिए बेहद लाभदायक है। ण्पैदल चलने से ब्रेन में सेरोटोनिन नामक केमिकल रिलीज होता है। इससे लोग मानसिक रूप से बेहतर होते हैं।

**होगा फील गुड**

ਇਹੀ ਸਿਧਾਂਤ ਗੁਜਰਾਤ ਦੀਆਂ ਸ਼ਿਕਾਇਤਾਂ 'ਤੇ ਵੀ ਲਾਗੂ ਹੁੰਦਾ ਹੈ। ਕੈਨੇਡਾ ਦੇ ਵੀਜ਼ੇ, ਨੌਕਰੀਆਂ ਅਤੇ ਪੀ ਆਰ ਦੇ ਵਾਅਦਿਆਂ ਨਾਲ ਜੁੜੇ ਮਾਮਲਿਆਂ ਵਿੱਚ ਕਥਿਤ ਨੁਕਸਾਨ 7,000 ਡਾਲਰ ਤੋਂ ਲੈ ਕੇ 50,000 ਡਾਲਰ ਤੋਂ ਵੱਧ ਦੱਸਿਆ ਗਿਆ। ਇਹ ਅੰਕੜੇ ਹਾਲੇ ਦੋਸ਼ ਹਨ, ਅਦਾਲਤੀ ਫ਼ੈਸਲੇ ਨਹੀਂ। ਫਿਰ ਵੀ ਅਹਿਮਦਾਬਾਦ, ਗਾਂਧੀਨਗਰ ਅਤੇ ਵਡੋਦਰਾ ਵਿੱਚ 17 ਕਨਸਲਟੈਂਸੀ ਫਰਮਾਂ 'ਤੇ ਪੁਲਿਸ ਦੀਆਂ ਛਾਪੇਮਾਰੀਆਂ ਨੇ ਦੱਸ ਦਿੱਤਾ ਕਿ ਚਿੰਤਾ ਕਿੰਨੀ ਵੱਡੀ ਹੋ ਚੁੱਕੀ ਸੀ। ਇਥੇ ਤਿੰਨ ਸਵਾਲਾਂ ਖੜ੍ਹੇ ਹੁੰਦੇ ਹਨ। ਕੀ ਬਿਨੈਕਾਰ ਨੇ ਜਾਣਬੁੱਝ ਕੇ ਝੂਠੇ ਦਸਤਾਵੇਜ਼ ਜਮ ?ਹਾਂ ਕੀਤੇ ? ਕੀ ਏਜੰਟਾਂ ਨੇ ਬਿਨੈਕਾਰ ਨੂੰ ਧੋਖਾ ਦਿੱਤਾ ? ਕੀ ਕਾਲਜਾਂ, ਰੈਗੂਲੇਟਰਾਂ ਅਤੇ ਸਰਕਾਰਾਂ ਨੇ ਸਭ ਕੁਝ ਜਾਣਦੇ ਹੋਏ ਵੀ ਅੱਖਾਂ, ਕੰਨ ਆਦਿ ਸਭ ਬੰਦ ਰੱਖਿਆਂ ? ਇਨ੍ਹਾਂ ਸਵਾਲਾਂ ਦੇ ਜਵਾਬ ਕੌਮੀਅਤ ਜਾਂ ਲੋਕਾਂ ਦਾ ਗੁੱਸਾ ਨਹੀਂ ਦੇ ਸਕਦੇ। ਭੁਗਤਾਨ ਦੇ ਰਿਕਾਰਡ, ਸੁਨੇਹੇ, ਅਰਜ਼ੀ ਦੀਆਂ ਫਾਈਲਾਂ ਅਤੇ ਦਸਤਾਵੇਜ਼ਾਂ ਦਾ ਇਤਿਹਾਸ ਦੇ ਸਕਦੇ ਹਨ। ਜਾਅਲੀ ਕਾਲਜ ਪੱਤਰਾਂ ਨਾਲ ਜੁੜੇ 108 ਮਾਮਲਿਆਂ ਦੀ ਆਈ ਆਰ ਸੀ ਸੀ ਵੱਲੋਂ ਕੀਤੀ ਸਮੀਖਿਆ ਦੱਸਦੀ ਹੈ ਕਿ ਹਰ ਅਰਜ਼ੀ ਦੀ ਵੱਖਰੇ ਤੌਰ 'ਤੇ ਜਾਂਚ ਕਿਉਂ ਲੋੜੀਂਦੀ ਹੈ। ਕਈ ਅਰਜ਼ੀਆਂ ਅਸਲ ਸਨ ਅਤੇ ਕੁਝ ਬਿਨੈਕਾਰਾਂ ਨੂੰ ਅਸਥਾਈ ਨਿਵਾਸ ਪਰਮਿਟ ਮਿਲੇ। ਇਹ ਪਰਮਿਟ ਸਥਾਈ ਨਿਵਾਸ ਨਹੀਂ ਹੁੰਦਾ, ਪਰ ਸਰਕਾਰ ਨੂੰ ਵਿਅਕਤੀ ਦੇ ਹਾਲਾਤਾਂ ਦੀ ਨਿਰਪੱਖ ਜਾਂਚ ਲਈ ਸਮਾਂ ਦੇ ਸਕਦਾ ਹੈ।

ਜ਼ਿੰਮੇਵਾਰੀ ਸਿਰਫ਼ ਵਿ ?ਦਆਰਥੀਆਂ ਦੀ ਨਹੀਂ। ਕਾਲਜਾਂ ਨੂੰ ਆਪਣੇ ਭਰਤੀ ਭਾਈਵਾਲਾਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਕਮਿਸ਼ਨ ਦੀ ਜਾਣਕਾਰੀ ਜਨਤਕ ਕਰਨੀ ਚਾਹੀਦੀ ਹੈ। ਕਾਲਜ ਆਫ਼ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ ਦੇ ਨਿਯਮਾਂ ਹੇਠ ਕੰਮ ਕਰਨ ਵਾਲੇ ਲਾਇਸੰਸਸ਼ੁਦਾ ਸਲਾਹਕਾਰਾਂ ਨੂੰ ਆਪਣੇ ਵੱਲੋਂ ਕੰਮ ਕਰਨ ਵਾਲੇ ਏਜੰਟਾਂ ਲਈ ਜਵਾਬਦੇਹ ਰਹਿਣਾ ਪਵੇਗਾ। ਰੈਗੂਲੇਟਰਾਂ ਨੂੰ ਸਿਰਫ਼ ਲੜੀ ਦੇ ਅਖੀਰ ਵਿੱਚ ਖੜ੍ਹੇ ਵਿ ?ਦਆਰਥੀ ਦੀ ਜਾਂਚ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਠੇਕੇ, ਬੈਂਕ ਲੈਣ-ਦੇਣ ਅਤੇ ਇਸ਼ਤਿਹਾਰਾਂ ਸਮੇਤ ਪੈਸੇ ਦੇ ਪੂਰੇ ਰਸਤੇ ਦੀ ਜਾਂਚ ਕਰਨੀ ਚਾਹੀਦੀ ਹੈ। ਆਈ ਆਰ ਸੀ ਸੀ ਸਾਫ਼ ਚੇਤਾਵਨੀ ਦਿੰਦਾ ਹੈ ਕਿ ਕੋਈ ਵੀ ਨੁਮਾਇੰਦਾ ਵੀਜ਼ਾ, ਨੌਕਰੀ, ਵਰਕ ਪਰਮਿਟ ਜਾਂ ਪੀਆਰ ਦੀ ਗਾਰੰਟੀ ਨਹੀਂ ਦੇ ਸਕਦਾ। ਇਹ ਫ਼ੈਸਲੇ ਇਮੀਗ੍ਰੇਸ਼ਨ ਅਧਿਕਾਰੀ, ਸੂਬਾਈ ਸਰਕਾਰਾਂ ਅਤੇ ਨੌਕਰੀ ਦੇਣ ਵਾਲੇ ਕਰਦੇ ਹਨ। ਸਹੀ ਸਲਾਹ ਵਿੱਚ ਯੋਗਤਾ, ਖ਼ਰਚਾ ਅਤੇ ਖ਼ਤਰੇ ਸਪਸ਼ਟ ਕੀਤੇ ਜਾਂਦੇ ਹਨ। ਇਸ ਵਿੱਚ ਇਹ ਵੀ ਦੱਸਿਆ ਜਾਂਦਾ ਹੈ ਕਿ ਯੋਗ ਨੌਕਰੀ ਨਾ ਮਿਲਣ ਜਾਂ ਨਿਯਮ ਬਦਲ ਜਾਣ 'ਤੇ ਕੀ ਹੋਵੇਗਾ। ਅਰਜ਼ੀਆਂ 'ਤੇ ਦਸਤਖ਼ਤ ਕਰਨ ਅਤੇ ਕਰਜ਼ਾ ਲੈਣ ਵਾਲੇ ਬਾਲਗਾਂ ਦੀ ਆਪਣੀ ਜ਼ਿੰਮੇਵਾਰੀ ਹੈ। ਪਰ ਇਹ ਝੂਠੀ ਇਸ਼ਤਿਹਾਰਬਾਜ਼ੀ, ਜਾਅਲੀ ਦਸਤਾਵੇਜ਼ਾਂ ਜਾਂ ਲੁਕਾਏ ਗਏ ਖ਼ਤਰਿਆਂ ਨੂੰ ਜਾਇਜ਼ ਨਹੀਂ ਬਣਾਉਂਦਾ। ਕੈਨੇਡਾ ਨੇ ਹਰ ਪਰਿਵਾਰ ਨੂੰ ਨਿੱਜੀ ਤੌਰ 'ਤੇ ਸਥਾਈ ਨਿਵਾਸ ਦਾ ਵਾਅਦਾ ਨਹੀਂ ਕੀਤਾ ਸੀ, ਪਰ ਕੈਨੇਡੀਅਨ ਸੰਸਥਾਵਾਂ ਨੂੰ ਉਸ ਪ੍ਰਣਾਲੀ ਤੋਂ ਲਾਭ ਮਿ ?ਲਆ ਜਿਸ ਵਿੱਚ ਇਹ ਵਾਅਦਾ ਹੋਰ ਲੋਕ ਕਰ ਰਹੇ ਸਨ।

ਸਥਾਈ ਨਿਵਾਸ ਇਮੀਗ੍ਰੇਸ਼ਨ ਦਾ ਫ਼ੈਸਲਾ ਹੈ, ਕਾਲਜ ਦੇ ਦਾਖ਼ਲੇ ਨਾਲ ਵੇਚਿਆ ਜਾਣ ਵਾਲਾ ਉਤਪਾਦ ਨਹੀਂ। ਜਦੋਂ ਮੁਨਾਫ਼ੇ ਲਈ ਅਨਿਸ਼ਚਿਤਤਾ ਨੂੰ ਪੱਕੀ ਗੱਲ ਬਣਾਇਆ ਜਾਂਦਾ ਹੈ, ਤਾਂ ਇਸਦੀ ਕੀਮਤ ਉਹ ਲੋਕ ਚੁਕਾਉਂਦੇ ਹਨ ਜੋ ਇਸ ਨੁਕਸਾਨ ਨੂੰ ਸਹਿਣ ਦੀ ਸਭ ਤੋਂ ਘੱਟ ਸਮਰੱਥਾ ਰੱਖਦੇ ਹਨ।

ਸੁਰਜੀਤ ਸਿੰਘ ਫਲੋਰਾ
647-829-9397

## ਆਖਰੀ ਗੁਫ਼ਤਗੂ

ਆਰਥਿਕ ਪੱਖੋਂ, ਜਾਤ-ਪਾਤ ਤੇ ਪੜ੍ਹਾਈ-ਲਿਖਾਈ ਦੀ ਸਮਾਨਤਾ ਦੇ ਬਾਵਜੂਦ ਕੁਝ ਅਖੌਤੀ ਰਿਸ਼ਤੇਦਾਰਾਂ, ਮਾਪਿਆਂ ਅਤੇ ਸਮਾਜ ਨੇ ਕੰਵਰ ਤੇ ਪ੍ਰੀਤ ਦੇ ਸੱਚੇ ਤੇ ਰੂਹਾਨੀ ਇਸ਼ਕ ਨੂੰ ਪ੍ਰਵਾਨ ਨਹੀਂ ਕੀਤਾ। ਕਈ ਦਿਨਾਂ ਤੀਕਰ ਕੰਵਰ ਦੇ ਘਰ ਸ਼ੀਤ ਯੁੱਧ ਚੱਲਦਾ ਰਿਹਾ ਪਰ ਉਸਦੇ ਘਰਦੇ ਆਪਣੇ ਫੈਸਲੇ 'ਤੇ ਬਜਿੱਦ ਸਨ। ਜਬਰੀ ਤੇ ਜਜ਼ਬਾਤੀ ਤਸੀਹਿਆਂ ਨੇ ਕੰਵਰ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ। ਲੱਖ-ਕਰੋੜ ਹੀਲੇ ਵਰਤਣ ਦੇ ਬਾਵਜੂਦ ਵੀ ਮੁਹੱਬਤ ਪ੍ਰਵਾਨ ਨਾ ਚੜ੍ਹਦੀ ਦੇਖ ਕੰਵਰ ਨੇ ਆਖਰ ਆਪਣੇ ਦਿਲ 'ਤੇ ਪੱਥਰ ਰੱਖ ਲਿਆ। ਪ੍ਰੀਤ ਨੂੰ ਆਪਣੀ ਜ਼ਿੰਦਗੀ 'ਚੋਂ ਸਦਾ ਲਈ ਦੂਰ ਕਰਨ ਲਈ ਕੰਵਰ ਨੇ ਉਸਨੂੰ ਉਹੀ ਥਾਂ 'ਤੇ ਅਖੀਰਲੀ ਵਾਰ ਮਿਲਣ ਲਈ ਬੁਲਾਇਆ, ਜਿੱਥੋਂ ਉਨ੍ਹਾਂ ਦੇ ਪਿਆਰ ਦੀ ਸ਼ੁਰੂਆਤ ਹੋਈ ਸੀ। ਪਿਛਲੇ 5-6 ਸਾਲਾਂ ਦੌਰਾਨ ਜਦੋਂ ਵੀ ਪ੍ਰੀਤ ਨੂੰ ਮਿਲਣ ਨੂੰ ਬੁਲਾਇਆ, ਉਹ ਅੱਧੇ ਬੋਲ 'ਤੇ ਭੱਜੀ ਆਉਂਦੀ ਸੀ। ਹਰ ਵਾਰ ਵਾਂਗ ਅੱਜ ਵੀ ਉਹ ਇੱਕ ਫੋਨ ਕਾਲ 'ਤੇ ਸਾਹਮਣਿਓਂ ਮੁਸਕਰਾਹਟਾਂ ਬਖੇਰਦੀ ਹੋਈ ਕੰਵਰ ਵੱਲ ਆ ਰਹੀ ਸੀ। ਉਸਨੇ ਫਿੱਕੇ ਗੁਲਾਬੀ ਰੰਗ ਦੇ ਸੂਟ ਦੇ ਉੱਤੋਂ ਗੂੜ੍ਹੇ ਬ੍ਰਾਊਨ ਰੰਗ ਦੀ ਜੈਕਟ ਪਾਈ ਹੋਈ ਸੀ। ਆਪਣੀ ਆਦਤ ਮੁਤਾਬਿਕ ਖੱਬੇ ਹੱਥ ਦੀ ਉਂਗਲ 'ਚ ਆਪਣੇ ਸਕੂਟਰ ਦੀ ਚਾਬੀ ਘੁੰਮਾਉਂਦੀ ਤੇ ਦੂਜੇ ਹੱਥ ਨਾਲ ਮੱਥੇ 'ਤੇ ਡਿੱਗੀਆਂ ਜ਼ੁਲਫਾਂ ਨੂੰ ਸੰਵਾਰਦੀ ਹੋਈ ਨੇ ਕੋਲ ਆਉਂਦਿਆਂ ਹੀ ਮੁੰਡਿਆਂ ਵਾਂਗਰ ਆਪਣੀਆਂ ਅੱਖਾਂ ਦੇ ਭਰਵੱਟੇ ਉਤਾਂਹ ਚੁੱਕ ਕੇ ਕੰਵਰ ਦਾ ਹਾਲ ਚਾਲ ਪੁੱਛਿਆ ਸੀ। ਅੱਗੋਂ ਉਖੜੇ ਜਿਹੇ ਕੰਵਰ ਨੇ ਰਸਮੀ ਜਿਹਾ ਜਵਾਬ ਦਿੱਤਾ ਸੀ। ਚਹਿਕਦੀ ਹੋਈ ਪ੍ਰੀਤ ਕਹਿੰਦੀ, 'ਐਡੀ ਵੀ ਕੀ ਐਮਰਜੈਂਸੀ ਸੀ, ਪਤਾ ਵੀ ਹੈ ਟੈਸਟ ਸੀ ਮੇਰਾ ਅੱਜ ਕਾਲਜ 'ਚ, ਵਿੱਚੇ ਛੱਡ ਕੇ ਆਈ ਹਾਂ'। ਕੰਵਰ ਨੇ ਨਕਲੀ ਜਿਹੀ ਮੁਸਕਰਾਹਟ ਨਾਲ ਸਿਰਫ ਧੰਨਵਾਦ ਹੀ ਕਿਹਾ। ਹੈਰਾਨਗੀ ਜਿਹੀ 'ਚ ਅੱਖਾਂ ਮਟਕੇ ਕੇ ਪੁੱਛਣ ਲੱਗੀ, 'ਅੱਜ ਤਬੀਅਤ ਠੀਕ ਨਹੀਂ ਲੱਗਦੀ ਜਨਾਬ ਦੀ, ਦੇਖਿਓ ਕਿਤੇ ਕੋਈ ਹੋਰ ਤਾਂ ਨਹੀਂ ਲੱਭ ਲਈ, ਨਾਲੇ ਐਡੀਆਂ ਕਾਹਲੀਆਂ ਨਾ ਕਰਿਆ ਕਰੋ ਯਾਰ, ਸਾਨੂੰ ਹੋਰ ਵੀ ਕੰਮ ਹੁੰਦੇ ਨੇ'। 'ਹੁਣ ਆਪਾਂ ਸੀਰੀਅਸਲੀ ਗੱਲ ਕਰ ਲਈਏ ਜਿਸ ਲਈ ਮੈਂ ਬੁਲਾਇਆ', ਕੰਵਰ ਨੇ ਕਿਹਾ। 'ਹਾਏ ਓ ਰੱਬਾ, ਇੱਕ ਤਾਂ ਸੀਰੀਅਸ ਹੋਣਾ ਛੱਡ ਦਿਓ ਪਲੀਜ਼। ਨਾਲੇ ਮੇਰੀ ਗੱਲ ਸੁਣੋ, ਪਤੈ ਮੰਮੀ ਪੁੱਛਦੇ ਸੀ ਕਿ ਤੂੰ ਇਹ ਕੋਕਾ ਕਿੱਥੋਂ ਲਿਆਂਦੈ, ਤੂੰ ਤਾਂ ਕਦੀ ਨਾ ਕੰਨ ਬੰਨਾਏ, ਨਾ ਨੱਕ। ਚੱਲ ਛੱਡੋ, ਹੁਣ ਦੱਸੋ ਸੁੱਕੇ ਖੂਹ ਕੋਲ ਹੀ ਖੜ੍ਹਾ ਕੇ ਰੱਖਣਾ ਕਿ ਕੁਝ ਚਾਹ ਪਾਣੀ ਵੀ ਪੁੱਛੋਂਗੇ ਮੈਨੂੰ। ਇੰਨੀ ਧੁੰਦ ਪੈ ਰਹੀ ਹੈ ਰਸਤੇ 'ਚ, ਆਪ ਤਾਂ ਇਥੋਂ ਉੱਠ ਕੇ ਆ ਗਏ'। ਅੱਧਾ ਪੌਣਾ ਘੰਟਾ ਤਾਂ ਏਦਾਂ ਹੀ ਨਖ਼ਰੇ ਨਿਹੋਰੇ ਕਰਦੇ ਲੰਘ ਗਿਆ। ਫਿਰ ਅਚਾਨਕ ਉਹ ਕਹਿੰਦੀ, 'ਅੱਛਾ ਸੱਚ ਦੱਸਿਓ ਕਿ ਸੱਚੀਂ ਹੀ ਬੁੱਧੂ ਜਿਹੇ ਹੋ ਕਿ ਮੈਨੂੰ ਬੁੱਧੂ ਬਣਾਈ ਜਾਂਦੇ ਓ ਇੰਨੇ ਸਾਲਾਂ ਦੇ'। ਕੰਵਰ ਨੇ ਪੁੱਛਿਆ 'ਕਿਉਂ' ? 'ਕਿਉਂ ਕੀ, ਜੱਟੀ ਨੇ ਮਨਾ ਲਏ ਨਾ ਆਪਣੇ ਘਰ ਦੇ। ਤੁਸੀਂ ਪਤਾ ਨਹੀਂ ਕਦੋਂ ਗੱਲ ਕਰਨੀ ਆਪਣੇ ਪੇਰੈਂਟਸ ਨਾਲ, ਮੈਨੂੰ ਲੱਗਦਾ ਨਹੀਂ ਕਿ ਗੱਲ ਕਰੋਂਗੇ ਤੁਸੀਂ, ਫੁਕਰੀਆਂ ਮਾਰਨ ਜੋਗੇ ਹੀ ਓਂ'। ਤੁਰਦੇ ਤੁਰਦੇ ਉਹ ਦੋਵੇਂ ਉਸੇ ਖੰਡਰ ਕੋਲ ਚਲੇ ਗਏ ਜਿੱਥੇ ਕਈ ਥਾਵਾਂ 'ਤੇ ਉਨ੍ਹਾਂ ਦੋਵਾਂ ਦੇ ਨਾਂ ਉੱਕਰੇ ਹੋਏ ਸਨ। ਫਿਰ ਪ੍ਰੀਤ ਬੋਲੀ, 'ਅੱਛਾ ਹੁਣ ਸਮਝ ਲੱਗੀ ਐ ਮੈਨੂੰ ਕਿ ਕਾਹਦੇ ਲਈ ਬੁਲਾਇਐ। ਮੇਰੀ ਗੱਲ ਸੁਣੋ ਹੋਰ ਨਾਮ ਨਹੀਂ ਲਿਖਣੇ ਇੱਥੇ ਹੁਣ, ਪਤਾ ਨਹੀਂ ਕੌਣ-ਕੌਣ ਆਉਂਦੈ ਇੱਥੇ, ਤੁਹਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਛੁੱਟੀਆਂ ਕੱਟ ਕੇ ਚਲੇ ਜਾਣੈ ਵਾਪਸ, ਪਰ ਮੈਨੂੰ ਪਤੈ ਕਿੰਨੇ ਜੁਆਬ ਦੇਣੇ ਪੈਂਦੇ ਨੇ'। ਕੰਵਰ ਨੀਝ ਨਾਲ ਪ੍ਰੀਤ ਦੀਆਂ ਝੀਲ ਵਰਗੀਆਂ ਡੂੰਘੀਆਂ ਅੱਖਾਂ ਨੂੰ ਨਿਹਾਰਦਾ ਰਿਹਾ, ਜਦੋਂ ਤੱਕ ਉਸ ਨੇ ਝੁੰਜਲਾਹਟ ਜਿਹੀ 'ਚ ਨੀਵੀਂ ਨਾ ਪਾ ਲਈ। ਉਸ ਦੇ ਗੁਲਾਬੀ ਚਿਹਰੇ ਦਾ ਰੰਗ ਲਾਲ ਸੁਰਖ ਹੋ ਗਿਆ। ਕਹਿੰਦੀ, 'ਏਦਾਂ ਕਿਉਂ ਦੇਖਦੇ ਓ ਮੈਨੂੰ, ਪਹਿਲਾਂ ਕਦੇ ਦੇਖਿਆ ਨਹੀਂ ਕੀ' ? ਜਜ਼ਬਾਤਾਂ ਦੇ ਪੂਰੇ ਰੌਅ 'ਚ ਵਹਿੰਦੀਆਂ ਕੰਵਰ ਨੇ ਕਿਹਾ, 'ਦੇਖ ਲੈਣ ਦੇ ਅੱਜ ਜੀਅ ਭਰਕੇ ਯਾਰ, ਸ਼ਾਇਦ ਅੱਜ ਤੋਂ ਬਾਅਦ ਮੈਂ ਤੈਨੂੰ ਕਦੇ ਨਾ ਦੇਖ ਸਕਾਂ। ਸ਼ਾਇਦ, ਸ਼ਾਇਦ ਨਹੀਂ, ਸੱਚਮੁੱਚ ਆਪਾਂ ਅੱਜ ਆਖਰੀ ਵਾਰ ਮਿਲ ਰਹੇ ਹਾਂ ਪ੍ਰੀਤ'। ਕੰਵਰ ਨੂੰ ਚਿੜ੍ਹਾਉਂਦੀ ਹੋਈ ਪ੍ਰੀਤ ਕਹਿਣ ਲੱਗੀ, 'ਆਹੋ, ਆਖ਼ਰੀ ਵਾਰ ਮਿਲ ਰਹੇ ਆਂ ਪ੍ਰੀਤ..., ਥੋਨੂੰ ਪਤੈ ਨਾ ਮੈਨੂੰ ਇਹ ਗੱਲ ਮਜ਼ਾਕ 'ਚ ਵੀ ਭੋਰਾ ਪਸੰਦ ਨਹੀਂ'। ਕੰਵਰ ਨੇ ਉਦਾਸੀ ਭਰੇ ਲਹਿਜ਼ੇ ਨਾਲ ਕਿਹਾ, 'ਦੇਖ ਪ੍ਰੀਤ, ਹਰ ਹੀਲਾ ਵਰਤਿਆ ਤੈਨੂੰ ਪਾਉਣ ਦਾ, ਪਰ ਰੱਬ ਨੇ ਨਸੀਬਾਂ 'ਚ ਆਪਣਾ ਮੇਲ ਨਹੀਂ ਲਿਖਿਆ। ਮੇਰੇ ਘਰਦਿਆਂ ਨੇ ਅਗਲੇ ਮਹੀਨੇ ਮੇਰਾ ਵਿਆਹ ਕਰ ਦੇਣੈ, ਬਸ ਤੂੰ ਮੈਨੂੰ .... ਮੁਆਫ ਕਰ ਦੇਵੀਂ, ਜੇ ਹੋ ਸਕਿਆ ਤਾਂ'। ਕਾਰਨ ਪੁੱਛਣ 'ਤੇ ਕੰਵਰ ਨੇ ਮਨ ਕੈੜਾ ਕਰਦਿਆਂ ਇੱਕੋ ਸਾਹੇ ਸਾਰੀ ਗੱਲ ਦੱਸਦਿਆਂ ਕਿਹਾ, 'ਪਤਾ ਨਹੀਂ ਕਿਉਂ, ਮੈਨੂੰ ਕੁਝ ਸਮਝ ਨਹੀਂ ਆ ਰਿਹਾ, ਪਰ ਅੱਜ ਤੋਂ ਬਾਅਦ ਸਭ ਕੁਝ ਕਿਸੇ ਸੁਪਨੇ ਵਾਂਗ ਭੁੱਲ ਜਾਵੀਂ, ਸ਼ਾਇਦ ਤੇਰੀ ਬੇਬਾਕੀ ਪਸੰਦ ਨਹੀਂ ਉਨ੍ਹਾਂ ਨੂੰ..., ਬਸ ਤੂੰ ਮੈਨੂੰ ਭੁੱਲ ਜਾਵੀਂ ਯਾਰ। ਅੱਜ ਤੋਂ ਬਾਅਦ ਮੈਂ ਤੈਨੂੰ ਕਿਧਰੇ ਨਜ਼ਰ ਨਹੀਂ ਆਉਣਾ। ਸਮਝ ਲਵੀਂ ਕਿ ਇਹ ਇੱਕ ਅਧੂਰਾ ਖਵਾਬ ਸੀ। ਭਾਵੇਂ ਮੈਂ ਹਰ ਕੋਸਿਸ਼ ਕੀਤੀ ਪਰ ਤਾਂ ਵੀ ਮੈਂ ਤੇਰਾ ਗੁਨਾਹਗਾਰ ਹਾਂ ਪ੍ਰੀਤ। ਇੰਨਾ ਵਾਅਦਾ ਮੇਰਾ ਕਿ ਆਖਰੀ ਸਾਹ ਤੱਕ ਤੂੰ ਮੇਰੇ ਅੰਗ ਸੰਗ ਰਹੇਂਗੀ। ਚੰਗਾ, ਅਲਵਿਦਾ!' ਪ੍ਰੀਤ ਨੇ ਪਿੱਛੇ ਮੁੜਨ ਲੱਗੇ ਕੰਵਰ ਦਾ ਹੱਥ ਇੰਨੇ ਜੋਰ ਨਾਲ ਫੜਿਆ ਕਿ ਉਹ ਚਾਹ ਕੇ ਵੀ ਛੁੜਾ ਨਾ ਸਕਿਆ। ਆਪਣੀਆਂ ਭਿੱਜੀਆਂ ਅੱਖਾਂ ਕੰਵਰ 'ਤੇ ਟਿਕਾ ਦਿੱਤੀਆਂ ਤੇ ਵਾਸਤਾ ਜਿਹਾ ਪਾ ਕੇ ਪੁੱਛਣ ਲੱਗੀ ਕਿ ਦੱਸੋ ਮੇਰੀਆਂ ਅੱਖਾਂ 'ਚ ਕਿਤੇ ਪਿਆਰ ਦੀ ਘਾਟ ਨਜ਼ਰ ਆ ਰਹੀ ਹੈ ਤੁਹਾਨੂੰ। ਉਹੀ ਝੀਲ ਵਰਗੀਆਂ ਅੱਖਾਂ 'ਚੋਂ ਹੰਝੂਆਂ ਦੀ ਐਸੀ ਝੜੀ ਲੱਗੀ ਕਿ ਸਵੇਰ ਤੋਂ ਦੁਪਹਿਰ ਹੋ ਗਈ, ਪਰ ਪ੍ਰੀਤ ਚੁੱਪ ਨਾ ਹੋਈ। ਸਮੇਂ ਦਾ ਉਹ ਮੰਜ਼ਰ ਇਸ ਤਰ੍ਹਾਂ ਲੱਗਦਾ ਸੀ ਜਿੱਦਾਂ ਵਕਤ ਦੀਆਂ ਸੂਈਆਂ ਰੁਕ ਗਈਆਂ ਹੋਣ। ਕੰਵਰ ਦੀ ਛਾਤੀ 'ਤੇ ਮੁੱਕੀਆਂ ਮਾਰ-ਮਾਰ ਕਮੀਜ਼ ਦਾ ਬਟਨ ਤੋੜ ਦਿੱਤਾ ਸੀ। ਰੋਂਦੀ-ਰੋਂਦੀ ਕਹਿੰਦੀ, 'ਬਸ ਸਿਰਫ਼ ਇੰਨਾ ਕਹਿ ਦੋ ਕਿ ਤੁਸੀਂ ਮੇਰੇ ਨਾਲ ਹੋ। ਮੈਂ ਆਪੇ ਤੁਹਾਡੇ ਘਰਦਿਆਂ ਨੂੰ ਮਨਾ ਲਊਂ, ਮੈਂ ਸਾਰੀ ਦੁਨੀਆਂ ਨਾਲ ਲੜਲੂੰ, ਬਸ ਤੁਸੀਂ ਮੇਰੇ ਨਾਲ ਓ, ਦੱਸੋ ਨਾ ਪਲੀਜ਼ ਯਾਰ, ਮੈਨੂੰ ਸਮਝ ਨਹੀਂ ਆ ਰਹੀ ਕਿ ਆਖਰ ਗੱਲ ਕੀ ਹੋ ਗਈ, ਹੈਗੇ ਓ ਨਾ ਮੇਰੇ ਨਾਲ ਤੁਸੀਂ' ? ਉਸ ਦੀਆਂ ਉਹ ਉਮੀਦ ਤੇ ਹਸਰਤ ਭਰੀਆਂ ਅੱਖੀਆਂ ਨੂੰ ਮਜਬੂਰੀ ਵੱਸ ਨਾ-ਉਮੀਦ ਕਰ ਕੰਵਰ ਉਸ ਦੀ ਜ਼ਿੰਦਗੀ ਤੋਂ ਹਮੇਸ਼ਾਂ ਲਈ ਰੁਖ਼ਸਤ ਹੋ ਗਿਆ। ਉਸ ਦਿਨ ਤੋਂ ਬਾਅਦ ਪ੍ਰੀਤ ਕਦੇ ਵੀ ਉਸਨੂੰ ਨਾ ਮਿਲੀ ਅਤੇ ਨਾ ਹੀ ਕੰਵਰ ਕਦੇ ਪਹਿਲੀ ਤੇ ਅਖੀਰੀ ਮੁਲਾਕਾਤ ਵਾਲੀ ਉਹ ਜੂਹ ਟੱਪ ਸਕਿਆ।

ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ: 9888940211

# ਖੋਖਲੀ ਵਿਚਾਰਧਾਰਾ ਦੀ ਨੀਂਹ ’ਤੇ ਉਸਰੇ ਰਿਸ਼ਤੇ

ਬਰਜਿੰਦਰ ਕੌਰ ਬਿਸਰਾਓ...
9988901324

ਮਨੁੱਖ ਦਾ ਜੀਵਨ ਸਮਾਜਿਕ ਰਿਸ਼ਤਿਆਂ ਦੇ ਤਾਣੇ ਬਾਣੇ ਬੁਣਦਾ ਅਗਾਂਹ ਨੂੰ ਵਧਦਾ ਤੁਰਿਆ ਜਾਂਦਾ ਹੈ। ਰਿਸ਼ਤਿਆਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖ ਜਨਮ ਸਮੇਂ ਤੋਂ ਹੀ ਰਿਸ਼ਤਿਆਂ ਨੂੰ ਨਾਲ ? ਲੈਕੇ ਤੁਰਦਾ ਹੈ ਜਦ ਉਸ ਨੂੰ ਸਮਝ ਵੀ ਨਹੀਂ ਹੁੰਦੀ।ਉਹ ਮਾਂ, ਬਾਪ, ਭੈਣ, ਭਰਾ ਅਤੇ ਫਿਰ ਅੱਗੇ ਤੋਂ ਅੱਗੇ ਉਨ੍ਹਾਂ ਦੇ ਸਕੇ ਸਬੰਧੀ,ਭਾਵ ਰਿਸ਼ਤਿਆਂ ਦੀ ਇੱਕ ਗੋਦੜੀ ਵਿੱਚ ਲਿਪਟਿਆ ਹੋਇਆ ਆਪਣੀਆਂ ਅੱਖਾਂ ਖੋਲ੍ਹਦਾ ਹੈ। ਜਿਵੇਂ ਜਿਵੇਂ ਵੱਡਾ ਹੋਈ ਜਾਂਦਾ ਹੈ ਸਰੀਰਕ ਕਿਰਿਆਵਾਂ ਦੇ ਨਾਲ ਨਾਲ ਰਿਸ਼ਤਿਆਂ ਦੀਆਂ ਪੇਚੀਦਗੀਆਂ ਵੀ ਸਮਝਣ ਲੱਗ ਜਾਂਦਾ ਹੈ।ਖ਼ੂਨ ਦੇ ਰਿਸ਼ਤੇ-ਸਕੇ, ਅਗਾਂਹ ਉਹਨਾਂ ਦੇ ਰਿਸ਼ਤੇਦਾਰ-ਸਬੰਧੀ ਅਤੇ ਸਮਾਜ ਵਿੱਚ ਵਿਚਰਦਿਆਂ ਆਲੇ ਦੁਆਲੇ ਦੇ ਲੋਕਾਂ ਨਾਲ ਬਣੇ ਰਿਸ਼ਤੇ- ਸਮਾਜਿਕ ਰਿਸ਼ਤੇ ਹੁੰਦੇ ਹਨ।ਸਾਰੇ ਰਿਸ਼ਤੇ ਹੀ ਬਹੁਤ ਸਤਿਕਾਰਯੋਗ ਹੁੰਦੇ ਹਨ, ਜਿਹਨਾਂ ਦੀ ਮਨੁੱਖੀ ਜੀਵਨ ਵਿੱਚ ਬਹੁਤ ਅਹਿਮੀਅਤ ਹੁੰਦੀ ਹੈ।

ਜ਼ਮਾਨੇ ਦੇ ਬਦਲਣ ਨਾਲ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਵਿੱਚ ਬਹੁਤ ਤੇਜ਼ੀ ਨਾਲ ਗਿਰਾਵਟ ਆਈ ਹੈ। ਇੱਕ ਜਾਂ ਦੋ ਪੀੜ੍ਹੀਆਂ ਪਿੱਛੇ ਝਾਤੀ ਮਾਰੀਏ ਤਾਂ ਲੋਕਾਂ ਅੰਦਰ ਵਸਤੂਆਂ ਨਾਲੋਂ ਵੱਧ ਰਿਸ਼ਤਿਆਂ ਦੀ ਖਿੱਚ ਅਤੇ ਕਦਰ ਹੁੰਦੀ ਸੀ। ਜਦੋਂ ਦਾ ਮਨੁੱਖ ਪਦਾਰਥਵਾਦੀ ਫਲਸਫੇ ਨਾਲ ਅੱਗੇ ਵਧਣ ਲੱਗਿਆ ਹੈ ਉਦੋਂ ਤੋਂ ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਘਟ ਗਈ ਹੈ ਅਤੇ ਆਪਣੇ ਆਲੇ ਦੁਆਲੇ ਵਸਤਾਂ ਇਕੱਠੀਆਂ ਕਰਨ ਦੀ ਜ਼ਿਆਦਾ ਹੋੜ ਲੱਗ ਗਈ ਹੈ। ਪਦਾਰਥਕ ਸੋਚ ਤੋਂ ਵੀ ਵੱਧ ਮਨੁੱਖੀ ਰਿਸ਼ਤਿਆਂ ਦਾ ਘਾਣ ਕਰਨ ਵਾਲੀ ਜਿਹੜੀ ਗੱਲ ਸਾਹਮਣੇ ਆ ਰਹੀ ਹੈ ਉਹ ਹੈ ਵਿਸ਼ਵੀਕਰਨ। ਵਿਸ਼ਵੀਕਰਨ ਹੋਣ ਕਰਕੇ ਜਿੱਥੇ ਇੱਕ ਪਾਸੇ ਤਰੱਕੀ ਦੇ ਰਾਹ ਖੁੱਲ੍ਹ ਰਹੇ ਹਨ ਉੱਥੇ ਦੂਜੇ ਪਾਸੇ ਸਾਡੇ ਭਾਰਤ ਦੇ ਵਿਰਸੇ, ਮਨੁੱਖੀ ਸੋਚ, ਜੀਵਨਸ਼ੈਲੀ ਅਤੇ ਰਿਸ਼ਤਿਆਂ ਵਿਚਲੀ ਸਾਂਝ ਉੱਪਰ ਗਹਿਰੀ ਸੱਟ ਵੱਜ ਰਹੀ ਹੈ ਖਾਸ ਕਰਕੇ ਸਾਡੇ ਪੰਜਾਬੀ ਸੱਭਿਆਚਾਰ ਉੱਪਰ ਇਸ ਦਾ ਗਹਿਰਾ ਪ੍ਰਭਾਵ ਪੈ ਰਿਹਾ ਹੈ।

ਇੱਕ ਸਮਾਂ ਇਹੋ ਜਿਹਾ ਵੀ ਸੀ ਜਦੋਂ ਵਿਆਹ ਕਰਕੇ ਬਣਾਏ ਗਏ ਰਿਸ਼ਤੇ ਦੋ ਧਿਰਾਂ ਨੂੰ ਸਤਿਕਾਰ ਸਹਿਤ ਜੋੜ ਕੇ ਦੋਵੇਂ ਖ਼ਾਨਦਾਨਾਂ ਵਿੱਚ ਜਿੱਥੇ ਇੱਕ ਰੰਗਲਾ ਮਾਹੌਲ ਪੈਦਾ ਕਰਦੇ ਸਨ ਉੱਥੇ ਆਲ ? ਦੁਆਲ ? ਵਿੱਚ ਵੀ ਖ਼ੁਸ਼ੀਆਂ ਭਰਿਆ ਮਾਹੌਲ ਸਿਰਜਦੇ ਸਨ। ਜੋ ਕਾਫ਼ੀ ਸਮੇਂ ਤੱਕ ਯਾਦਾਂ ਦਾ ਹਿੱਸਾ ਬਣਾ ਕੇ ਘਰਾਂ ਅੰਦਰ ਖ਼ੁਸ਼ੀਆਂ ਪੈਦਾ ਕਰਦਾ ਰਹਿੰਦਾ ਸੀ। ਜਦੋਂ ਇੱਕ ਵਿਆਹ ਦੀਆਂ ਯਾਦਾਂ ਥੋੜ੍ਹਾ ਜਿਹਾ ਫਿੱਕੀਆਂ ਪੈਣ ਲੱਗਣੀਆਂ, ਉਦੋਂ ਤੱਕ ਖਾਨਦਾਨ ਦੇ ਕਿਸੇ ਹੋਰ ਛੋਟੇ ਕੁੜੀ ਜਾਂ ਮੁੰਡੇ ਦਾ ਵਿਆਹ ਆ ਜਾਣਾ,ਇਸ ਤਰ੍ਹਾਂ ਜ਼ਿੰਦਗੀ ਨੂੰ ਜਿਊਣ ਲਈ ਰੰਗਲੇ ਮੌਕੇ ਮਿਲਦੇ ਜਾਂਦੇ ਤੇ ਪਰਿਵਾਰਾਂ ਵਿੱਚ ਖ਼ੁਸ਼ੀਆਂ ਦੀ ਲੜੀ ਜੁੜਦੀ ਜਾਂਦੀ।

ਹੁਣ ਜੁਗ ਬਦਲ ਰਿਹਾ ਹੈ। ਸਾਡੀਆਂ ਖ਼ੁਸ਼ੀਆਂ ਦੇ ਟਿਕਾਣੇ ਵਿਦੇਸ਼ਾਂ ਵਿੱਚ ਜਾ ਵਸੇ ਹਨ। ਸਾਡੇ ਸੱਭਿਆਚਾਰ ਦੀ ਰੀੜ੍ਹ ਦੀ ਹੱਡੀ ਨੂੰ ਸੋਸ਼ਲ ਮੀਡੀਆ ਦਾ ਕੀੜਾ ਲੱਗਣ ਲੱਗ ਪਿਆ ਹੈ ਜੋ ਇਸ ਨੂੰ ਦਿਨ-ਬ-ਦਿਨ ਖੋਖਲਾ ਕਰਦਾ ਤੁਰਿਆ ਜਾਂਦਾ ਹੈ। ਇਸ ਰਾਹੀਂ ਪਿਆਰ ਦੀਆਂ ਪੀਂਘਾਂ ਚੜ੍ਹਾਈਆਂ ਜਾਂਦੀਆਂ ਹਨ, ਉਹ ਦੋ ਪਿਆਰ ਕਰਨ ਵਾਲਿਆਂ ਵਿੱਚੋਂ ਇੱਕ ਐਥੇ ਤੇ ਦੂਜਾ ਵਿਦੇਸ਼ ਵਿੱਚ ਹੁੰਦਾ ਹੈ। ਦੋਵੇਂ ਪਾਸੇ ਇੱਕ ਮਤਲਬੀ ਵਿਚਾਰਧਾਰਾ ਕੰਮ ਕਰ ਰਹੀ ਹੁੰਦੀ ਹੈ। ਵਿਦੇਸ਼ ਵਾਲੇ ਨੂੰ ਫੀਸਾਂ ਭਰਨ ਲਈ ਪੈਸੇ ਦੀ ਲੋੜ ਤੇ ਐਥੇ ਵਾਲੇ ਨੂੰ ਬਾਹਰ ਨਿਕਲਣ ਦਾ ਰਸਤਾ। ਦੋਹਾਂ ਪਾਸੇ ਸਵਾਰਥ ਭਾਰੂ ਹੁੰਦਾ ਹੈ।ਜਿਸ ਦਾ ਸਵਾਰਥ ਪਹਿਲਾਂ ਨਿਕਲ ਗਿਆ ਉਹ ਜੇਤੂ ਰਹਿੰਦਾ ਹੈ, ਉਹ ਇਸ ਖੋਖਲੀ ਵਿਚਾਰਧਾਰਾ ਦੀ ਨੀਂਹ ਤੇ ਉਸਾਰੇ ਰਿਸ਼ਤੇ ਨੂੰ ਲੱਤ ਮਾਰ ਕੇ ਅਗਾਂਹ ਤੁਰਦਾ ਹੈ ਦੂਜੀ ਧਿਰ ਰੋਂਦੀ ਪਿੱਟਦੀ ਸਰਕਾਰੇ ਦਰਬਾਰੇ ਇਨਸਾਫ਼ ਲਈ ਪਹੁੰਚ ਕਰਦੀ ਤੁਰੀ ਫਿਰਦੀ ਹੈ।

ਵਿਆਹ ਵਾਲੇ ਰਿਸ਼ਤਿਆਂ ਵਿੱਚ ਸਾਡੇ ਪੰਜਾਬੀ ਸਮਾਜ ਵਿੱਚ ਮੁੰਡੇ ਨੂੰ ਬਾਹਰ ਭੇਜਣ ਲਈ ਬੋਲੀ ਲੱਗਣ ਲੱਗ ਪਈ ਹੈ।ਕੁੜੀ ਆਈਲੈਟਸ ਪਾਸ ਲੱਭੀ ਜਾਂਦੀ ਹੈ ਜਿਸ ਵਿੱਚ ਕੁੜੀ ਨੂੰ ਬਾਹਰ ਭੇਜਣ,ਉਸ ਨੂੰ ਉੱਥੇ ਦੀ ਪੜ੍ਹਾਈ ਦਾ ਖਰਚਾ ਮੁੰਡੇ ਵਾਲਿਆਂ ਵੱਲੋਂ ਕਰਨ ਦਾ ਸਮਝੌਤਾ ਕੀਤਾ ਜਾਂਦਾ ਹੈ।ਇਹ ਮੁੰਡੇ ਵਾਲਿਆਂ ਦੀ ਕਿਸਮਤ ਤੇ ਨਿਰਭਰ ਕਰਦਾ ਹੈ ਕਿ ਉਹ ਕੁੜੀ ਖ਼ਰਚਾ ਕਰਵਾ ਕੇ ਮੁੰਡੇ ਨੂੰ ਬੁਲਾਉਂਦੀ ਹੈ ਜਾਂ ÷ਬੁਆਏਫਰੈਂਡ÷ ਨਾਲ ਮਿਲ ? ਕੇ ਸਾਰਿਆਂ ਨੂੰ ਉੱਲੂ ਬਣਾ ਕੇ ਤਿੱਤਰ ਹੋ ਜਾਂਦੀ ਹੈ। ਅੱਜ ਕੱਲ੍ਹ ਤੀਜੀ ਕਿਸਮ ਦੇ ਵਿਆਹ ਹੋ ਰਹੇ ਹਨ ਜਿਸ ਵਿੱਚ ਕੁੜੀ ਵਾਲਿਆਂ ਨੇ ਕੁੜੀ ਨੂੰ ਪੜ੍ਹਾ ਦਿੱਤਾ ਹੁੰਦਾ ਹੈ,ਮੁੰਡੇ ਵਾਲਿਆਂ ਨੇ ਵਿਆਹ ਦਾ ਖ਼ਰਚਾ,ਕੁੜੀ ਨੂੰ ਆਈਲੈਟਸ ਕਰਵਾਉਣ ਦਾ ਖ਼ਰਚ ਤੇ ਬਾਹਰ ਭੇਜਣ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ।

ਇਹੋ ਜਿਹੀਆਂ ਸਵਾਰਥ ਦੀਆਂ ਨੀਹਾਂ ਤੇ ਖੜ੍ਹੇ ਰਿਸ਼ਤਿਆਂ ਦੀ ਬੁਨਿਆਦ ਕੀ ਹੋ ਸਕਦੀ ਹੈ ? ਪਹਿਲਾਂ ਸਾਡੇ ਵਿਰਸੇ ਦਾ ਘਾਣ ਹੋਇਆ, ਹੁਣ ਸਾਡੇ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ।ਕੀ ਗੱਲ, ਮੁੰਡੇ ਆਈਲੈਟਸ ਕਿਉਂ ਨਹੀਂ ਕਰ ਸਕਦੇ ?ਉਹ ਬਾਹਰ ਨਿਕਲਣ ਲਈ ਕੁੜੀਆਂ ਦਾ ਸਹਾਰਾ ਹੀ ਕਿਉਂ ਲੱਭਦੇ ਹਨ ? ਮੰਨਿਆ ਕਿ ਸਾਡੇ ਦੇਸ਼ ਵਿੱਚ ਰੋਜ਼ਗਾਰ ਦੇ ਮੌਕੇ ਘੱਟ ਹੋਣ ਕਰਕੇ ਨੌਜਵਾਨੀ ਨੇ ਵਿਦੇਸ਼ਾਂ ਵੱਲ ਨੂੰ ਰੁਖ ਕੀਤਾ ਪਰ ਇਹ ÷ਵਿਆਹ ਸਭਿਆਚਾਰ÷ ਸਾਡੀ ਨੌਜਵਾਨ ਪੀੜ੍ਹੀ ਨੂੰ ਕਿਹੜੇ ਨਰਕ ਵੱਲ ਧਕੇਲ ਰਿਹਾ ਹੈ ? ਇਸ ਵਿੱਚ ਇਕੱਲੇ ਮੁੰਡੇ ਕੁੜੀਆਂ ਹੀ ਜ਼ਿੰਮੇਵਾਰ ਨਹੀਂ ਹਨ ਬਲਕਿ ਉਹਨਾਂ ਦੇ ਮਾਪੇ ਉਹਨਾਂ ਤੋਂ ਵੱਧ ਕਸੂਰਵਾਰ ਹਨ।ਕਈ ਵਾਰ ਤਾਂ ਆਂਢ ਗੁਆਂਢ ਵੀ ਨਾਲਦਿਆਂ ਦੇ ਵਿਹੜੇ ਵਿੱਚ ਛਮ ਛਮ ਕਰਦੀ ਕੋਈ ਨਵੀਂ ਨਵੇਲੀ ਵਿਆਹੀ ਕੁੜੀ ਦੇਖ ਕੇ ਜਾਂ ਉਸ ਘਰੋਂ ਮੂੰਹ ਮਿੱਠਾ ਕਰਵਾਉਣ ਦੀ ਰਿਵਾਇਤ ਅਨੁਸਾਰ ਚਾਰ ਲੱਡੂ ਆਉਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਗੁਆਂਢੀਆਂ ਨੇ ਮੁੰਡਾ ਬਾਹਰਲੀ ਕੁੜੀ ਨਾਲ ਵਿਆਹ ਲਿਆ ਹੈ। ਇਸ ਨੂੰ ਕੀ ਆਖੀਏ ,÷ਜੁਗ ਬਦਲ ਰਿਹਾ ਹੈ ਜਾਂ ਪੰਜਾਬੀ ਅਮੀਰ ਵਿਰਸੇ ਦੇ ਪਾਕ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ।÷ ਸਾਡੇ ਇਸ ਬਦਲ ਰਹੇ÷ਵਿਆਹ ਕਲਚਰ÷ ਨੂੰ ਛੇਤੀ ਹੀ ਸੰਭਾਲਣ ਦੀ ਲੋੜ ਹੈ ਨਹੀਂ ਤਾਂ ਇਹੋ ਜਿਹੇ ਕੀਤੇ ਵਿਆਹਾਂ ਨਾਲ ? ਆਏ ਦਿਨ ਧੋਖੇ ਧੜੇ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਜਿਸ ਦਾ ਸੰਤਾਪ ਨੌਜਵਾਨ ਮੁੰਡਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਭੁਗਤਣਾ ਪੈਂਦਾ ਹੈ।



# ਲਗਦਾ ਹੈ ਕਿ ਨਸ਼ਾ ਪੰਜਾਬ ਦੀ ਨੌਜਵਾਨੀ ਦਾ ਗਲਾ ਘੁੱਟ ਕੇ ਹੀ ਸਾਹ ਲਵੇਂਗਾ

ਸੂਬੇਦਾਰ ਜਸਵਿੰਦਰ ਸਿੰਘ
ਭੁਲੇਰੀਆ ਮਮਦੋਟ

ਬੇਸ਼ਕ ਸਰਕਾਰ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਹੈ, ਹਜ਼ਾਰਾਂ ਦੀ ਗਿਣਤੀ ਵਿੱਚ ਨਸ਼ੇ ਦੇ ਕਾਰੋਬਾਰੀਆਂ ਨੂੰ ਜੇਲ੍ਹਾਂ ਦੀਆਂ ਸੀਖਾਂ ਪਿੱਛੇ ਸੁੱਟਿਆ ਹੋਇਆ ਹੈ, ਉਹਨਾਂ ਲੋਕਾਂ ਦੇ ਘਰ ਵੀ ਢਾਹ ਦਿੱਤੇ ਹਨ, ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਪਰ ਫਿਰ ਵੀ ਹੈਰੋਇਨ ਬਨਾਮ ਚਿੱਟਾ ,ਸਿੰਥੈਟਿਕ ਨਸ਼ੇ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਭਿਆਨਕ ਮਾਰੂ ਨਸ਼ੇ ਪੰਜਾਬ ਦੀ ਨੌਜਵਾਨੀ ਉਤੇ ਥੋਪੇ ਪਏ ਹਨ, ਜੇਕਰ ਇਹ ਕਹੀਏ ਕਿ ਕਿਸੇ ਨੂੰ ਇਸ ਗੱਲ ਦੀ ਖਬਰ ਜਾਂ ਭਿਣਕ ਨਹੀਂ ਲਗਦੀ, ਇਹ ਗੱਲ ਬਿਲਕੁਲ ਗਲਤ ਹੈ, ਮਾਪਿਆਂ ਨੂੰ ਵੀ ਪਤਾ ਹੁੰਦਾ ਹੈ ਕਿ ਸਾਡਾ ਪੁੱਤਰ,ਧੀ ਜਾਂ ਬੱਚਾ ਨਸ਼ਾ ਕਰਨ ਲੱਗ ਗਿਆ ਹੈ, ਇਸੇ ਤਰਾਂ ਪੁਲਿਸ ਨੂੰ ਵੀ ਪਤਾ ਹੁੰਦਾ ਹੈ ਕਿ ਕੌਣ ਕੌਣ ਨਸ਼ੇ ਦਾ ਆਦੀ ਹੈ, ਕੌਣ ਕਿਥੋਂ ਨਸ਼ਾ ਲਿਆਉਂਦਾ ਹੈ, ਪਰ ਕੋਈ ਹਿੰਮਤ ਹੀ ਨਹੀਂ ਕਰਦਾ ਕਿ ਉਸ ਨੂੰ ਰੋਕਿਆ ਜਾਵੇ, ਅਕਸਰ ਤਾਂ ਵੇਚਣ ਵਾਲੇ ਵੀ ਆਪਣੇ ਹੀ ਪਿੰਡਾਂ ਦੇ ਲੋਕ ਹਨ, ਪਰ ਲੋਕ ਉਹਨਾਂ ਤੋਂ ਇਸ ਲਈ ਡਰਦੇ ਹਨ ਕਿ ਉਹ ਕਿਸੇ ਸਮੇ ਵੀ ਦਸਣ ਵਾਲੇ ਨੂੰ ਮਾਰ ਸਕਦੇ ਹਨ, ਜਿਹੜੀਆਂ ਪੁਲਿਸ ਵਿੱਚ ਕਾਲੀਆਂ ਭੇਡਾਂ ਨੇ ਉਹ ਵਿੱਕੀਆਂ ਹੁੰਦੀਆਂ ਹਨ, ਉਹ ਰੇਡ ਕਰਨ ਤੋਂ ਪਹਿਲਾਂ ਹੀ ਸਮੱਗਲਰਾਂ ਨੂੰ ਦੱਸ ਦਿੰਦੀਆਂ ਹਨ, ਜਿਸ ਨਾਲ ਅਗਲਾ ਕੁਝ ਸਮੇ ਲਈ ਆਸਾ ਪਾਸਾ ਕਰ ਜਾਂਦਾ ਹੈ, ਜਿਸ ਦਾ ਨਤੀਜਾ ਮਾਪੇ ਸ਼ਮਸ਼ਾਨਘਾਟਾਂ ਵਿੱਚ ਰੋਂਦੇ ਹੋਏ ਭੁਗਤ ਰਹੇ ਹਨ, ਅਜੇ ਕਲ ਦੀ ਗੱਲ ਹੈ ਕਿ ਜਗਰਾਵਾਂ ਦੇ, ਬੇਟ ਇਲਾਕੇ ਦੇ ਪਿੰਡ ਮੁਨੱਵਰਪੁਰਾ (ਤਿਹਾੜਾ) ਵਿੱਚ ਇੱਕੋ ਦਿਨ ਦੋ ਨੌਜਵਾਨਾਂ ਦੀ ਕਥਿਤ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ। ਇੱਕੋ ਪਿੰਡ ਵਿੱਚ ਇਸ ਤਰ੍ਹਾਂ ਦੋ ਨੌਜਵਾਨਾਂ ਦੀ ਹੋਈ ਮੌਤ ਦੀ ਘਟਨਾ ਨੇ ਪਿੰਡ ਨੂੰ ਸੁੰਨ ਕਰ ਦਿੱਤਾ, ਜਿਸ ਕਰਕੇ ਮੌਕੇ ’ਤੇ ਪੂਰਾ ਪਿੰਡ ਡੂੰਘੇ ਸਦਮੇ ਵਿੱਚ ਦੇਖਿਆ ਗਿਆ।ਇੱਕ ਨੌਜਵਾਨ ਦੀ ਲਾਸ਼ ਉਸ ਦੇ ਘਰ ਵਿੱਚ ਮਿਲੀ, ਜਦਕਿ ਦੂਜੇ ਵਿਆਹੇ ਹੋਏ ਨੌਜਵਾਨ ਦੀ ਲਾਸ਼ ਖੇਤ ਵਿਚਲੀ ਮੋਟਰ ਤੋਂ ਮਿਲੀ। ਘਰ ਵਿੱਚ ਮ੍ਰਿਤਕ ਮਿਲੇ ਨੌਜਵਾਨ ਦੀ ਪਛਾਣ ਪ੍ਰਿਸਪਾਲ ਸਿੰਘ ਉਰਫ਼ ਪ੍ਰਿੰਸ (22) ਪੁੱਤਰ ਕੁਲਵੀਰ ਸਿੰਘ ਵਜੋਂ ਅਤੇ ਮੋਟਰ ਤੋਂ ਮ੍ਰਿਤਕ ਮਿਲੇ ਨੌਜਵਾਨ ਦੀ ਪਛਾਣ ਹਰਪ੍ਰੀਤ ਸਿੰਘ ਉਰਫ਼ ਹੈਰੀ (25) ਪੁੱਤਰ ਗੁਰਮੀਤ ਸਿੰਘ ਵਜੋਂ ਹੋਈ ਹੈ। ਇਨ੍ਹਾਂ ਵਿੱਚੋਂ ਪ੍ਰਿੰਸ ਕੁਆਰਾ ਸੀ, ਜਦਕਿ ਹੈਰੀ ਵਿਆਹਿਆ ਹੋਇਆ ਸੀ ਅਤੇ ਦੋ ਸਾਲਾ ਪੁੱਤ ਦਾ ਬਾਪ ਸੀ।ਹੁਣ ਇਸ ਬਾਰੇ ਕਿਸੇ ਕੋਲ ਕੋਈ ਸਬਦ ਨਹੀਂ ਕਿ ਕੀ ਕਿਹਾ ਜਾਵੇ, ਇਸੇ ਤਰਾਂ ਹਰ ਰੋਜ਼ ਪੰਜਾਬ ਦੇ ਕਿਸੇ ਨਾ ਕਿਸੇ ਪਿੰਡ ਦੇ ਸਮਸ਼ਾਨਘਾਟ ਵਿੱਚ ਨਸ਼ੇ ਨੇ ਲੰਬੂ ਲਾਕੇ ਰੱਖੇ ਹੋਏ ਹਨ, ਬੁੱਢੇ ਮਾਪੇ ਜਦੋਂ ਆਪਣੇ ਨੌਜਵਾਨਾਂ ਦੀਆਂ ਅਰਥੀਆਂ ਮੌਢੇ ਉਤੇ ਚੁੱਕ ਕੇ ਜਾਂਦੇ ਹਨ ,ਵੇਖੇ ਨਹੀਂ ਜਾਂਦੇ, ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਦੀ ਗੁਰੂਆਂ ,ਪੀਰਾਂ ਦੀ ਧਰਤੀ ਅੱਜ ਨਸ਼ੇ ਦੇ ਵਹਿਣ ਵਿਚ ਕਿਉ ਵਹਿਣਡੁੱਬ ਰਹੀ ਹੈ, ਆਉ ਆਪਾਂ ਵੀ ਅਰਦਾਸ ਕਰੀਏ ਕਿ ਪ੍ਰਮਾਤਮਾ ਸਾਡੀ ਧਰਤੀ ਤੇ ਨੌਜਵਾਨੀ ਨੂੰ ਬਚਾ ਕੇ ਰੱਖੇ, ਨਸ਼ੇ ਛੱਡੀਏ ਤੇ ਕੋਹੜ ਵੱਢੀਏ, ਸਾਰੇ ਰਲਕੇ ਹੰਭਲਾ ਮਾਰੀਏ ਤਾਂ ਕਿ ਸਾਡੀਆਂ ਆਉਣ ਵਾਲਿਆਂ ਪੀੜ੍ਹੀਆਂ ਨਸ਼ੇ ਤੋਂ ਬਚ ਸਕਣ

# ਨੀਟ ਕਾਊਂਸਲਿੰਗ: ਸੁਪਨਿਆਂ ਦੇ ਮੈਡੀਕਲ ਕਾਲਜ ਤੱਕ ਪਹੁੰਚਣ ਦਾ ਅਹਿਮ ਪੜਾਅ

ਹਰ ਸਾਲ ਲੱਖਾਂ ਵਿਦਿਆਰਥੀ ਡਾਕਟਰ ਬਣਨ ਦਾ ਸੁਪਨਾ ਲੈ ਕੇ ਨੀਟ (©55“ ) ਦੀ ਪ੍ਰੀਖਿਆ ਵਿੱਚ ਹਿੱਸਾ ਲੈਂਦੇ ਹਨ। ਐਨ ਟੀ ਏ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਇਸ ਸਾਲ ਨੀਟ ਲਈ ਰਜਿਸਟਰਡ ਵਿਦਿਆਰਥੀ ਦੀ ਕੁੱਲ ਗਿਣਤੀ 22,79,743 ਸੀ ਅਤੇ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ 19,99,895 ਸੀ ਜਿਸ ਵਿੱਚੋਂ ਕੁਆਲੀਫਾਈ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 11,21,185 (ਲਗਭਗ 11.21 ਲੱਖ) ਸੀ ਅਰਥਾਤ, ਲਗਭਗ 56.1% ਪ੍ਰੀਖਿਆ ਵਿੱਚ ਬੈਠੇ ਵਿਦਿਆਰਥੀ ਕੁਆਲੀਫਾਈ ਹੋਏ ਹਨ । ਪ੍ਰੀਖਿਆ ਦਾ ਨਤੀਜਾ ਆਉਣ ਤੋਂ ਬਾਅਦ ਬਹੁਤ ਸਾਰੇ ਵਿਦਿਆਰਥੀ ਇਹ ਸਮਝਦੇ ਹਨ ਕਿ ਉਨ੍ਹਾਂ ਦਾ ਕੰਮ ਮੁੱਕ ਗਿਆ ਹੈ, ਜਦਕਿ ਅਸਲ ਵਿੱਚ ਮੈਡੀਕਲ ਕਾਲਜ ਵਿੱਚ ਦਾਖ਼ਲੇ ਦਾ ਸਭ ਤੋਂ ਮਹੱਤਵਪੂਰਨ ਪੜਾਅ ਨੀਟ ਕਾਊਂਸਲਿੰਗ ਹੁੰਦਾ ਹੈ। ਸਹੀ ਜਾਣਕਾਰੀ ਅਤੇ ਸਮੇਂ ਸਿਰ ਕੀਤੀ ਕਾਰਵਾਈ ਵਿਦਿਆਰਥੀ ਦੇ ਭਵਿੱਖ ਦਾ ਫ਼ੈਸਲਾ ਕਰ ਸਕਦੀ ਹੈ। ਨੀਟ ਕਾਊਂਸਲਿੰਗ ਇੱਕ ਪਾਰਦਰਸ਼ੀ ਅਤੇ ਯੋਗਤਾ-ਆਧਾਰਿਤ ਪ੍ਰਕਿਰਿਆ ਹੈ, ਜਿਸ ਰਾਹੀਂ ਐੱਮ.ਬੀ.ਬੀ.ਐੱਸ., ਬੀ.ਡੀ.ਐੱਸ. ਅਤੇ ਹੋਰ ਮੈਡੀਕਲ ਕੋਰਸਾਂ ਦੀਆਂ ਸੀਟਾਂ ਅਲਾਟ ਕੀਤੀਆਂ ਜਾਂਦੀਆਂ ਹਨ। ਇਸ ਲਈ ਵਿਦਿਆਰਥੀਆਂ ਨੂੰ ਸਭ ਤੋਂ ਪਹਿਲਾਂ ਨਿਰਧਾਰਿਤ ਸਮੇਂ ਅੰਦਰ ਰਜਿਸਟ ?ਰੇਸ਼ਨ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਲੋੜੀਂਦੇ ਦਸਤਾਵੇਜ਼ ਅਪਲੋਡ ਕਰਨੇ, ਫੀਸ ਜਮ ?ਹਾਂ ਕਰਵਾਉਣੀ ਅਤੇ ਆਪਣੀ ਰੈਂਕ ਅਨੁਸਾਰ ਕਾਲਜਾਂ ਦੀਆਂ ਚੋਣਾਂ ਭਰਨੀਆਂ ਹੁੰਦੀਆਂ ਹਨ। ਚੋਆਇਸ ਫਿਲਿੰਗ ਦੌਰਾਨ ਕਈ ਵਿਦਿਆਰਥੀ ਜਲਦਬਾਜ਼ੀ ਕਰਦੇ ਹਨ ਜਾਂ ਘੱਟ ਕਾਲਜਾਂ ਦੀ ਚੋਣ ਕਰਦੇ ਹਨ, ਜਿਸ ਕਾਰਨ ਉਹ ਚੰਗੇ ਮੌਕੇ ਗੁਆ ਸਕਦੇ ਹਨ। ਕਾਲਜ ਦੀ ਮਾਨਤਾ, ਪਿਛਲੇ ਸਾਲਾਂ ਦੇ ਕੱਟ-ਆਫ਼, ਫੀਸ, ਹੋਸਟਲ ਸਹੂਲਤਾਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਤਰਜੀਹਾਂ ਨਿਰਧਾਰਤ ਕਰਨਾ ਬਹੁਤ ਜ਼ਰੂਰੀ ਹੈ। ਮਾਪਿਆਂ ਨੂੰ ਵੀ ਇਸ ਪ੍ਰਕਿਰਿਆ ਵਿੱਚ ਬੱਚਿਆਂ ਦਾ ਸਾਥ ਦੇਣਾ ਚਾਹੀਦਾ ਹੈ ਤਾਂ ਜੋ ਉਹ ਸੋਚ-ਸਮਝ ਕੇ ਫ਼ੈਸਲੇ ਲੈ ਸਕਣ। ਅੱਜਕੱਲ੍ਹ ਸੋਸ਼ਲ ਮੀਡੀਆ ’ਤੇ ਕਾਊਂਸਲਿੰਗ ਸੰਬੰਧੀ ਕਈ ਅਫ਼ਵਾਹਾਂ ਅਤੇ ਗਲਤ ਦਾਅਵੇ ਵੀ ਫੈਲਦੇ ਹਨ। ਵਿਦਿਆਰਥੀਆਂ ਨੂੰ ਸਿਰਫ਼ ਅਧਿਕਾਰਤ ਕਾਊਂਸਲਿੰਗ ਪੋਰਟਲਾਂ ਅਤੇ ਸਰਕਾਰੀ ਸੂਚਨਾਵਾਂ ’ਤੇ ਹੀ ਭਰੋਸਾ ਕਰਨਾ ਚਾਹੀਦਾ ਹੈ। ਜੇ ਕਿਸੇ ਗੱਲ ਬਾਰੇ ਸ਼ੱਕ ਹੋਵੇ ਤਾਂ ਸਕੂਲ ਦੇ ਅਧਿਆਪਕਾਂ ਜਾਂ ਭਰੋਸੇਯੋਗ ਕਰੀਅਰ ਮਾਰਗਦਰਸ਼ਕਾਂ ਨਾਲ ਸਲਾਹ ਕਰਨੀ ਚਾਹੀਦੀ ਹੈ। ਜਿਨ੍ਹਾਂ ਵਿਦਿਆਰਥੀਆਂ ਨੂੰ ਪਹਿਲੇ ਰਾਊਂਡ ਵਿੱਚ ਸੀਟ ਨਹੀਂ ਮਿਲਦੀ, ਉਨ੍ਹਾਂ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਅਗਲੇ ਰਾਊਂਡਾਂ, ਅਪਗ੍ਰੇਡੇਸ਼ਨ ਅਤੇ ਸਟ ?ਰੇ-ਵੈਕੈਂਸੀ ਰਾਊਂਡਾਂ ਵਿੱਚ ਵੀ ਦਾਖ਼ਲੇ ਦੇ ਮੌਕੇ ਮਿਲ ਸਕਦੇ ਹਨ। ਧੀਰਜ, ਸਹੀ ਜਾਣਕਾਰੀ ਅਤੇ ਸਮੇਂ ਦੀ ਪਾਬੰਦੀ ਇਸ ਪੂਰੀ ਪ੍ਰਕਿਰਿਆ ਵਿੱਚ ਸਭ ਤੋਂ ਵੱਡੀ ਤਾਕਤ ਹਨ। ਨੀਟ ਦੀ ਪ੍ਰੀਖਿਆ ਸਫ਼ਲਤਾ ਵੱਲ ਪਹਿਲਾ ਕਦਮ ਹੈ, ਜਦਕਿ ਕਾਊਂਸਲਿੰਗ ਉਸ ਸਫ਼ਲਤਾ ਨੂੰ ਹਕੀਕਤ ਵਿੱਚ ਬਦਲਣ ਦਾ ਮਾਧਿਅਮ ਹੈ। ਇਸ ਲਈ ਹਰ ਵਿਦਿਆਰਥੀ ਨੂੰ ਕਾਊਂਸਲਿੰਗ ਦੀ ਪ੍ਰਕਿਰਿਆ ਨੂੰ ਗੰਭੀਰਤਾ ਨਾਲ ਸਮਝਣਾ ਅਤੇ ਹਰ ਪੜਾਅ ਸਮੇਂ ਸਿਰ ਪੂਰਾ ਕਰਨਾ ਚਾਹੀਦਾ ਹੈ। ਸਹੀ ਜਾਣਕਾਰੀ, ਸਹੀ ਚੋਣ ਅਤੇ ਸਹੀ ਫ਼ੈਸਲੇ ਹੀ ਸੁਪਨਿਆਂ ਦੇ ਮੈਡੀਕਲ ਕਾਲਜ ਦਾ ਰਾਹ ਖੋਲ੍ਹਦੇ ਹਨ।

**ਦੀਪਕ ਗਾਂਧੀ ਸਰਕਾਰੀ ਹਾਈ ਸਕੂਲ ਪਿੰਡੀ**
**(ਫ਼ ?ਰੋਜ਼ਪੁਰ)**

# ਆਜ਼ਾਦੀ ਲੱਖਾਂ ਲੋਕਾਂ ਦੇ ਕਤਲ ਅਤੇ ਉਜਾੜੇ ਦਾ ਕਾਰਨ ਬਣੀ ਪਰ ਅਸਲ ਆਜ਼ਾਦੀ ਫਿਰ ਗੁਆਚਦੀ ਲੱਗਦੀ ਏ



ਮੇਜਰ ਸਿੰਘ ਨਾਭਾ
ਮੋ. 9463553962

ਭਾਵੇਂ ਦੇਸ਼ ਨੂੰ ਆਜ਼ਾਦ ਹੋਏ ਨੂੰ ਅੱਠ ਦਹਾਕੇ ਪੂਰੇ ਹੋਣ ਜਾ ਰਹੇ ਹਨ ਪਰ ਦੇਸ਼ ਅੰਦਰ ਅਜੇ ਵੀ ਗੁਲਾਮਾਂ ਵਰਗੀ ਜ਼ਿੰਦਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ । ਸਰਕਾਰਾਂ ਵਲੋਂ ਕਿਸੇ ਦੀ ਕੋਈ ਸੁਣਵਾਈ ਨਹੀਂ , ਹੱਕਾਂ ਨੂੰ ਦੇਣ ਤੋਂ ਹਿਚਕਾਹਟ , ਲੋਕਾਂ ਦੀ ਆਵਾਜ਼ ਸੁਣਨ ਦੀ ਬਜਾਇ ਦਬਾਉਣ ਦੀ ਕੋਸ਼ਿਸ਼ , ਡੰਗਰਾਂ ਵਾਂਗ ਔਰਤਾਂ ਅਤੇ ਮਰਦਾਂ ਨੂੰ ਘੜੀਸਨਾ ਅਤੇ ਕੁਟਾਈ ਕਰਨਾ ਆਦਿ ਆਮ ਹੋ ਰਿਹਾ ਹੈ । ਸਰਕਾਰ ਵਲੋਂ ਫਰਜ਼ਾਂ ਨੂੰ ਪੂਰਨ ਦੀ ਲੋੜ ਹੀ ਨਹੀਂ ਸਮਝੀ ਜਾ ਰਹੀ , ਦੇਸ਼ ਦੇ ਨਾਗਰਿਕਾਂ ਨੂੰ ਆਪਣੀਆਂ ਮੰਗਾਂ ਲਈ ਗੱਲਬਾਤ ਕਰਨ ਦੀ ਥਾਂ ਧਰਨੇ, ਰੈਲੀਆਂ , ਰੋਸ ਮਾਰਚ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਰੋਕਣ ਲਈ ਪੁਲਸ ਵਲੋਂ ਡੰਡਿਆਂ ਨਾਲ ਬੇਰਹਿਮੀ ਕੁੱਟਿਆ ਜਾ ਰਿਹਾ ।

ਇਹ ਸਾਰੇ ਕੁਝ ਨੇ ਦੇਸ਼ ਦੀ ਆਜ਼ਾਦੀ ਦੀ ਪ੍ਰੀਭਾਸ਼ਾ ਨੂੰ ਬਦਲ ਹੀ ਦਿੱਤਾ ਹੈ । ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੇ ਕੀ ਇਹ ਸੋਚਿਆ ਹੋਣਾ ਕਿ ਕਿੰਨੇ ਹੋਰ ਦੇਸ਼ ਵਾਸੀਆਂ ਨੂੰ ਆਜ਼ਾਦੀ ਪ੍ਰਾਪਤੀ ਦਾ ਖਮਿਆਜ਼ਾ ਵੱਡੇ ਕਤਲੇਆਮ ਅਤੇ ਉਜਾੜੇ ਦੇ ਰੂਪ 'ਚ ਝੱਲਣਾ ਪਵੇਗਾ ਅਤੇ ਬਾਅਦ 'ਚ ਦੇਸ਼ ਦੇ ਨੇਤਾ ਲੋਕਾਂ ਲਈ ਜੋਕਾਂ ਸਾਬਤ ਹੋਣਗੇ । ਸਾਡੇ ਦੇਸ ਅੰਦਰ ਆਜ਼ਾਦੀ ਦਿਵਸ਼ ਹਰੇਕ ਸਾਲ ਪੰਦਰਾਂ ਅਗਸਤ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ ।ਆਜ਼ਾਦੀ ਪ੍ਰਾਪਤੀ ਕਰਨ ਲਈ ਜੋ ਇਨਸਾਨੀਅਤ ਦਾ ਨੀਚੇ ਪੱਧਰ ਉੱਪਰ ਜੋ ਲੂੰ ਕੰਡੇ ਖੜ੍ਹੇ ਕਰਨ ਵਾਲਾ ਘਾਣ ਹੋਇਆ ਉਸ ਬਾਰੇ ਬਹੁਤ ਸਾਰਾ ਲਿਖਿਆ ਗਿਆ ਹੈ ਪਰ ਬਹੁਤਾ ਲਿਖਿਆ ਨਹੀਂ ਜਾ ਸਕਿਆ , ਬਹੁਤਾ ਸ਼ਬਦਾਂ 'ਚ ਸਮਾ ਸਕਣ ਦੇ ਯੋਗ ਵੀ ਨਹੀਂ ।

ਬ੍ਰਿਟਿਸ਼ ਸਰਕਾਰ ਨੇ ਲਾਰਡ ਮਾਊਂਟਬੇਟਨ ਪਲਾਨ 3 ਜੂਨ 1947 ਨੂੰ ਜਿਹੜੀ ਕਿ ਦੇਸ਼ ਨੂੰ ਦੋ ਭਾਗਾਂ 'ਚ ਵੰਡਣ ਦੀ ਤਜ਼ਵੀਜ ਸੀ ਅਨਾਊਂਸ ਕਰ ਦਿੱਤੀ । ਦੇਸ਼ ਦੀ ਵੰਡ ਦਾ ਫੈਸ਼ਲਾ 1ਮਾਰਚ 1947 ਨੂੰ ਲਾਰਡ ਮਾਊਂਟਬੈਟਨ ਦੁਆਰਾ ਲਿਆ ਗਿਆ ਸੀ ।ਪੰਜਾਬ ਅਤੇ ਬੰਗਾਲ ਨੂੰ ਵੰਡਣ ਲਈ ਸਰ ਰੈਡਕਲਿਫ ਦੀ ਅਗਵਾਈ ਵਿੱਚ ਬਾਊਂਡਰੀ ਕਮਿਸ਼ਨ ਸਥਾਪਤ ਕੀਤਾ ਗਿਆ । ਅੰਗਰੇਜ਼ਾਂ ਨੇ ਜਾਂਦੇ ਜਾਂਦੇ ਦੇਸ਼ ਨੂੰ ਧਰਮ ਦੇ ਨਾਂ ਤੇ ਵੰਡਣ ਦੀ ਤਜ਼ਵੀਜ਼ ਨੂੰ , ਕੁਰਸੀਆਂ ਦੇ ਲਾਲਚੀਆਂ ਪਾਸੋਂ ਹਾਮੀ ਲੈ ਕੇ , ਦੇਸ਼ ਨੂੰ ਦੋ ਹਿੱਸਿਆਂ 'ਚ ਵੰਡ ਕੇ ਦੇਸ਼ ਨੂੰ ਕਮਜੋਰ ਕਰਨ ਦਾ ਕੰਮ ਕਰ ਗਏ ,ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਜਿਆਦਾ ਭੁਗਤਣਾ ਪਿਆ । ਦੋਹਾਂ ਪਾਸੇ ਪੰਜਾਬ ਦੇ ਲੋਕਾਂ ਦੀ ਹਾਲਤ ਇਨਸਾਨੀਅਤ ਤੋਂ ਡਿੱਗ ਕੇ ਬਿਨ੍ਹਾਂ ਕਿਸੇ ਕਸੂਰ ਤੋਂ ਐਨੀ ਮਾੜੀ ਹੋਈ ਜੋ ਸ਼ਬਦਾਂ 'ਚ ਬਿਆਨ ਕਰਨਾ ਸੰਭਵ ਨਹੀਂ ।

ਇਨ੍ਹਾਂ ਦਿਨਾਂ ਵਿੱਚ ਲੱਖਾਂ ਲੋਕਾਂ ਦਾ ਉਜਾੜਾ ਹੋਇਆ , ਹੱਸਦੇ ਵੱਸਦੇ ਘਰਾਂ ਨੂੰ ਖਾਲੀ ਹੱਥ ਛੱਡ ਕੇ ਦੂਜੀ ਥਾਂ ਆਉਣਾ ਕੋਈ ਸੌਖਾ ਨਹੀਂ ਸੀ ਪਰ ਕਿੰਨੇ ਵੱਡੇ ਜਿਗਰੇ ਨਾਲ ਫਿਰ ਵੀ ਇਹ ਬੇਕਸੂਰ ਲੋਕ ਆਪਣਿਆਂ ਤੋਂ ਵਿਛੜ ਕੇ , ਕਈ ਕਈ ਪਰਿਵਾਰਕ ਮੈਂਬਰਾਂ ਨੂੰ ਗੁਆ ਕੇ ਅਣਜਾਣ ਥਾਵਾਂ ਤੇ ਆ ਕੇ ਵਸੇ ।ਇਸ ਤਰ੍ਹਾਂ ਪੰਜਾਬ ਦੇ ਦੋਹਾਂ ਪਾਸੇ ਦੇ ਲੱਖਾਂ ਲੋਕਾਂ ਦੀ ਦਰਦਨਾਕ ਮੌਤਾਂ ਅਤੇ ਲੱਖਾਂ ਲੋਕਾਂ ਦੇ ਉਜਾੜੇ ਜਿਨ੍ਹਾਂ ਦੇ ਅੰਕੜੇ ਸਰਕਾਰੀ ਤੌਰ ਤੇ ਇੱਕਠੇ ਨਹੀਂ ਹੋ ਸਕੇ ਸਗੋਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜੇ ਭਿੰਨ-ਭਿੰਨ ਹਨ , ਨੇ ਹੱਸਦੇ ਵੱਸਦੇ ਘਰਾਂ ਨੂੰ ਬੇਘਰ ਬਣਾ ਦਿੱਤਾ ਅਤੇ ਜ਼ਿੰਦਗੀ ਦੀ ਇੱਕ ਨਵੀਂ ਸ਼ੁਰੂਆਤ ਨੂੰ ਜਨਮ ਦਿੱਤਾ ਜੋ ਕਿ ਬੜਾ ਹੀ ਕਠਿਨ ਸੀ , ਜੋ ਕਿ ਮਜਬੂਰੀ ਵੱਸ ਉਨ੍ਹਾਂ ਨੂੰ ਕਰਨਾ ਪਿਆ ।ਜ਼ਮੀਨਾਂ , ਘਰ , ਕਾਰੋਬਾਰ ਆਦਿ ਛੱਡ ਕੇ ਦੂਜੀ ਥਾਂ ਜਾ ਕੇ ਰਿਫਊਜ਼ੀ ਕੈਂਪਾਂ 'ਚ ਰਹਿਣਾ ਬੜੀ ਔਖੀ ਘੜੀ ਉਨ੍ਹਾਂ ਲਈ ਸੀ ।ਰੇਲ ਗੱਡੀਆਂ ਵਿੱਚ ਆ ਰਹੇ ਦੋਹਾਂ ਪਾਸੇ ਦੇ ਹਜ਼ਾਰਾਂ ਬੇਦੋਸ਼ਿਆਂ ਦੇ ਕਤਲ ਫਿਰਕੂ ਰੰਗਤ ਨੂੰ ਫੈਲਾਉਣ ਕਾਰਨ ਹੋਏ । ਧੀਆਂ , ਭੈਣਾਂ ਦੀ ਇੱਜ਼ਤ ਦਰਿੰਦਗੀ ਨਾਲ ਲੁੱਟੀ ਗਈ , ਬਹੁਤ ਸਾਰੇ ਮਾਪਿਆਂ ਨੇ ਆਪ ਹੀ ਆਪਣੀਆਂ ਧੀਆਂ ਨੂੰ ਇਸ ਹਿਰਦੇ ਵਲੂੰਧਰਨ ਵਾਲੀ ਦਰਿੰਦਗੀ ਨੂੰ ਅੱਖਾਂ ਸਾਹਮਣੇ ਦੇਖਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪ ਮਾਰ ਦੇਣਾ ਠੀਕ ਸਮਝਿਆ ।ਇਹ ਕਿਹੋ ਜਿਹਾ ਮੰਜ਼ਰ ਸੀ ।ਕੁਰਸੀਆਂ ਉੱਪਰ ਬੈਠਣ ਵਾਲਿਆਂ ਨੂੰ ਕੀ ਪਤਾ ਇਨ੍ਹਾਂ ਪੀੜ੍ਹਤ ਪਰਿਵਾਰਾਂ ਦੀਆਂ ਭਾਵਨਾਵਾਂ ਦਾ । ਕਈਆਂ ਧੀਆਂ ,ਭੈਣਾਂ ਅਤੇ ਮਾਤਾਵਾਂ ਨੇ ਖੂਹਾਂ , ਨਹਿਰਾਂ ਆਦਿ 'ਚ ਛਾਲਾਂ ਮਾਰ ਕੇ ਆਪ ਹੀ ਮਾੜੇ ਅਨਸਰਾਂ ਦੇ ਹੱਥ ਆਉਣ ਤੋਂ ਪਹਿਲਾਂ ਹੀ ਮੌਤ ਨੂੰ ਗਲੇ ਲਾਇਆ ।ਨਹਿਰਾਂ , ਖੂਹਾਂ ਦਾ ਪਾਣੀ ਖੂਨ ਨਾਲ ਲਾਲ ਹੋ ਗਿਆ ਸੀ । ਦੋਹਾਂ ਪਾਸਿਆਂ ਦੀ ਧਰਤੀ ਲੋਕਾਈ ਦੇ ਖੂਨ ਨਾਲ ਲੱਥੀ ਹੋਈ ਅੱਜ ਵੀ ਉਸ ਘਿਣਾਉਣੇ ਦ੍ਰਿਸ਼ ਨੂੰ ਲਾਹਨਤਾਂ ਪਾ ਰਹੀ ਹੈ ।ਦੇਸ਼ਾਂ ਦੀਆਂ ਕਾਰਜਕਾਰੀ ਸਰਕਾਰਾਂ ਵੀ ਦੰਗਿਆਂ , ਫਸਾਦਾਂ ਆਦਿ ਉੱਪਰ ਕੰਟਰੋਲ ਕਰਨ ਤੋਂ ਅਸਮਰੱਥ ਸਨ । ਉਨ੍ਹਾਂ ਅਭਾਗੇ ਲੋਕਾਂ ਦੀ ਆਪਣੇ ਪਰਿਵਾਰ ਦੇ ਵਿਛੜਿਆਂ ਮੈਂਬਰਾਂ ਨੂੰ ਮਿਲਣ ਦੀ ਤਾਂਘ ਅਜੇ ਵੀ ਤੜਪ ਰਹੀ ਹੈ । ਕਈ ਮੈਂਬਰ ਜੋ ਦੋਹਾਂ ਦੇਸ਼ਾਂ ਵਿੱਚ ਬਚ ਗਏ ਉਹ ਕਿਵੇਂ ਜ਼ਿੰਦਗੀ ਨੂੰ ਗੁਜ਼ਾਰ ਰਹੇ ਹਨ ਉਹ ਤਾਂ ਉਹੀ ਹੀ ਜਾਣਦੇ ਹਨ ।ਕਈ ਮਜਬੂਰੀ ਵਸ ਧਰਮ ਪਰਿਵਰਤਨ ਕਰਕੇ ਆਂਪਣੀਆਂ ਜਾਨਾਂ ਬਚਾ ਕੇ ਉਥੋਂ ਦੇ ਹੀ ਬਣ ਕੇ ਰਹਿ ਗਏ ਜਦੋਂ ਕਿ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਖਿੰਡ ਪੁੰਡ ਗਏ , ਆਪਣੇ ਪਿਆਰਿਆਂ ਨੂੰ ਮਿਲਣ ਦੀ ਤਾਂਘ ਜਰੂਰ ਉਨ੍ਹਾਂ ਅੰਦਰ ਉਬਾਲੇ ਲੈ ਰਹੀ ਹੈ ।ਉਨ੍ਹਾਂ 'ਚੋਂ ਬਹੁਤੇ ਇਸ ਸਮੇਂ ਇਸ ਦੁਨੀਆ ਤੋਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ ।ਹੁਣ ਤਾਂ ਕੋਈ ਵਿਰਲਾ ਹੀ ਬਚਿਆ ਹੋਵੇਗਾ । ਪੰਜਾਬ ਨੂੰ ਇਹ ਸੰਤਾਪ ਕਦੇ ਨਹੀਂ ਭੁੱਲ ਸਕਦਾ ।ਇਸ ਦੁੱਖਦਾਈ ਬਟਵਾਰੇ ਦਾ ਜ਼ਿਕਰ ਬਹੁਤ ਸਾਰੇ ਸਮਕਾਲੀ ਵਿਦਵਾਨਾਂ ਨੇ ਆਪਣੀਆਂ ਦਿਲ ਕੰਬਾਊ ਅੱਖੀਂ ਡਿਠੇ ਦ੍ਰਿਸ਼ਾਂ ਰਾਹੀਂ ਆਪਣੇ ਸ਼ਬਦਾਂ 'ਚ ਪ੍ਰਗਟ ਕੀਤਾ ਹੈ ।ਔਰਤਾਂ ਨੂੰ ਜਬਰਦਸਤੀ ਧਾੜਵੀ ਅਗਵਾ ਕਰਕੇ ਲੈ ਗਏ , ਉਨ੍ਹਾਂ ਨਾਲ ਧਰਮ ਪਰਿਵਰਤਨ ਕਰਵਾਕੇ ਵਿਆਹ / ਨਿਕਾਹ ਕਰਵਾ ਲਏ । ਇਨਸਾਨੀਅਤ ਦੀ ਥਾਂ ਸ਼ੈਤਾਨੀ ਬਿਰਤੀ ਸਿਰ ਫਿਰਿਆਂ 'ਚ ਆ ਗਈ ਸੀ । ਲੋਕਾਂ ਦਾ ਆਪਸੀ ਪ੍ਰੇਮ ਪਿਆਰ ਦੋਹਾਂ ਫਿਰਕਿਆਂ ਵਿੱਚ ਵਾਹਵਾ ਸੀ , ਬਹੁਤ ਸਾਰੇ ਲੋਕਾਂ ਨੇ ਇੱਕ ਦੂਜੇ ਦੀ ਆਪਣੇ ਘਰਾਂ 'ਚ ਸ਼ਰਨ ਦੇ ਕੇ ਰੱਖਿਆ ਕੀਤੀ । ਭਾਵੇਂ ਇਹ ਘਿਣਾਉਣਾ ਮੰਜ਼ਰ ਆਜ਼ਾਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ ਅਤੇ ਬਾਅਦ 'ਚ ਜਾ ਕੇ ਸਾਂਤ ਹੋਇਆ । ਪਰ ਮੂਹਰਲੀ ਕਤਾਰ ਦੇ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਤਾਂ ਆਪਣੀ ਸੱਤਾ 'ਤੇ ਕਾਬਜ਼ ਹੋਣ ਦੀ ਤਾਕ ਸੀ , ਉਨ੍ਹਾਂ ਲੋਕਾਂ ਦੀ ਸੁਰੱਖਿਆ ਪ੍ਰਤੀ ਕੋਈ ਅਹਿਮ ਭੂਮਿਕਾ ਨਹੀਂ ਨਿਭਾਈ ।ਹੁਣ ਸੋਚੋ ਪੰਜਾਬੀਆਂ ਲਈ ਇਹ ਕਿਹੋ ਜਿਹੀ ਆਜ਼ਾਦੀ ਸੀ ਜਿਸ ਲਈ ਉਹ ਪੀੜ੍ਹਤ ਪਰਿਵਾਰ ਇਸ ਦਿਨ ਖੁਸ਼ੀ ਦਾ ਇਜ਼ਹਾਰ ਕਰਨ ।ਸੱਤ ਦਹਾਕੇ ਬੀਤਣ ਉਪਰੰਤ ਵੀ ਸਰਕਾਰ ?ਰ 'ਚ ਸਰੀਕ ਹੁੰਦੇ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਇਨ੍ਹਾਂ ਰਿਫਊਜ਼ੀ ਲੋਕਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ

ਉੱਧਰੋਂ ਆਏ ਕਈਆਂ ਪਰਿਵਾਰਾਂ ਨੇ 1984 'ਚ ਦੁਆਰਾ ਇਹੋ ਦੁੱਖਦਾਈ ਸੰਤਾਪ ਭਾਰਤ ਅੰਦਰ ਆਪਣਿਆਂ ਤੋਂ ਹੀ ਆਪਣੇ ਪਿੰਡੇ ਤੇ ਹੰਢਾਇਆ , ਜਿਸ 'ਚ ਉਨ੍ਹਾਂ ਦੇ ਘਰਾਂ ਨੂੰ ਕਾਰੋਬਾਰਾਂ ਨੂੰ ਅੱਗਾਂ ਲਾਕੇ , ਲੁੱਟ ਕੇ ਪ੍ਰਸਾਸਨ ਦੇ ਸਾਹਮਣੇ ਇਹ ਵਰਤਾਰਾ ਕਰਕੇ ਨਿਰਦੋਸ਼ ਸਿੱਖਾਂ ਨੂੰ ਇਸ ਦੇਸ਼ ਦੇ ਵਸਨੀਕ ਨਾ ਸਮਝਦੇ ਹੋਏ ਸ਼ਰੇਆਮ ਦੰਗੇ ਕੀਤੇ ਜਿੰਨ੍ਹਾਂ ਦੇ ਜਖਮ ਅਜੇ ਤੱਕ ਅੱਲੇ ?ਹ ਨੇ , ਸਰਕਾਰ ਨੇ ਉਨ੍ਹਾਂ ਪੀੜ੍ਹਤਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ । ਉਸ ਸਮੇਂ ਦੇ ਨੇਤਾ ਸ਼ਰੇਆਮ ਘੁੰਮ ਰਹੇ ਹਨ । ਪਰ ਦੂਸਰੇ ਪਾਸੇ ਸ਼ਜਾ ਭੁਗਤ ਚੁੱਕੇ ਸਿੱਖ ਨਜ਼ਰਬੰਦੀ ਅਜੇ ਵੀ ਜੇਲ੍ਹਾਂ ਅੰਦਰ ਹੀ ਬੈਠੇ ਹਨ । ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਪ੍ਰਤੀ ਕਿਉਂ ਹੈ । ਸਿੱਖਾਂ ਦੇ ਗੁਰੂ ਸਾਹਿਬਾਨ ਵਲੋਂ ਪੀੜ੍ਹਤ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਧਾਰਨਾ ਨੂੰ ਜਾਰੀ ਰੱਖਦੇ ਦੇਸ਼ ਦੇ ਹਰ ਵਰਗ ਦੀ ਬਿਨ੍ਹਾਂ ਭੇਦ ਭਾਵ ਦੇ ਮਦਦ ਕਰਨ ਦੀ ਪਰੰਪਰਾ ਜਾਰੀ ਰੱਖੀ ਹੋਈ ਹੈ ।ਦੋਹਰੀ ਮਾਰ ਝੱਲਣ ਵਾਲੇ ਇਹ ਵਾਰ ਵਾਰ ਉੱਜੜੇ ਪਰਿਵਾਰ ਪੰਦਰਾਂ ਅਗਸਤ ਅਤੇ ਜੂਨ ਚੌਰਾਸੀ ਨੂੰ ਨਹੀਂ ਭੁੱਲ ਸਕਦੇ ।ਸਰਕਾਰੀ ਅਧਿਕਾਰੀ , ਸਾਡੇ ਨੇਤਾ ਆਜ਼ਾਦੀ ਦਿਵਸ਼ 'ਤੇ ਇਨ੍ਹਾਂ ਦੇ ਪਰਿਵਾਰਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੀ ਗੱਲ਼ ਕਿਉਂ ਨਹੀਂ ਕਰਦੇ ।ਇਨ੍ਹਾ ਪਰਿਵਾਰਾਂ ਦੇ ਨਸੂਰ ਹੋਏ ਜਖਮ ਅਜੇ ਵੀ ਕੋਈ ਪਿਛਲੀ ਅਕਹਿ ਯਾਦ ਨੂੰ ਛੂਹਣ ਤੇ ਮੁੜ ਜਖਮ ਬਣ ਜਾਂਦੇ ਹਨ । ਮੈਂ ਇਹ ਉਦੋਂ ਮਹਿਸੂਸ ਕੀਤਾ ਜਦੋਂ ਅਸੀਂ ਕਈ ਅਧਿਆਪਕ ਬੈਠੇ ਕਿਸੇ ਮੁੱਦੇ ਤੇ ਸਹਿਜ ਸੁਭਾਅ ਗੱਲ ਕਰ ਰਹੇ ਸੀ , ਮੇਰੇ ਸਾਥੀ ਅਧਿਆਪਕ ਨੇ ਕਿਤੇ ਨਾਲ ਦੇ ਪਿੰਡ ਕਿਸੇ ਸਰਵੇ ਦੌਰਾਨ ਪਿੰਡ ਦੀ ਔਰਤ ਬਾਰੇ ਰਫਿਊਜਨ ਸ਼ਬਦ ਕਹਿ ਕੇ ਗੱਲ ਕੀਤੀ ਤਾਂ ਸਾਡੇ 'ਚ ਬੈਠੇ ਉਸੇ ਪਿੰਡ ਦੇ ਅਧਿਆਪਕ ਨੇ ਆਪਣੇ ਰੌਂਗਟੇ ਖੜ੍ਹੇ ਕਰ ਬੁਰਾ ਮਨਾਇਆ , ਜਿਸ ਤੇ ਉਸ ਅਧਿਆਪਕ ਨੇ ਆਪਣੇ ਕਹੇ ਸਬਦ 'ਤੇ ਅਫਸੋਸ ਪ੍ਰਗਟ ਕੀਤਾ ।, ਉਸ ਦਿਨ ਤੋਂ ਮੈਨੂੰ ਵੀ ਉਨ੍ਹਾਂ ਪਰਿਵਾਰਾਂ ਦੀ ਆਜ਼ਾਦੀ ਜਸ਼ਨਾਂ ਸਬੰਧੀ ਮਨ ਦੀ ਭਾਵਨਾ ਬਾਰੇ ਸਮਝ ਆਈ ।ਇਸ ਲਈ ਸਾਨੂੰ ਸਾਰਿਆਂ ਨੂੰ ਇਨ੍ਹਾਂ ਪਰਿਵਾਰਾਂ ਦੇ ਪ੍ਰਤੀ ਵੀ ਇਨ੍ਹਾਂ ਦੇ ਦਖਾਂਤ ਨੂੰ ਚਿਤਾਰ ਕੇ ਵਿਛੜਿਆਂ ਮੈਂਬਰਾਂ ਨੂੰ ਸਰਧਾਂਜ਼ਲੀ ਦੇਣੀ ਚਾਹੀਦੀ ਹੈ ਤਾਂ ਕਿ ਘੱਟੋ-ਘੱਟ ਉਨ੍ਹਾਂ ਦੇ ਵਲੂੰਧਰੇ ਹਿਰਦੇ ਕੁਝ ਸਾਂਤ ਹੋ ਜਾਣ ਜਿਹੜੇ ਅਜੇ ਵੀ ਅੱਲ੍ਹੇ ਹਨ ।ਹੋਲੀ ਹੋਲੀ ਅਗਲੀਆਂ ਪੀੜ੍ਹੀਆਂ ਦੇ ਮਨਾਂ 'ਚੋਂ ਇਹ ਦੁਖਾਂਤ ਦੀ ਘਟਨਾ ਸ਼ਾਇਦ ਵਿਸਰਦੀ ਜਾਵੇ ।ਉਜਾੜੇ ਤੋਂ ਪ੍ਰਭਾਵਿਤ ਲੋਕ ਅਜੇ ਵੀ ਆਪਣੇ ਵਿਛੜਿਆਂ ਨੂੰ ਮਿਲਣ ਅਤੇ ਘਰਾਂ ਨੂੰ ਦੇਖਣ ਲਈ ਦਿਲੀ ਤਮੰਨਾ ਰੱਖਦੇ ਹਨ , ਸਰਕਾਰ ਨੂੰ ਇਸ ਵੱਲ ਧਿਆਨ ਦੇਂਦੇ ਉਨ੍ਹਾਂ ਲਈ ਸੌਖੇ ਪ੍ਰਬੰਧ ਕਰਨੇ ਚਾਹੀਦੇ ਹਨ । ਇੰਟਰਨੈਟ ਜ਼ਰੀਏ ਕਈ ਪਰਿਵਾਰ ਆਪਣੇ ਵਿਛੜੇ ਰਿਸ਼ਤੇਦਾਰਾਂ ਨਾਲ ਗੱਲ ਬਾਤ ਕਰਕੇ ਸੁੱਖ-ਸਾਂਦ ਪੁੱਛ ਲੈਂਦੇ ਹਨ ।ਪੰਜਾਬ ਲਈ ਕੇਂਦਰ ਸਰਕਾਰ ਦੇਸ਼ ਦੀ ਆਜ਼ਾਦੀ 'ਚ ਸਾਰਿਆਂ ਨਾਲੋਂ ਵੱਧ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ ।ਕੇਂਦਰ ਸਰਕਾਰ ਵਿੱਤੀ ਪੈਕੇਜ਼ ਹੋਰਾਂ ਰਾਜਾਂ ਨੂੰ ਵੱਡੇ ਪੱਧਰ ਉੱਪਰ ਬਜ਼ਟ ਵਿੱਚ ਦਿੰਦੀ ਪਰ ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ਼ ਦੇਣ ਤੋਂ ਕੰਨੀ ਕਤਰਾ ਜਾਂਦੀ ਹੈ । ਸਰਹੱਦੀ ਸੂਬਾ ਹੋਣ ਕਾਰਨ ਪੰਜਾਬੀ ਫੌਜੀ ਸਰਹੱਦਾਂ ਤੇ ਅਜੇ ਵੀ ਮੂਹਰਲੀ ਕਤਾਰ 'ਚ ਹੋਣ ਕਾਰਨ ਅਨੇਕਾਂ ਸ਼ਹੀਦੀਆਂ ਦੇ ਰਹੇ ਹਨ , ਪੰਜਾਬ ਬਰੂਦ ਦੀ ਸੁਰੰਗ ਉੱਪਰ ਬੈਠਾ ਆਪਣੇ ਬਲਬੂਤੇ ਉੱਪਰ ਹੀ ਆਪਣੀ ਹੋਂਦ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ। ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ।ਵੱਧ ਰਹੀ ਬੇਰੁਜ਼ਗਾਰੀ ਕਾਰਨ ਇਸ ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਵਧੇਰੇ ਇੰਡਸਟਰੀ ਅਤੇ ਨਵੀਂ ਭਰਤੀਆ ਕਰਨ ਦੀ ਲੋੜ ਹੈ । ਪੰਜਾਬ ਦਾ ਜੋ ਵਿਕਾਸ ਕੇਂਦਰ ਤੋਂ ਵਿਸ਼ੇਸ਼ ਪੈਕੇਜ਼ ਮਿਲਣ ਕਾਰਨ ਹੋਣਾ ਚਾਹੀਦਾ ਸੀ , ਓਨਾ ਵਿਕਾਸ ਪੰਜਾਬ ਦਾ ਨਹੀਂ ਹੋਇਆ , ਪੰਜਾਬ ਸਰਕਾਰ ਵੀ ਨੋਜਵਾਨਾਂ ਨੂੰ ਉਨ੍ਹਾਂ ਦੀਆਂ ਮੰਗਾਂ ਸੁਣਨ ਜਾਂ ਰੁਜ਼ਗਾਰ ਦੇਣ ਦੀ ਜਗ ?ਹਾ ਰੁਜ਼ਗਾਰ ਮੰਗਣ ਵਾਲਿਆਂ ਲਈ ਡੰਡੇ ਵਰ੍ਹਾ , ਜੇਲ੍ਹਾਂ 'ਚ ਡੱਕਣ , ਟੈਂਕੀਆਂ ਤੇ ਚੜ੍ਹਨ ਲਈ ਮਜਬੂਰ ਕਰਨ ਆਦਿ ਵਾਲੀ ਨੀਤੀ ਵਰਤ ਰਹੀ ਹੈ ਜੋ ਨੇਤਾ ਪਹਿਲਾਂ ਸ਼ਹੀਦਾਂ ਦੀ ਸੋਚ ਤੇ ਚਲਣ ਦੀ ਗੱਲ ਕਰ ਕੇ ਸੱਤਾ 'ਚ ਆਏ ਸੀ । ਜਿਸ ਕਾਰਨ ਹੀ ਇਥੋਂ ਦੇ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਤੇਜ਼ੀ ਨਾਲ ਜਾ ਪ੍ਰਵਾਸ ਕਰ ਰਹੇ ਹਨ ।

# ਇੱਕ ਸੋਚ ਦੀ ਸ਼ੁਰੂਆਤ, ਬਦਲੇ ਦੇਸ਼ ਦੀ ਨੁਹਾਰ

ਕੁਲਬੀਰ ਸ਼ਰਮਾ
ਮੋਬਾਈਲ ਨੰਬਰ : 8427212104

ਹਰ ਸਾਲ ਜਦੋਂ ਅਸੀਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਘੁੰਮਣ-ਫਿਰਨ, ਪੜ੍ਹਾਈ ਕਰਨ, ਰੁਜ਼ਗਾਰ ਜਾਂ ਵਪਾਰ ਦੇ ਸਿਲਸਿਲੇ ਵਿੱਚ ਜਾਂਦੇ ਹਾਂ, ਤਾਂ ਉੱਥੋਂ ਦੇ ਪ੍ਰਦੂਸ਼ਣ-ਰਹਿਤ ਤੇ ਸ਼ਾਂਤਮਈ ਮਾਹੌਲ, ਸਾਫ਼-ਸਫ਼ਾਈ, ਹਰਿਆਲੀ ਨਾਲ ਭਰੇ ਪਾਰਕ, ਸੁਚੱਜੀ ਆਵਾਜਾਈ ਪ੍ਰਣਾਲੀ ਅਤੇ ਉੱਚ ਦਰਜੇ ਦੀ ਸੁੰਦਰਤਾ ਨੂੰ ਦੇਖ ਕੇ ਪ੍ਰਭਾਵਿਤ ਹੁੰਦੇ ਹਾਂ। ਉੱਥੋਂ ਦੇ ਵਾਤਾਵਰਣ ਵਿੱਚ ਰਚੀ ਸਕਾਰਾਤਮਕ ਊਰਜਾ ਸਾਨੂੰ ਇੱਕ ਵੱਖਰਾ ਹੀ ਸਕੂਨ ਮਹਿਸੂਸ ਕਰਵਾਉਂਦੀ ਹੈ। ਇਸੇ ਕਰਕੇ ਜਦੋਂ ਅਸੀਂ ਵਾਪਸ ਆਪਣੇ ਦੇਸ਼ ਪਰਤਦੇ ਹਾਂ, ਤਾਂ ਆਪਣੇ ਦੋਸਤਾਂ-ਮਿੱਤਰਾਂ ਅਤੇ ਪਰਿਵਾਰਕ ਮੈਂਬਰਾਂ ਸਾਹਮਣੇ ਉੱਥੋਂ ਦੀ ਸੁੰਦਰਤਾ ਦੀਆਂ ਖੁੱਲ੍ਹ ਕੇ ਤਾਰੀਫ਼ਾਂ ਕਰਦੇ ਹਾਂ।

ਇਸ ਸਭ ਤੋਂ ਬਾਅਦ ਸਾਡੇ ਮਨ ਵਿੱਚ ਇਹ ਖ਼ ?ਆਲ ਆਉਣਾ ਸੁਭਾਵਿਕ ਹੈ ਕਿ ਕਾਸ਼ ਸਾਡਾ ਦੇਸ਼, ਸਾਡਾ ਪੰਜਾਬ, ਸਾਡਾ ਸ਼ਹਿਰ ਅਤੇ ਸਾਡਾ ਪਿੰਡ ਵੀ ਇੰਨਾ ਹੀ ਸਾਫ਼-ਸੁਥਰਾ, ਅਨੁਸ਼ਾਸਿਤ ਅਤੇ ਖ਼ੂਬਸੂਰਤ ਹੋਵੇ। ਫਿਰ ਅਸੀਂ ਆਪਣੇ ਦੇਸ਼ ਦੀ ਤੁਲਨਾ ਉਨ੍ਹਾਂ ਵਿਕਸਤ ਦੇਸ਼ਾਂ ਨਾਲ ਕਰਨੀ ਸ਼ੁਰੂ ਕਰ ਦਿੰਦੇ ਹਾਂ ਅਤੇ ਅਕਸਰ ਸਾਰੀਆਂ ਕਮੀਆਂ ਦਾ ਦੋਸ਼ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਸਿਰ ਮੜ੍ਹ ਕੇ ਆਪਣੀ ਸੋਚ ਨੂੰ ਉੱਥੇ ਹੀ ਖ਼ਤਮ ਕਰ ਦਿੰਦੇ ਹਾਂ।

ਪਰ ਅਸਲ ਸਵਾਲ ਤਾਂ ਇੱਥੋਂ ਹੀ ਸ਼ੁਰੂ ਹੁੰਦਾ ਹੈ। ਜੇ ਅਸੀਂ ਆਪਣੇ ਦੇਸ਼ ਦੀ ਤੁਲਨਾ ਵਿਕਸਤ ਦੇਸ਼ਾਂ ਨਾਲ ਕਰ ਸਕਦੇ ਹਾਂ, ਉਨ੍ਹਾਂ ਦੀਆਂ ਸਰਕਾਰਾਂ ਅਤੇ ਕਾਨੂੰਨਾਂ ਦੀ ਤੁਲਨਾ ਆਪਣੀ ਸਰਕਾਰ ਅਤੇ ਕਾਨੂੰਨਾਂ ਨਾਲ ਕਰ ਸਕਦੇ ਹਾਂ, ਤਾਂ ਫਿਰ ਆਪਣੀ ਤੁਲਨਾ ਉਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨਾਲ ਕਿਉਂ ਨਹੀਂ ਕਰਦੇ?

ਕੀ ਸਾਡੀਆਂ ਆਦਤਾਂ ਉਨ੍ਹਾਂ ਜਾਗਰੂਕ ਨਾਗਰਿਕਾਂ ਵਰਗੀਆਂ ਹਨ? ਕੀ ਅਸੀਂ ਆਪਣੇ ਫ਼ਰਜ਼ਾਂ ਨੂੰ ਉੱਨੇ ਹੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਂਦੇ ਹਾਂ? ਕੀ ਅਸੀਂ ਜਨਤਕ ਸੰਪਤੀ ਦੀ ਸੰਭਾਲ ਆਪਣੀ ਸੰਪਤੀ ਵਾਂਗ ਕਰਦੇ ਹਾਂ? ਕੀ ਅਸੀਂ ਟ ?ਰੈਫਿਕ ਅਤੇ ਸਫ਼ਾਈ ਦੇ ਨਿਯਮਾਂ ਨੂੰ ਉਸੇ ਗੰਭੀਰਤਾ ਨਾਲ ਲੈਂਦੇ ਹਾਂ?

ਕਿਸੇ ਵੀ ਦੇਸ਼ ਦੀ ਤਰੱਕੀ ਸਿਰਫ਼ ਵੱਡੀਆਂ ਇਮਾਰਤਾਂ, ਆਧੁਨਿਕ ਸਹੂਲਤਾਂ ਜਾਂ ਚੌੜੀਆਂ ਸੜਕਾਂ ਨਾਲ ਨਹੀਂ ਹੁੰਦੀ। ਦੇਸ਼ ਨੂੰ ਅਸਲ ਵਿੱਚ ਉਸ ਦੇ ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕ ਮਹਾਨ ਬਣਾਉਂਦੇ ਹਨ। ਜੇ ਲੋਕ ਆਪਣੇ ਫ਼ਰਜ਼ ਸਮਝਣ, ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਦੇਸ਼ ਨੂੰ ਆਪਣਾ ਘਰ ਸਮਝਣ, ਤਾਂ ਉਸ ਦੇਸ਼ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕਦਾ।

ਜੇ ਅਸੀਂ ਸੱਚਮੁੱਚ ਆਪਣੇ ਦੇਸ਼ ਨੂੰ ਬਦਲਦਾ ਦੇਖਣਾ ਚਾਹੁੰਦੇ ਹਾਂ, ਤਾਂ ਸਭ ਤੋਂ ਪਹਿਲਾਂ ਸੁਧਾਰ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਹੀ ਕਰਨੀ ਪਵੇਗੀ। ਆਪਣੇ ਆਪ ਨੂੰ ਬਦਲਣ ਲਈ ਤਿਆਰ ਹੋਣਾ ਪਵੇਗਾ। ਸਾਨੂੰ ਉਨ੍ਹਾਂ ਦੇਸ਼ਾਂ ਦੇ ਫ਼ਰਜ਼ਸ਼ਨਾਸ ਨਾਗਰਿਕਾਂ ਦੀ ਸੋਚ ਨੂੰ ਅਪਣਾਉਣਾ ਹੋਵੇਗਾ ਅਤੇ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਛੋਟੀਆਂ-ਛੋਟੀਆਂ ਚੰਗੀਆਂ ਆਦਤਾਂ ਨੂੰ ਥਾਂ ਦੇਣੀ ਹੋਵੇਗੀ। ÷ਇੱਕ ਮੇਰੇ ਸੁਧਰਨ ਨਾਲ ਕੀ ਫ਼ਰਕ ਪਵੇਗਾ÷ ਜਾਂ ÷ਮੈਨੂੰ ਕੀ ਲੋੜ ਹੈ÷ ਵਰਗੀ ਆਲਸੀ ਅਤੇ ਨਕਾਰਾਤਮਕ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਤਿਆਗਣਾ ਹੋਵੇਗਾ। ਅਜਿਹੇ ਕਈ ਛੋਟੇ-ਛੋਟੇ ਕਦਮਾਂ ਨਾਲ ਅਸੀਂ ਵੀ ਆਪਣੇ ਦੇਸ਼ ਦੀ ਨੁਹਾਰ ਬਦਲ ਸਕਦੇ ਹਾਂ।

ਸਾਡਾ ਸਭ ਤੋਂ ਪਹਿਲਾ ਨਾਗਰਿਕ ਫ਼ਰਜ਼ ਇਹ ਹੈ ਕਿ ਅਸੀਂ ਸਫ਼ਾਈ ਨੂੰ ਕੇਵਲ ਆਪਣੇ ਘਰ ਦੀਆਂ ਬਰੂਹਾਂ ਤੱਕ ਸੀਮਤ ਨਾ ਰੱਖੀਏ, ਸਗੋਂ ਪੂਰੇ ਸ਼ਹਿਰ, ਗਲੀ, ਪਾਰਕਾਂ ਅਤੇ ਸਰਕਾਰੀ ਥਾਵਾਂ ਨੂੰ ਆਪਣੇ ਘਰ ਦਾ ਵੇਹੜਾ ਸਮਝੀਏ। ਜਦੋਂ ਅਸੀਂ ਚਾਕਲੇਟ ਦਾ ਰੈਪਰ, ਖਾਲੀ ਲਿਫ਼ਾਫ਼ਾ ਜਾਂ ਪਲਾਸਟਿਕ ਦੀ ਬੋਤਲ ਸੜਕ 'ਤੇ ਸੁੱਟਣ ਦੀ ਥਾਂ ਉਸ ਨੂੰ ਉਦੋਂ ਤੱਕ ਆਪਣੀ ਜੇਬ ਜਾਂ ਬੈਗ ਵਿੱਚ ਰੱਖਣ ਦੀ ਸਮਝਦਾਰੀ ਦਿਖਾਵਾਂਗੇ, ਜਦੋਂ ਤੱਕ ਕੋਈ ਕੂੜੇਦਾਨ ਨਾ ਮਿਲੇ, ਤਾਂ ਸਾਡੇ ਦੇਸ਼ ਦੀ ਸਫ਼ਾਈ ਦਾ ਅੱਧਾ ਮਸਲਾ ਆਪਣੇ ਆਪ ਹੱਲ ਹੋ ਜਾਵੇਗਾ।

ਇਸ ਦੇ ਨਾਲ ਹੀ, ਸੜਕੀ ਆਵਾਜਾਈ ਵਿੱਚ ਅਨੁਸ਼ਾਸਨ ਬਣਾਏ ਰੱਖਣਾ ਸਾਡਾ ਮੁੱਢਲਾ ਫ਼ਰਜ਼ ਹੈ। ਟ ?ਰੈਫਿਕ ਨਿਯਮਾਂ ਦੀ ਪਾਲਣਾ ਸਿਰਫ਼ ਜੁਰਮਾਨੇ ਦੇ ਡਰ ਕਰਕੇ ਨਹੀਂ, ਸਗੋਂ ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਪ੍ਰਤੀ ਜ਼ਿੰਮੇਵਾਰੀ ਸਮਝ ਕੇ ਕਰਨੀ ਚਾਹੀਦੀ ਹੈ। ਐਂਬੂਲੈਂਸ, ਫਾਇਰ ਬ੍ਰਿਗੇਡ ਅਤੇ ਹੋਰ ਐਮਰਜੈਂਸੀ ਸੇਵਾਵਾਂ ਨੂੰ ਤੁਰੰਤ ਰਸਤਾ ਦੇਣਾ ਸਿਰਫ਼ ਇੱਕ ਨਿਯਮ ਨਹੀਂ, ਸਗੋਂ ਸਾਡੀ ਮਾਨਵਤਾ, ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰ ਨਾਗਰਿਕ ਹੋਣ ਦੀ ਪਹਿਚਾਣ ਹੈ।

ਸਰਕਾਰੀ ਬੱਸਾਂ, ਰੇਲ ਗੱਡੀਆਂ, ਰੇਲਵੇ ਸਟੇਸ਼ਨ, ਸਕੂਲ, ਹਸਪਤਾਲ, ਪਾਰਕ, ਸੜਕਾਂ ਅਤੇ ਇਤਿਹਾਸਕ ਵਿਰਾਸਤਾਂ ਸਾਡੇ ਸਾਰਿਆਂ ਦੀ ਸਾਂਝੀ ਸੰਪਤੀ ਹਨ, ਜੋ ਸਾਡੇ ਹੀ ਟੈਕਸ ਦੇ ਪੈਸਿਆਂ ਨਾਲ ਬਣਦੀਆਂ ਹਨ। ਇਸ ਲਈ ਗੁੱਸੇ ਜਾਂ ਵਿਰੋਧ ਵਿੱਚ ਇਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ, ਕੰਧਾਂ 'ਤੇ ਲਿਖਣਾ, ਕੂੜਾ ਸੁੱਟਣਾ ਜਾਂ ਤੋੜ-ਫੋੜ ਕਰਨਾ ਆਪਣੇ ਹੀ ਘਰ ਦਾ ਨੁਕਸਾਨ ਕਰਨ ਦੇ ਬਰਾਬਰ ਹੈ। ਇਹ ਸਾਰੀਆਂ ਸਹੂਲਤਾਂ ਸਾਡੀ ਭਲਾਈ ਅਤੇ ਸੁਵਿਧਾ ਲਈ ਹੀ ਬਣਾਈਆਂ ਗਈਆਂ ਹਨ। ਜੇ ਅਸੀਂ ਆਪ ਹੀ ਇਨ੍ਹਾਂ ਦੀ ਸੰਭਾਲ ਨਹੀਂ ਕਰਾਂਗੇ, ਤਾਂ ਫਿਰ ਹੋਰ ਕੌਣ ਕਰੇਗਾ? ਇੱਕ ਕਰਤੱਵਨਿਸ਼ਠ ਨਾਗਰਿਕ ਹੋਣ ਦੇ ਨਾਤੇ ਜਨਤਕ ਸੰਪਤੀ ਦੀ ਰੱਖਿਆ ਕਰਨਾ ਸਾਡਾ ਨੈਤਿਕ ਫ਼ਰਜ਼ ਹੈ।

ਇਸ ਤੋਂ ਇਲਾਵਾ, ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਹੋਵੇਗਾ। ਇਸ ਲਈ ਪਾਣੀ ਅਤੇ ਬਿਜਲੀ ਦੀ ਬੇਲੋੜੀ ਬਰਬਾਦੀ ਤੋਂ ਬਚਣਾ, ਸਿੰਗਲ-ਯੂਜ਼ ਪਲਾਸਟਿਕ ਨੂੰ ਪੂਰੀ ਤਰ੍ਹਾਂ ਤਿਆਗਣਾ, ਵੱਧ ਤੋਂ ਵੱਧ ਰੁੱਖ ਲਗਾਉਣਾ ਅਤੇ ਆਪਣੇ ਆਲੇ-ਦੁਆਲੇ ਨੂੰ ਪ੍ਰਦੂਸ਼ਣ-ਮੁਕਤ ਰੱਖਣਾ ਸਾਡੇ ਰੋਜ਼ਾਨਾ ਦੇ ਜੀਵਨ ਦਾ ਹਿੱਸਾ ਬਣਨਾ ਚਾਹੀਦਾ ਹੈ। ਇੱਕ ਆਦਰਸ਼ ਨਾਗਰਿਕ ਹੋਣ ਦੇ ਨਾਤੇ ਸਾਨੂੰ ਕਾਨੂੰਨਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਇਮਾਨਦਾਰੀ ਨਾਲ ਟੈਕਸ ਅਦਾ ਕਰਨਾ, ਭ੍ਰਿਸ਼ਟਾਚਾਰ ਨੂੰ ਕਿਸੇ ਵੀ ਰੂਪ ਵਿੱਚ ਉਤਸ਼ਾਹਿਤ ਨਾ ਕਰਨਾ, ਨਾ ਰਿਸ਼ਵਤ ਲੈਣੀ ਅਤੇ ਨਾ ਹੀ ਦੇਣੀ, ਝੂਠੇ ਦਸਤਾਵੇਜ਼ਾਂ, ਸਿਫ਼ਾਰਸ਼ਾਂ ਜਾਂ ਗਲਤ ਤਰੀਕਿਆਂ ਨਾਲ ਆਪਣੇ ਕੰਮ ਕਰਵਾਉਣ ਦੀ ਕੋਸ਼ਿਸ਼ ਨਾ ਕਰਨੀ ਹਰ ਨਾਗਰਿਕ ਦਾ ਫ਼ਰਜ਼ ਹੈ।

ਇਸ ਦੇ ਨਾਲ ਹੀ ਸਾਡੇ ਵਿਹਾਰ ਵਿੱਚ ਨਿਮਰਤਾ, ਆਪਸੀ ਸਤਿਕਾਰ ਅਤੇ ਇਨਸਾਨੀਅਤ ਦੀ ਭਾਵਨਾ ਵੀ ਝਲਕਣੀ ਚਾਹੀਦੀ ਹੈ। ਘਰ ਆਉਣ ਵਾਲੇ ਹਰ ਮਹਿਮਾਨ ਦਾ ਮੁਸਕਰਾ ਕੇ ਸਵਾਗਤ ਕਰਨਾ, ਘਰੋਂ ਨਿਕਲਦੇ ਜਾਂ ਵਾਪਸ ਆਉਂਦੇ ਸਮੇਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਮਿਲਣਾ, ਵੱਡਿਆਂ ਦਾ ਆਦਰ ਕਰਨਾ ਅਤੇ ਉਨ੍ਹਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣਾ ਸਾਡੇ ਚੰਗੇ ਸੰਸਕਾਰਾਂ ਦੀ ਪਹਿਚਾਣ ਹੈ। ਬੱਚਿਆਂ ਨਾਲ ਪਿਆਰ ਅਤੇ ਧੀਰਜ ਨਾਲ ਪੇਸ਼ ਆਉਣਾ, ਔਰਤਾਂ ਦਾ ਸਤਿਕਾਰ ਕਰਨਾ, ਦਿਵਿਆਂਗ ਅਤੇ ਬਜ਼ੁਰਗ ਵਿਅਕਤੀਆਂ ਦੀ ਸੜਕ ਪਾਰ ਕਰਵਾਉਣ ਜਾਂ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਕਰਨੀ, ਰਾਹ ਭੁੱਲੇ ਜਾਂ ਮੁਸੀਬਤ ਵਿੱਚ ਫਸੇ ਕਿਸੇ ਅਣਜਾਣ ਵਿਅਕਤੀ ਨੂੰ ਸਹੀ ਰਸਤਾ ਦੱਸਣਾ ਜਾਂ ਸਹਾਇਤਾ ਕਰਨੀ ਵੀ ਇੱਕ ਜਾਗਰੂਕ ਨਾਗਰਿਕ ਦੀ ਪਹਿਚਾਣ ਹੈ। ਜਨਤਕ ਥਾਵਾਂ 'ਤੇ ਕਤਾਰ ਦਾ ਸਤਿਕਾਰ ਕਰਨਾ, ਆਪਣੀ ਵਾਰੀ ਦੀ ਉਡੀਕ ਕਰਨੀ, ਬੱਸਾਂ-ਟ ?ਰੇਨਾਂ ਵਿੱਚ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਦਿਵਿਆਂਗ ਵਿਅਕਤੀਆਂ ਅਤੇ ਲੋੜਵੰਦ ਯਾਤਰੀਆਂ ਲਈ ਆਪਣੀ ਸੀਟ ਛੱਡਣਾ, ਬਿਨਾਂ ਲੋੜ ਉੱਚੀ ਆਵਾਜ਼ ਵਿੱਚ ਰੌਲਾ ਨਾ ਪਾਉਣਾ, ਗਾਲੀ-ਗਲੌਚ ਤੋਂ ਬਚਣਾ ਅਤੇ ਹਰ ਵਿਅਕਤੀ ਨਾਲ ਨਿਮਰਤਾ ਨਾਲ ਗੱਲ ਕਰਨੀ, ਘਰ, ਦਫ਼ਤਰ, ਬਾਜ਼ਾਰਾਂ ਜਾਂ ਸੜਕਾਂ 'ਤੇ ਔਰਤਾਂ ਨੂੰ ਪੂਰਨ ਸੁਰੱਖਿਅਤ ਅਤੇ ਸਨਮਾਨਜਨਕ ਮਾਹੌਲ ਦੇਣਾ ਸਾਡੇ ਸਮਾਜ ਦੀ ਉੱਚੀ ਸੋਚ ਨੂੰ ਦਰਸਾਉਂਦਾ ਹੈ। ਅਜਿਹੀਆਂ ਛੋਟੀਆਂ-ਛੋਟੀਆਂ ਆਦਤਾਂ ਇੱਕ ਸੱਭਿਅਕ ਸਮਾਜ ਦੀ ਨੀਂਹ ਮਜ਼ਬੂਤ ਕਰਦੀਆਂ ਹਨ, ਜਿਸ ਨਾਲ ਸਾਡੇ ਦੇਸ਼ ਦੀ ਤਰੱਕੀ ਦੀ ਰਫ਼ਤਾਰ ਆਪਣੇ ਆਪ ਤੇਜ਼ ਹੋ ਜਾਂਦੀ ਹੈ। ਸਾਡਾ ਹਰ ਇੱਕ ਸਕਾਰਾਤਮਕ ਕਦਮ ਸਮਾਜ ਵਿੱਚ ਵੱਡਾ ਬਦਲਾਅ ਲਿਆਉਣ ਦੀ ਸਮਰੱਥਾ ਰੱਖਦਾ ਹੈ। ਇਸ ਨਵੀਂ ਸੋਚ ਦੀ ਰੌਸ਼ਨੀ ਨਾਲ ਆਪਣੇ ਦੇਸ਼ ਦੀ ਨੁਹਾਰ ਬਦਲੀਏ, ਇਸ ਨੂੰ ਵੀ ਵਿਕਸਤ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਕਰੀਏ ਅਤੇ ਆਪਣਾ ਜਾਗਰੂਕ ਤੇ ਜ਼ਿੰਮੇਵਾਰ ਨਾਗਰਿਕ ਹੋਣ ਦਾ ਫ਼ਰਜ਼ ਪੂਰੀ ਇਮਾਨਦਾਰੀ ਨਾਲ ਨਿਭਾਈਏ।

# ਮਨੁੱਖੀ ਜੀਵਨ ਦਾ ਫਲਸਫਾ



ਸਰੂਪ ਸਿੰਘ,ਚੌਧਰੀ ਮਾਜਰਾ (ਨਾਭਾ)
99886-27880

ਕੁਦਰਤ ਨੇ ਧਰਤੀ ਤੇ ਜੀਵ-ਜੰਤੂ ਤੇ ਪੇੜ ਪੌਦਿਆਂ ਦੀ ਸਿਰਜਣਾ ਕਰਦੇ ਹੋਇਆ ਮਨੁੱਖੀ ਜੀਵ ਨੂੰ ਸਭ ਤੋਂ ਉੱਤਮ ਰੂਪ ਦੀ ਘੜ੍ਹਤ ਵਿਚ ਘੜਿਆ ਹੈ।ਉਹ ਕੁਦਰਤੀ ਨਜ਼ਾਰਿਆਂ ਨੂੰ ਮਾਣਦਾ ਹੋਇਆ ਆਪਣੀ ਸੋਚ ਸ਼ਕਤੀ ਦੇ ਨਾਲ ਜੀਵਨ ਦਾ ਨਿਰਵਾਉ ਕਰਦਾ ਹੈ।ਪਰ ਸਮਾਜ ਵਿਚ ਵਿਚਰਦਿਆਂ ਮਨੁੱਖ ਆਪਣੇ ਅਸਲ ਮਕਸਦ ਤੋਂ ਭਟਕ ਸੁਆਰਥੀ ਸੁਭਾਅ ਕਾਰਨ ਤ੍ਰਿਸ਼ਨਾ ਜਾਲ ਚ ਫਸ ਮਨੋਰਥ ਨੂੰ ਪੂਰਦਾ ਹੋਇਆ ਪੂਰਾ ਜੀਵਨ ਬਤੀਤ ਕਰ ਦਿੰਦਾ ਹੈ ਪਰ ਅਸਲੀਅਤ ਨੂੰ ਨਹੀਂ ਪਛਾਣਦਾ।

ਆਦਿਵਾਸੀ ਜੀਵਨ ਕਾਲ ਵਿਚ ਜੰਗਲੀਂ ਰਹਿਣ ਵਾਲਾ ਤੇ ਅੱਗ ਤੋਂ ਡਰਨ ਵਾਲਾ ਆਧੁਨਿਕ ਮਨੁੱਖ ਅੱਜ ਅੱਗ ਦੀਆਂ ਖੇਡਾਂ ਖੇਡ ਰਿਹਾ ਹੈ। ਉਹ ਆਪਣੀ ਪਹਿਚਾਣ/ਤਾਨਾਸ਼ਾਹੀ ਸਥਾਪਤ ਕਰਨ ਵਾਸਤੇ ਮਾਰੂ ਹਥਿਆਰ ਤੇ ਖ਼ਤਰਨਾਕ ਬਾਰੂਦ ਤਿਆਰ ਕਰਕੇ ਸ਼ਰੇਆਮ ਬੇਰਹਿਮੀ ਨਾਲ ਮਨੁੱਖਤਾ ਦਾ ਘਾਣ ਕਰ ਰਿਹਾ ਹੈ। ਉਹ ਕੁਦਰਤ ਵਲੋਂ ਬਖਸ਼ੇ ਇਸ ਅਨਮੋਲ ਤੋਹਫ਼ੇ ਨੂੰ ਆਪਣੀ ਤਾਕਤ ਦੇ ਨਸ਼ੇ ਵਿਚ ਵਿਅਰਥ ਗੁਆ ਰਿਹਾ ਹੈ।ਉਹ ਬੰਦੇ ਦੇ ਰੂਪ ਵਿਚ ਸ਼ੈਤਾਨਾਂ ਵਾਲੇ ਘਟੀਆ ਕਿਸਮ ਦੇ ਕੰਮ ਕਰਕੇ ਰੱਬ ਨੂੰ ਮੰਨਣ ਦਾ ਦਿਖਾਵਾ ਕਰਦਾ ਹੈ ਤੇ ਖ਼ੁਦ ਨੂੰ ਰੱਬ ਕਹਾਂਉਂਦਾ ਹੈ। ਮਨੁੱਖ ਕੁਦਰਤ ਦੀ ਅਨਮੋਲ ਦਾਤ ਹੈ ਜੋ ਸਿਰਫ਼ ਧਰਤੀ ਤੇ ਸ਼ਾਹ ਲੈਣ ਲਈ ਨਹੀਂ ਬਲਕਿ ਪ੍ਰਭੂ ਸਿਮਰਨ,ਚੰਗੇ ਕਰਮ ਅਤੇ ਦੀਨ ਦੁਖੀਆਂ ਦੀ ਮਦਦ ਕਰਨ ਦੇ ਨਾਲ ਨਾਲ ਸਮਾਜਕ ਸਹਿਚਾਰਤਾ ਵਧਾਉਣ ਲਈ ਪੈਦਾ ਹੋਇਆ ਹੈ।ਪਰ ਮਨੁੱਖ ਆਪਣੇ ਹਾਉਮੈ ਦੀ ਆੜ ਵਿਚ ਮਨੁੱਖਤਾ ਨਾਲ ਦੁਰਵਿਵਹਾਰ ਕਰਦਾ ਹੋਇਆ ਕੁਦਰਤ ਦੀ ਪ੍ਰਕ੍ਰਿਤੀ ਨੂੰ ਵਡਿਆਉਣ ਦੀ ਥਾਂ ਆਪਣੇ ਗਿਆਨ ਤੇ ਉੱਚੀ ਸ਼ੋਹਰਤ ਦਾ ਗੁਮਾਨ ਕਰਦਾ ਹੈ।

ਮਨੁੱਖ ਜਨਮ ਤੋਂ ਲੈਕੇ ਜਵਾਨੀ ਅਤੇ ਬੁਢੇਪੇ ਦੇ ਪੜਾਵਾਂ ਵਿੱਚੋਂ ਲੰਘਦਾ ਹੋਇਆ ਇੱਕ ਸਫਲ ਮਨੁੱਖ ਬਣਨ ਲਈ ਕਰਮਕਾਂਡੀ ਚੱਕਰਵਿਊ ਚ ਫਸ ਆਪਣੇ ਹੌਸਲੇ ਦੇ ਹਥਿਆਰ ਨਾਲ ਪਲ ਪਲ ਕਿਰਤ ਦੀ ਜੰਗ ਲੜਦਾ ਹੈ।ਜਿਸ ਨੂੰ ਮਜਬੂਰੀਆਂ/ਧੱਕੇਸ਼ਾਹੀਆ ਵਰਗੀਆਂ ਔਕੜਾਂ ਅਸਫ਼ਲਤਾ ਦਾ ਰਾਹ ਬਣ ਘੇਰਦੀਆਂ ਨੇ। ਪਰ ਜੋ ਮਨੁੱਖ ਆਪਣੀ ਸਮਝ ਅਤੇ ਤਜਰਬਿਆਂ ਦੇ ਨਾਲ ਸੱਚ,ਸੰਤੋਖ ਅਤੇ ਨੇਕੀ ਦੇ ਰਸਤੇ 'ਤੇ ਚੱਲਦਾ ਹੋਇਆ ਵਿਲੱਖਣ ਸੋਚ-ਸ਼ਕਤੀ ਦੇ ਨਾਲ ਜ਼ਿੰਦਗੀ ਦਾ ਮਹੱਤਵ ਸਮਝ ਨੈਤਿਕ ਕਦਰਾਂ-ਕੀਮਤਾਂ ਅਤੇ ਦੂਜਿਆਂ ਦੀ ਭਲਾਈ ਕਰਨ ਦੀ ਸਮਰੱਥਾ ਨੂੰ ਜਿਤਾਉਂਦਾ ਹੈ ਅਸਲ ਵਿਚ ਉਹੀਓ ਮਨੁੱਖ ਪਿਆਰ ਅਤੇ ਸਹਿਯੋਗ ਨਾਲ ਜ਼ਿੰਦਗੀ ਨੂੰ ਸੁੰਦਰ ਅਤੇ ਸਾਰਥਕ ਬਣਾਉਂਦਾ ਹੈ।

ਮੌਤ ਜੀਵਨ ਦੀ ਸਭ ਤੋਂ ਵੱਡੀ ਅਤੇ ਅਟੱਲ ਸੱਚਾਈ ਹੈ। ਇਸ ਗੱਲ ਦਾ ਅਹਿਸਾਸ ਸਾਨੂੰ ਹਉਮੈ (ਅਹੰਕਾਰ) ਤੋਂ ਮੁਕਤ ਕਰਦਾ ਹੈ ।ਜ਼ਿੰਦਗੀ ਕਦੇ ਖੜ੍ਹਦੀ ਨਹੀਂ, ਇਸ ਦੇ ਸਾਹਾਂ ਦਾ ਵਹਾਅ ਨਿਰੰਤਰ ਵਹਿੰਦਾ ਰਹਿੰਦਾ ਹੈ।ਮਨੁੱਖਾ ਜ਼ਿੰਦਗੀ ਇੱਕ ਕਰਮ-ਭੂਮੀ ਹੈ।ਸੁਖ-ਦੁੱਖ ਦੋਵੇਂ ਹੀ ਸਾਡੇ ਨਾਲ ਜ਼ਿੰਦਗੀ ਦੇ ਅੰਤਿਮ ਪੜਾਅ ਤੱਕ ਵਿਚਰਦੇ ਰਹਿੰਦੇ ਪਰ ਇਹ ਸਦੀਵੀਂ ਨੀਂ ਰਹਿੰਦੇ।ਪਰ ਜੋ ਮਨੁੱਖ ਦੁੱਖਾਂ ਦੀ ਘੜੀ ਵਿਚ ਆਪਣੇ ਹੌਸਲੇ ਤੇ ਦ੍ਰਿੜ ਇਰਾਦੇ ਨਾਲ ਸੰਤੁਲਨ ਬਣਾਈ ਰੱਖਦਾ ਅਤੇ ਖੁਸ਼ੀ ਦੇ ਸਮੇਂ ਆਪੇ ਤੋਂ ਬਾਹਰ (ਅਹੰਕਾਰ) ਨਹੀਂ ਹੁੰਦਾ ਭਾਵ ਕਿ ਅਹੰਕਾਰ ਨੀਂ ਕਰਦਾ ਅਸਲ ਵਿਚ ਉਹੀਓ ਮਨੁੱਖ ਸਹੀ ਮਾਅਨਿਆਂ ਵਿਚ ਜੀਵਨ ਜਾਚ ਜਿਊਂਣ ਦੀ ਸਮਰੱਥਾ ਰੱਖਦਾ ਹੈ। ਧੰਨ-ਦੌਲਤ ਨਾਲ ਖਰੀਦੀਆਂ ਦੁਨਿਆਵੀ ਚੀਜ਼ਾਂ ਸਰੀਰਕ ਸਹੂਲਤਾਂ ਤਾਂ ਪ੍ਰਦਾਨ ਕਰ ਸਕਦੀਆਂ ਹਨ ਪਰ ਮਨ ਦਾ ਸੂਕਨ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਤੋਂ ਦੂਰ ਹੋ ਕੇ ਹੀ ਕੁਦਰਤ ਦੀਆਂ ਬਖਸ਼ੀਆਂ ਦਾਤਾਂ ਦਾ ਸਬਰ ਸੰਤੋਖ ਨਾਲ ਸ਼ੁਕਰਾਨਾ ਕਰਦਿਆਂ ਹੋਇਆ ਪ੍ਰਭੂ ਸਿਮਰਨ ਤੇ ਮਨੁੱਖੀ ਸੇਵਾ ਨਾਲ ਹੀ ਮਿਲਦਾ ਹੈ।ਕੁਦਰਤ ਦਾ ਸ਼ੁਕਰਗੁਜ਼ਾਰ ਹੋਣਾ ਹੀ ਮਨੁੱਖਾਂ ਜ਼ਿਦੰਗੀ ਦਾ ਅਸਲ ਸੁਖਾਂਤ ਹੈ।

ਮਨੁੱਖਾ ਜੀਵਨ ਵਿਚ ਆਉਣ ਵਾਲੀ ਕੁਦਰਤੀ ਨਵੀਂ ਸਵੇਰ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਲਈ ਹਰ ਦਿਨ ਨਵੇਂ ਮੌਕੇ ਲੈਕੇ ਆਉਂਦੀ ਹੈ।ਜੋ ਮਨੁੱਖ ਨੂੰ ਸਫ਼ਲਤਾ ਦੀਆਂ ਰਾਹਵਾਂ ਤੇ ਤੋਰਨ ਲਈ ਸੰਘਰਸ਼ ਕਰਨਾ ਸਿਖਾਉਂਦੀ ਹੈ । ਮਨੁੱਖੀ ਜੀਵਨ ਉਤਸ਼ਾਹ, ਸੰਘਰਸ਼, ਅਤੇ ਕਰਮਾਂ ਦਾ ਸੁਮੇਲ ਹੈ। ਇਸ ਨੂੰ ਸਹੀ ਅਰਥਾਂ ਵਿੱਚ ਜਿਊਣਾ ਇੱਕ ਕਲਾ ਹੈ।ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਮਕਸਦ ਆਪਣੇ ਆਪ ਨੂੰ ਜਾਣਨਾ ਹੈ—ਮੈਂ ਕੌਣ ਹਾਂ, ਮੇਰੀ ਹੋਂਦ ਦਾ ਕੀ ਮਤਲਬ ਹੈ।ਜੋ ਮਨੁੱਖ ਆਪਣੇ ਮੂਲ ਨੂੰ ਪਛਾਣ ਸਵੀਕਾਰ ਕਰ ਲੈਂਦੇ ਹਨ ਕਿ ਕਿਸੇ ਦੇ ਚਿਹਰੇ 'ਤੇ ਮੁਸਕਰਾਹਟ ਲਿਆਉਣਾ ਹੀ ਅਸਲ ਜ਼ਿੰਦਗੀ ਹੈ ।

ਵਿਅਕਤੀ ਇਹ ਸਮਝ ਦੂਜਿਆਂ ਦੇ ਕੰਮ ਆਉਦਾ ਹੈ ਤੇ ਮਾਨਵਤਾ ਦੀ ਸੇਵਾ ਕਰਦਾ ਹੈ ਉਹ ਜ਼ਿੰਦਗੀ ਦਾ ਉੱਚਾ ਮਕਸਦ ਪ੍ਰਾਪਤ ਕਰਦਾ ਹੈ।ਜੋ ਸਾਨੂੰ ਹਰ ਪਲ ਨੂੰ ਖ਼ੂਬਸੂਰਤੀ ਨਾਲ ਜਿਉਣ ਦੀ ਪ੍ਰੇਰਨਾ ਦਿੰਦਾ ਹੈ।

ਮਨੁੱਖ ਇੱਕ ਸਮਾਜਿਕ ਜੀਵ ਹੈ, ਉਹ ਘਰ ਗ੍ਰਹਿਸਥੀ ਦੀ ਜ਼ਿਮੇਵਾਰੀ ਨਿਭਾਉਂਦਾ ਹੋਇਆ ਸੰਸਾਰਿਕ ਲੋੜਾਂ ਦੀ ਪੂਰਤੀ ਕਰਦਾ ਹੈ।ਉਹ ਜਨਮ ਤੋਂ ਲੈਕੇ ਮੌਤ ਦੇ ਅੰਤਿਮ ਪੜਾਅ ਤੱਕ ਵਾਧੇ ਘਾਟੇ ਝੱਲਦਾ ਹੋਇਆ ਇਸ ਦੁਨੀਆ ਤੋਂ ਕੂਚ ਕਰ ਜਾਂਦਾ ਹੈ। ਪਰ ਕੁਝ ਅਜਿਹੇ ਵਿਰਲੇ ਲੋਕ ਵੀ ਧਰਤੀ ਤੇ ਆਉਂਦੇ ਹਨ ਜੋ ਆਪਣੀ ਜੀਵਨ ਯਾਤਰਾ ਦੌਰਾਨ ਜੀਵਨ ਭੂਮੀ ਤੇ ਆਪਣੇ ਕਰਮਾਂ ਦੀ ਫ਼ਸਲ ਦਾ ਅਜਿਹਾ ਬੀਜ਼ ਬੀਜਦੇ ਹਨ ਜਿਸਦੇ ਫਲ ਦੀ ਮਹਿਕ ਸਦੀਆਂ ਤੱਕ ਮਹਿਕਦੀ ਰਹਿੰਦੀ ਹੈ। ਉਹ ਆਪਣਾ ਜੀਵਨ ਕਰਮ ਕਰਦੇ ਹੋਇਆ ਭਗਤੀ ਸਿਮਰਨ ਤੇ ਮਾਨਵ ਸੇਵਾ ਦਾ ਵੀ ਨਿਰਸੁਆਰਥ ਹਿੱਸਾ ਬਣਦੇ ਹਨ। ਅਜਿਹੇ ਕਰਮੀ ਧਰਮੀ ਦਾ ਮਨੁੱਖੀ ਜੀਵਨ ਆਉਣ ਵਾਲੀ ਮਾਨਵ ਪੀੜ੍ਹੀ ਲਈ ਸਦੀਵੀ ਪ੍ਰੇਰਨਾ ਸਰੋਤ ਬਣਦਾ ਰਹਿੰਦਾ ਹੈ। ਭਗਤ ਰਵਿਦਾਸ ਮਹਾਰਾਜ ਜੀ ਦੇ ਕਥਨ ਅਨੁਸਾਰ ਜਿਹੜੇ ਲੋਕ ਭਗਤੀ ਸਿਮਰਨ ਤੇ ਮਨੁੱਖਤਾ ਦੀ ਸੇਵਾ ਕਰਦੇ ਹਨ ਉਨ੍ਹਾਂ ਨੂੰ ਕਿਤੇ ਵੀ ਰੱਬ ਲੱਭਣ ਦੀ ਲੋੜ ਨਹੀਂ ।ਜਿਹੇ ਪਾਕ ਪਵਿੱਤਰ ਹਿਰਦੇ ਵਾਲਿਆਂ ਲਈ ਇਹ ਸ਼ਬਦ ਵਰਤਿਆ ਗਿਆ ਹੈ ÷ਮਨ ਚੰਗਾ ਤਾਂ ਕਠੌਤੀ ਮੇਂ ਗੰਗਾ÷ ਇਹੀ ਹੈ ਮਨੁੱਖੀ ਜੀਵਨ ਦਾ ਅਸਲ ਫ਼ਲਸਫ਼ਾ।

# ਪੁਲਾੜ ਦਾ ਫ਼ੌਜੀਕਰਨ ਸਾਡੇ ਸਾਰਿਆਂ ਲਈ ਖ਼ਤਰੈ



ਰਾਸ਼ਟਰਪਤੀ ਡੌਨਾਲਡ ਟਰੰਪ ਨੂੰ ਮੀਡੀਆ ਅਦਾਰਿਆਂ ਅਤੇ ਹੋਰਾਂ ਤੋਂ 'ਡਾਕਟਰ ਈਵਿਲ' ਦੀ ਸ਼ੈਲੀ ਵਿੱਚ ਹੈਰਾਨ ਕਰਨ ਵਾਲੀਆਂ ਮੰਗਾਂ ਕਰਨ ਦਾ ਸ਼ੌਕ ਹੈ: ਪਿਛਲੇ ਸਾਲ ਬੀ. ਬੀ. ਸੀ. ਖਿਲਾਫ਼ 'ਦੱਸ ਅਰਬ ਡਾਲਰ' ਦਾ ਦਾਅਵਾ ਕਰਨਾ, ਉਨ੍ਹਾਂ ਦੀਆਂ ਅਜਿਹੀਆਂ ਕਈ ਮੰਗਾਂ ਦੀ ਲੜੀ ਵਿੱਚੋਂ ਸਿਰਫ਼ ਇੱਕ ਸੀ।

ਉਹ ਫੌਜੀ ਖਰਚਿਆਂ ਲਈ ਅਮਰੀਕੀ ਜਨਤਾ ਤੋਂ ਜਿਸ ਚੈੱਕ ਦੀ ਮੰਗ ਕਰ ਰਿਹਾ ਹੈ, ਉਹ ਇਸ ਤੋਂ ਕਿਤੇ ਜ਼ਿਆਦਾ ਵੱਡਾ ਹੈ। ਪਿਛਲੇ ਸਾਲ ਅਮਰੀਕਾ ਦਾ ਰੱਖਿਆ ਬਜਟ ਪਹਿਲੀ ਵਾਰ 10 ਖਰਬ (1 ਟ੍ਰਿਲੀਅਨ) ਡਾਲਰ ਤੋਂ ਪਾਰ ਹੋ ਗਿਆ ਸੀ। ਅਜੇ ਵੀ ਅਸੰਤੁਸ਼ਟ, ਇਸ ਸਾਲ ਟਰੰਪ 15 ਖਰਬ (1.5 ਟ੍ਰਿਲੀਅਨ) ਡਾਲਰ ਦੀ ਮੰਗ ਨਾਲ ਅਮਰੀਕਾ ਦੀ ਕਾਂਗਰਸ ਕੋਲ ਵਾਪਸ ਗਿਆ ਹੈ, ਜਿਹੜਾ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਰੱਖਿਆ ਖਰਚਿਆਂ ਵਿੱਚ ਸਭ ਤੋਂ ਵੱਡਾ ਵਾਧਾ ਹੈ।

ਇਸ ਵਿੱਚੋਂ ਇੱਕ ਵੱਡਾ ਹਿੱਸਾ, 17.5 ਅਰਬ (ਬਿਲੀਅਨ) ਡਾਲਰ, ਟਰੰਪ ਵਲੋਂ ਪ੍ਰਸਤਾਵਿਤ 'ਗੋਲਡਨ ਡੋਮ ਮਿਜ਼ਾਇਲ ਸ਼ੀਲਡ' ਪ੍ਰਣਾਲੀ ਦੇ ਵਿਕਾਸ ਲਈ ਖਰਚਿਆ ਜਾਵੇਗਾ - ਇਸ ਪ੍ਰਣਾਲੀ ਦਾ ਨਾਮ ਇਜ਼ਰਾਈਲ ਦੇ 'ਆਇਰਨ ਡੋਮ' ਐਂਟੀ-ਮਿਜ਼ਾਈਲ ਸਿਸਟਮ' ਤੋਂ ਪ੍ਰੇਰਿਤ ਹੈ। ਮੁੱਖ ਤੌਰ 'ਤੇ ਜ਼ਮੀਨ-ਆਧਾਰਿਤ ਇੰਟਰਸੈਪਟਰਾਂ ਅਤੇ ਪੁਲਾੜ-ਆਧਾਰਿਤ ਸੈਂਸਰਾਂ ਨਾਲ ਲੈਸ, ਇਸ ਵਿਸ਼ਾਲ ਮਿਜ਼ਾਈਲ ਸ਼ੀਲਡ ਨੂੰ ਬਚਾਅ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਇਸ ਦੀ ਕੁੱਲ ਲਾਗਤ ਦੇ ਅੰਦਾਜ਼ੇ ਕਾਫ਼ੀ ਵੱਖਰੇ-ਵੱਖਰੇ ਹਨ - ਸਰਕਾਰੀ ਅੰਕੜੇ ਇਸ ਨੂੰ 185 ਅਰਬ (ਬਿਲੀਅਨ) ਡਾਲਰ ਦੱਸਦੇ ਹਨ, ਜਦੋਂ ਕਿ ਅਜ਼ਾਦ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ 'ਤੇ 36 ਖਰਬ (3.6 ਟ੍ਰਿਲੀਅਨ) ਡਾਲਰ ਤੱਕ ਦਾ ਖਰਚਾ ਆ ਸਕਦਾ ਹੈ।

ਪੁਲਾੜ ਦਾ ਹੋਰ ਫ਼ੌਜੀਕਰਨ ਹੋਣਾ ਬਿਲਕੁਲ ਤੈਅ ਹੈ। ਇਸ ਸੰਬੰਧ ਵਿੱਚ ਡੋਮ ਪ੍ਰਸਤਾਵ ਦੇ ਸਭ ਤੋਂ ਚਿੰਤਾਜਨਕ ਪਹਿਲੂਆਂ ਵਿੱਚੋਂ ਇੱਕ ਇਹ ਸੁਝਾਅ ਹੈ ਕਿ ਇਸ ਵਿੱਚ 'ਪੁਲਾੜ-ਆਧਾਰਿਤ ਇੰਟਰਸੈਪਟਰ' ਸ਼ਾਮਲ ਹੋ ਸਕਦੇ ਹਨ - ਯਾਨੀ ਪੁਲਾੜ ਦੇ ਔਰਬਿਟ (ਗ੍ਰਹਿ-ਪੱਥ) ਵਿੱਚ ਤਾਇਨਾਤ ਮਿਜ਼ਾਈਲਾਂ, ਜੋ ਧਰਤੀ ਤੋਂ ਛੱਡੀਆਂ ਗਈਆਂ ਮਿਜ਼ਾਈਲਾਂ ਨੂੰ ਡੇਗਣ ਲਈ ਤਿਆਰ ਰਹਿਣਗੀਆਂ। ਇਹ ਇਸ ਖ਼ਤਰੇ ਨੂੰ ਜਨਮ ਦਿੰਦਾ ਹੈ ਕਿ ਉਹਨਾਂ ਨੂੰ ਪੁਲਾੜ-ਆਧਾਰਿਤ ਬੰਬਾਂ ਦੇ ਰੂਪ ਵਿੱਚ ਬਦਲਿਆ ਜਾ ਸਕਦਾ ਹੈ, ਜੋ ਬਿਨਾਂ ਕਿਸੇ ਪੂਰਵ ਸੂਚਨਾ ਦੇ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਤਬਾਹੀ ਮਚਾ ਸਕਦੇ ਹਨ।

ਇਹ ਇਕ ਅਜੀਬ ਵਿਚਾਰ ਜਾਪਦਾ ਹੈ ਕਿ ਇਹ ਇੰਟਰਸੈਪਟਰ ਅਮਰੀਕਾ ਨੂੰ ਅਸਲ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ: ਇਸ ਲਈ ਸਾਡੇ ਅਸਮਾਨਾਂ ਵਿੱਚ ਦਹਿ ਹਜ਼ਾਰਾਂ ਦੀ ਗਿਣਤੀ ਵਿੱਚ ਇੰਟਰਸੈਪਟਰਾਂ ਨੂੰ ਤਾਇਨਾਤ ਕਰਨ ਦੀ ਲੋੜ ਹੋਵੇਗੀ। ਇਸ ਦਾ ਇੱਕ ਹੋਰ ਸੰਭਾਵੀ ਨਤੀਜਾ ਸੁਰੱਖਿਆ ਮੁਕਾਬਲੇ ਵਿੱਚ ਵਾਧਾ ਹੋ ਸਕਦਾ ਹੈ, ਜਿਸ ਵਿੱਚ ਪੁਲਾੜ ਉੱਤੇ ਆਪਣਾ ਦਬਦਬਾ ਬਣਾਉਣ ਲਈ ਹਰ ਦੇਸ਼ ਵਲੋਂ ਕੀਤੀਆਂ ਕੋਸਿ ?ਸ਼ਾਂ ਦੂਜਿਆਂ ਵੱਲੋਂ ਜਵਾਬੀ ਕਾਰਵਾਈਆਂ ਨੂੰ ਉਕਸਾਣਗੀਆਂ।

'ਪੁਲਾੜ ਦੀ ਦੌੜ' (ਸਪੇਸ ਰੇਸ)

ਟਰੰਪ ਦੀ 'ਗੋਲਡਨ ਡੋਮ' ਯੋਜਨਾ ਫ਼ੌਜਾਂ - ਜਿਨ੍ਹਾਂ ਵਿੱਚ ਅਮਰੀਕਾ ਸਭ ਤੋਂ ਅੱਗੇ ਹੈ - ਵੱਲੋਂ ਦਹਾਕਿਆਂ ਤੋਂ ਪੁਲਾੜ ਵੱਲ ਵੇਖਣ ਦੇ ਸਿਲਸਿਲੇ ਦਾ ਹੀ ਹਿੱਸਾ ਹੈ। ਅਮਰੀਕਾ ਦੇ ਪਹਿਲੇ ਪੁਲਾੜ ਯਾਤਰੀਆਂ ਦੀ ਭਰਤੀ ਮੁੱਖ ਤੌਰ 'ਤੇ ਫ਼ੌਜੀ ਟੈਸਟ ਪਾਇਲਟਾਂ ਵਿੱਚੋਂ ਕੀਤੀ ਗਈ ਸੀ, ਅਤੇ ਨਾਸਾ - ਭਾਵੇਂ ਇਹ ਇੱਕ ਸਿਵਲੀਅਨ ਸੰਸਥਾ ਸੀ - ਨੂੰ ਵੀ ਅਰਧ-ਫ਼ੌਜੀ ਢਾਂਚੇ ਦੇ ਆਧਾਰ 'ਤੇ ਹੀ ਸੰਗਠਿਤ ਕੀਤਾ ਗਿਆ ਸੀ।

ਇਤਿਹਾਸ ਵਿੱਚ ਹੋਰ ਪਿੱਛੇ ਜਾਈਏ ਤਾਂ, ਅਮਰੀਕਾ ਅਤੇ ਸੋਵੀਅਤ ਯੂਨੀਅਨ, ਦੋਵਾਂ, ਦੇ ਪੁਲਾੜ ਪ੍ਰੋਗਰਾਮਾਂ ਦੀਆਂ ਤਕਨੀਕੀ ਨੀਹਾਂ ਜੰਗ ਦੇ ਸਮੇਂ ਦੀ ਰੌਕੇਟਰੀ (ਰਾਕਟ ਤਕਨਾਲੋਜੀ) ਵਿੱਚੋਂ ਨਿਕਲੀਆਂ ਸਨ। ਸ਼ੁਰੂ ਵਿੱਚ 1944 ਵਿੱਚ ਜੰਗ ਦੌਰਾਨ ਵਰਤੀਆਂ ਗਈਆਂ ਨਾਜ਼ੀ ਜਰਮਨੀ ਦੀਆਂ ਵੀ-2 ਬੈਲਿਸਟਿਕ ਮਿਜ਼ਾਈਲਾਂ ਪੁਲਾੜ ਵਿੱਚ ਪਹੁੰਚਣ ਵਾਲੀਆਂ ਮਨੁੱਖ ਵਲੋਂ ਬਣਾਈਆਂ ਪਹਿਲੀਆਂ ਵਸਤੂਆਂ ਸਨ। ਇਹਨਾਂ ਨੇ ਸਾਬਤ ਕਰ ਦਿੱਤਾ ਸੀ ਕਿ ਰਾਕਟ ਲੰਬੀ ਦੂਰੀ ਤੱਕ ਵਿਸਫੋਟਕ ਸਮੱਗਰੀ ਪਹੁੰਚਾ ਸਕਦੇ ਹਨ। ਦੂਜੇ ਵਿਸ਼ਵ ਯੁੱਧ ਦੌਰਾਨ ਅਤੇ ਉਸ ਤੋਂ ਬਾਅਦ, ਦੋਵਾਂ ਮਹਾਸ਼ਕਤੀਆਂ ਨੇ ਜਰਮਨ ਇੰਜਨੀਅਰਾਂ ਨੂੰ ਕੈਦ ਕੀਤਾ ਜਾਂ ਆਪਣੇ ਨਾਲ ਮਿਲਾ ਲਿਆ ਸੀ, ਜਿਹਨਾਂ ਵਿੱਚ ਵਰਨਹਰ ਵਾਨ ਬ੍ਰੌਨ ਵੀ ਸ਼ਾਮਲ ਸੀ, ਜਿਸ ਦੀ ਮੁਹਾਰਤ ਨੇ ਅਮਰੀਕਾ ਦੀਆਂ ਬੈਲਿਸਟਿਕ ਮਿਜ਼ਾਈਲਾਂ ਨੂੰ ਅਜਿਹੇ ਲਾਂਚ ਵਾਹਨਾਂ (ਵਿਹੀਕਲਜ਼) ਵਿੱਚ ਬਦਲਣ ਵਿੱਚ ਮਦਦ ਕੀਤੀ ਜੋ ਪੁਲਾੜ ਦੇ ਔਰਬਿਟ ਤੱਕ ਪਹੁੰਚਣ ਦੇ ਸਮਰੱਥ ਸਨ।

ਪੁਲਾੜ ਨੂੰ ਮਿਜ਼ਾਇਲੀ ਹਮਲੇ ਕਰਨ ਲਈ ਰਣਨੀਤਕ ਥਾਂ ਵਜੋਂ ਦੇਖਣ ਦੀ ਹਮਲਾਵਰ ਸੋਚ 'ਪੁਲਾੜ ਦੀ ਦੌੜ (ਸਪੇਸ ਰੇਸ)' ਦੇ ਸ਼ੁਰੂਆਤੀ ਦਿਨਾਂ ਤੋਂ ਹੀ ਚੱਲੀ ਆ ਰਹੀ ਹੈ। 1958 ਵਿੱਚ, ਸੋਵੀਅਤ ਯੂਨੀਅਨ ਵਲੋਂ ਧਰਤੀ ਦੀ ਪਰਿਕਰਮਾ ਕਰਨ ਵਾਲੇ ਪਹਿਲੇ ਮਨੁੱਖ-ਨਿਰਮਿਤ ਉਪਗ੍ਰਹਿ 'ਸਪੂਤਨਿਕ' ਦੇ ਲਾਂਚ ਤੋਂ ਤੁਰੰਤ ਬਾਅਦ, ਅਮਰੀਕਾ ਦੀ ਏਅਰ ਫੋਰਸ ਦੇ ਬ੍ਰਿਗੇਡੀਅਰ ਜਨਰਲ ਹੋਮਰ ਬੋਸ਼ੇ ਨੇ ਚੰਦਰਮਾ ਨੂੰ 'ਬੇਮਿਸਾਲ ਫਾਇਦੇ ਵਾਲੇ ਜਵਾਬੀ ਹਮਲੇ ਦੇ ਅੱਡੇ' ਵਜੋਂ ਦਰਸਾਇਆ ਸੀ, ਜਿੱਥੋਂ ਅਮਰੀਕਾ ਸੰਭਾਵੀ ਤੌਰ 'ਤੇ ਪਰਮਾਣੂ ਹਮਲੇ ਲਾਂਚ ਕਰ ਸਕਦਾ ਸੀ। 1990 ਦੇ ਦਹਾਕੇ ਦੇ ਸ਼ੁਰੂ ਤੱਕ ਚੱਲੀ ਠੰਢੀ ਜੰਗ ਦੌਰਾਨ ਪੁਲਾੜ ਇੱਕ ਤਿੱਖੇ ਮੁਕਾਬਲੇ ਦਾ ਖੇਤਰ ਬਣ ਗਿਆ। 1975 ਵਿੱਚ ਔਰਬਿਟ ਵਿੱਚ ਅਪੋਲੋ-ਸੋਯੂਜ਼ ਦੇ ਲਿੰਕ-ਅੱਪ ਰਾਹੀਂ ਦੋਵਾਂ ਮਹਾਂਸ਼ਕਤੀਆਂ ਵਿਚਕਾਰ ਸਹਿਯੋਗ ਦੇ ਪਲ, ਲਗਾਤਾਰ ਰਣਨੀਤਕ ਦੁਸ਼ਮਣੀ ਅਤੇ ਸਰਦਾਰੀ ਦੀਆਂ ਵੱਡੀਆਂ ਯੋਜਨਾਵਾਂ ਵਿੱਚ ਬਦਲ ਗਏ। 2006 ਵਿੱਚ, ਅਮਰੀਕਾ ਦੀ ਏਅਰ ਫੋਰਸ ਸਪੇਸ ਕਮਾਂਡ ਦੇ ਕਮਾਂਡਰ ਜਨਰਲ ਲਾਂਸ ਲਾਰਡ ਨੇ ਪੁਲਾੜ ਦੀ ਸ੍ਰੇਸ਼ਟਤਾ (ਸੁਪੀਰੀਔਰਟੀ) ਨੂੰ 'ਜੰਗ ਦਾ ਭਵਿੱਖ' ਅਤੇ ਉਹ ਜ਼ਰੂਰੀ 'ਹਾਈ ਗਰਾਊਂਡ' ਦੱਸਿਆ ਜਿਸ ਤੋਂ ਬਿਨਾਂ ਜੰਗਾਂ ਜਿੱਤੀਆਂ ਨਹੀਂ ਜਾ ਸਕਣਗੀਆਂ।

ਦੂਜੇ ਪਾਸੇ, 1960 ਦੇ ਦਹਾਕੇ ਵਿੱਚ ਸ਼ੁਰੂ ਕੀਤੇ ਗਏ ਤਥਾਕਥਿਤ ਜਾਸੂਸੀ ਸੈਟਾਲਾਈਟਾਂ (ਜਿਨ੍ਹਾਂ ਨੇ ਸ਼ੁਰੂ ਵਿੱਚ ਫਿਲਮ ਅਤੇ ਬਾਅਦ ਵਿੱਚ ਡਿਜੀਟਲ ਫੋਟੋਗ੍ਰਾਫੀ ਦੀ ਵਰਤੋਂ ਕੀਤੀ) ਨੇ ਗਲਤਫਹਿਮੀਆਂ ਅਤੇ ਭੁੱਲਾਂ ਨੂੰ ਭਿਆਨਕ ਜੰਗਾਂ ਵਿੱਚ ਬਦਲਣ ਤੋਂ ਰੋਕਣ ਵਿੱਚ ਅਹਿਮ ਭੂਮਿਕਾ ਨਿਭਾਈ। ਨਿਗਰਾਨੀ ਦੇ ਇਹ ਨੈੱਟਵਰਕ ਡਿਫੈਂਸ ਸੁਪੋਰਟ ਪ੍ਰੋਗਰਾਮ (ਡੀ ਐਸ ਪੀ) ਵਰਗੇ ਸੈਟਾਲਾਈਟਾਂ ਨਾਲ ਜੋੜੇ ਜਾ ਸਕਦੇ ਸਨ, ਜੋ ਪਹਿਲੀ ਵਾਰ 1970 ਵਿੱਚ ਲਾਂਚ ਕੀਤੇ ਗਏ ਸਨ। ਇਹ ਸੈਟਾਲਾਈਟ ਮਿਜ਼ਾਈਲਾਂ ਦੇ ਲਾਂਚ ਹੁੰਦੇ ਹੀ ਉਨ੍ਹਾਂ ਤੋਂ ਨਿਕਲਣ ਵਾਲੀ ਗਰਮੀ (ਹੀਟ ਪਲੂਮ) ਦਾ ਪਤਾ ਲਗਾਉਣ ਲਈ ਇਨਫਰਾਰੈੱਡ ਸੈਂਸਰਾਂ ਦੀ ਵਰਤੋਂ ਕਰਦੇ ਸਨ। ਇਹ ਮਿਜ਼ਾਈਲ ਹਮਲਿਆਂ ਦੀਆਂ ਝੂਠੀਆਂ ਚੇਤਾਵਨੀਆਂ ਨੂੰ ਪਰਮਾਣੂ ਯੁੱਧ ਵਿੱਚ ਬਦਲਣ ਤੋਂ ਰੋਕ ਸਕਦਾ ਸੀ ਅਤੇ ਹਥਿਆਰ ਨਿਯੰਤਰਣ ਸੰਧੀਆਂ ਦੀ ਪਾਲਣਾ ਦੀ ਪੁਸ਼ਟੀ ਕਰਨ ਵਿੱਚ ਮਦਦ ਕਰ ਸਕਦਾ ਸੀ - ਜੋ ਕਿ ਨਿਸ਼ਚਿਤ ਤੌਰ 'ਤੇ ਪੁਲਾੜ ਦੇ ਫੌਜੀਕਰਨ ਦਾ ਇੱਕ ਹਾਂ-ਪੱਖੀ ਪਹਿਲੂ ਸੀ।

ਉਦੋਂ ਤੋਂ ਲੈ ਕੇ ਹੁਣ ਤੱਕ ਸੈਟਾਲਾਈਟ ਆਧੁਨਿਕ ਯੁੱਧ ਪ੍ਰਣਾਲੀ ਲਈ ਅਤਿ-ਜ਼ਰੂਰੀ ਬਣ ਗਏ ਹਨ।

ਲੇਖਕ: ਵਿਲੀਅਮ ਜੇ ਐਸਟੋਰ
ਅਨੁਵਾਦ: ਸੁਖਵੰਤ ਹੁੰਦਲ

ਖਾਸ ਤੌਰ 'ਤੇ ਅਮਰੀਕਾ ਨਿਗਰਾਨੀ, ਸੰਚਾਰ, ਨੈਵੀਗੇਸ਼ਨ, ਨਿਸ਼ਾਨੇਬਾਜ਼ੀ (ਟਾਰਗਟਿੰਗ) ਅਤੇ ਮਿਜ਼ਾਈਲਾਂ ਬਾਰੇ ਚੇਤਾਵਨੀ ਲਈ ਪੁਲਾੜ-ਆਧਾਰਿਤ ਸਿਸਟਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਇਹ ਸਿਸਟਮ ਪੈਂਟਾਗਨ ਦੀ 'ਗਲੋਬਲ ਪਹੁੰਚ, ਗਲੋਬਲ ਤਾਕਤ' ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮਨਸ਼ਾ ਨੂੰ ਪੂਰਾ ਕਰਦੀਆਂ ਹਨ। ਫੌਜੀ ਭਾਸ਼ਾ ਵਿੱਚ, ਸੈਟਾਲਾਈਟ 'ਫੋਰਸ ਮਲਟੀਪਲਾਇਰ' (ਸ਼ਕਤੀ ਨੂੰ ਕਈ ਗੁਣਾ ਵਧਾਉਣ ਵਾਲੇ) ਵਜੋਂ ਕੰਮ ਕਰਦੇ ਹਨ, ਜੋ ਫੌਜਾਂ ਨੂੰ ਅਸਧਾਰਨ ਰਫ਼ਤਾਰ ਅਤੇ ਸਟੀਕ ਢੰਗ (ਪ੍ਰੀਸੀਜ਼ਨ) ਨਾਲ ਦੁਨੀਆ ਭਰ ਵਿੱਚ ਆਪਣੀਆਂ ਕਾਰਵਾਈਆਂ ਦਾ ਤਾਲਮੇਲ ਕਰਨ ਦੇ ਯੋਗ ਬਣਾਉਂਦੇ ਹਨ। 2019 ਵਿੱਚ ਟਰੰਪ ਵਲੋਂ ਵਿਸਤ੍ਰਿਤ ਨਿਗਰਾਨੀ, ਜਾਸੂਸੀ, ਸਟੀਕ ਨਿਸ਼ਾਨੇਬਾਜ਼ੀ (ਪ੍ਰੀਸੀਜ਼ਨ ਟਾਰਗੇਟਿੰਗ) ਅਤੇ ਸੰਚਾਰ 'ਤੇ ਕੇਂਦਰਿਤ 'ਸਪੇਸ ਫੋਰਸ' ਦੀ ਰਸਮੀ ਸਥਾਪਨਾ ਦਹਾਕਿਆਂ ਪੁਰਾਣੀ ਨੀਤੀ ਦਾ ਹੀ ਇੱਕ ਵਿਸਥਾਰ ਸੀ।

ਔਰਬਿਟ ਵਿਚਲਾ ਮਲਬਾ

ਪੁਲਾੜ ਵਿੱਚ ਹਥਿਆਰਾਂ ਦੀ ਦੌੜ ਨੂੰ ਰੋਕਣ ਲਈ ਪਹਿਲਾਂ ਯਤਨ ਕੀਤੇ ਗਏ ਸਨ। 1967 ਦੀ 'ਆਊਟਰ ਸਪੇਸ ਟ ?ਰੀਟੀ' ਨੇ ਔਰਬਿਟ ਵਿੱਚ ਜਾਂ 'ਅਕਾਸ਼ੀ ਗ੍ਰਹਿਆਂ' (ਸੀਲੈਸਟੀਅਲ ਬੌਡੀਜ਼) 'ਤੇ ਪਰਮਾਣੂ ਹਥਿਆਰਾਂ ਜਾਂ ਤਬਾਹੀ ਮਚਾਉਣ ਵਾਲੇ ਹੋਰ ਹਥਿਆਰਾਂ ਦੀ ਤਾਇਨਾਤੀ 'ਤੇ ਰੋਕ ਲਗਾ ਦਿੱਤੀ ਸੀ ਅਤੇ ਪੁਲਾੜ ਨੂੰ 'ਸਮੁੱਚੀ ਮਾਨਵਤਾ ਦੀ ਜਾਇਦਾਦ' ਘੋਸ਼ਿਤ ਕੀਤਾ ਸੀ — ਜਿਸ ਨੇ ਪਰਮਾਣੂ ਹਮਲਿਆਂ ਲਈ ਚੰਦਰਮਾ ਦੀ ਵਰਤੋਂ ਕਰਨ ਦੇ ਅਮਰੀਕਾ ਦੇ ਪੁਰਾਣੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਸੀ।

ਫਿਰ ਵੀ, ਇਸ ਸੰਧੀ ਵਿੱਚ ਕੁਝ ਕਮੀਆਂ ਸਨ: ਇਹ ਰਵਾਇਤੀ ਹਥਿਆਰਾਂ ਜਾਂ ਐਂਟੀ-ਸੈਟੇਲਾਈਟ (ਏ ਐੱਸ ਏ ਟੀ) ਸਿਸਟਮਾਂ 'ਤੇ ਰੋਕ ਨਹੀਂ ਲਗਾਉਂਦੀ ਸੀ। ਜਿਵੇਂ-ਜਿਵੇਂ ਸੈਟੇਲਾਈਟ ਫੌਜੀ ਕਾਰਵਾਈਆਂ ਲਈ ਬਹੁਤ ਮਹੱਤਵਪੂਰਨ ਹੁੰਦੇ ਗਏ, ਉਹ ਹਮਲੇ ਦੇ ਮੁੱਖ ਨਿਸ਼ਾਨੇ ਵੀ ਬਣਦੇ ਗਏ। ਪੁਲਾੜ ਤੋਂ ਮਿਲਣ ਵਾਲੇ ਨੈਵੀਗੇਸ਼ਨ ਸਿਗਨਲ (ਸਭ ਤੋਂ ਪ੍ਰਸਿੱਧ, ਜੀ ਪੀ ਐੱਸ - ਗਲੋਬਲ ਪੋਜ਼ੀਸ਼ਨਿੰਗ ਸਿਸਟਮ) ਅਸਲੇ ਨੂੰ ਸੇਧ ਦਿੰਦੇ ਹਨ; ਜਾਸੂਸੀ ਸੈਟਾਲਾਈਟ ਨਿਰੰਤਰ ਖੁਫੀਆ ਜਾਣਕਾਰੀ ਪ੍ਰਦਾਨ ਕਰਦੇ ਹਨ; ਅਤੇ ਸੰਚਾਰ ਸੈਟਾਲਾਈਟ ਕਮਾਂਡਰਾਂ ਨੂੰ ਦੁਨੀਆ ਭਰ ਵਿੱਚ ਫੈਲੀਆਂ ਆਪਣੀਆਂ ਫੌਜਾਂ ਨਾਲ ਜੋੜਦੇ ਹਨ।

ਕਿਉਂਕਿ ਆਧੁਨਿਕ ਫੌਜਾਂ ਇਹਨਾਂ ਸਿਸਟਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀਆਂ ਹਨ, ਇਸ ਲਈ ਸੈਟਾਲਾਈਟਾਂ ਨੂੰ ਤਬਾਹ ਕਰਨਾ ਜਾਂ ਬੇਕਾਰ ਕਰਨਾ ਵਿਰੋਧੀ ਦੀ ਲੜਨ ਦੀ ਸਮਰੱਥਾ ਨੂੰ ਅਪਾਹਜ ਕਰ ਸਕਦਾ ਹੈ। ਇਸ ਲਈ, ਹੁਣ ਤੱਕ ਕਈ ਦੇਸ਼ਾਂ ਨੇ ਐਂਟੀ-ਸੈਟਾਲਾਈਟ (ਏ ਐੱਸ ਏ ਟੀ) ਹਥਿਆਰ ਵਿਕਸਿਤ ਕਰ ਲਏ ਹਨ। 2007 ਵਿੱਚ ਚੀਨ ਨੇ ਜ਼ਮੀਨ ਤੋਂ ਦਾਗੀ ਜਾਣ ਵਾਲੀ ਮਿਜ਼ਾਈਲ ਨਾਲ ਆਪਣੇ ਹੀ ਇੱਕ ਮੌਸਮ ਦੱਸਣ ਵਾਲੇ ਸੈਟਾਲਾਈਟ ਨੂੰ ਨਸ਼ਟ ਕਰ ਦਿੱਤਾ ਸੀ — ਜਿਸ ਨਾਲ ਮਲਬੇ ਦੇ 3,000 ਤੋਂ ਵੱਧ ਟੁਕੜੇ ਪੈਦਾ ਹੋ ਗਏ ਸਨ। 2008 ਵਿੱਚ ਅਮਰੀਕਾ ਨੇ ਇਕ ਅਜਿਹਾ ਹੀ ਇੰਟਰਸੈਪਸ਼ਨ (ਰੋਕਣ ਵਾਲਾ ਕਾਰਜ) ਕੀਤਾ ਸੀ — ਅਤੇ ਉਸ ਨੇ ਇਸ ਤੋਂ ਪਹਿਲਾਂ ਵੀ ਅਜਿਹੇ ਪ੍ਰੀਖਣ ਕੀਤੇ ਸਨ। 2019 ਵਿੱਚ ਭਾਰਤ ਨੇ ਇੱਕ ਏ ਐੱਸ ਏ ਟੀ ਮਿਜ਼ਾਈਲ ਦਾ ਪ੍ਰੀਖਣ ਕੀਤਾ ਸੀ, ਜਦੋਂ ਕਿ ਰੂਸ ਨੇ 2021 ਵਿੱਚ ਇੱਕ ਤਬਾਹੀ ਭਰਿਆ ਪ੍ਰੀਖਣ ਕੀਤਾ ਸੀ ਜਿਸ ਕਾਰਨ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਇੰਟਰਨੈਸ਼ਨਲ ਸਪੇਸ ਸਟੇਸ਼ਨ) ਵਿੱਚ ਮੌਜੂਦ ਐਸਟਰੋਨੈਟਸ (ਪੁਲਾੜ ਯਾਤਰੀਆਂ) ਨੂੰ ਮਲਬੇ ਤੋਂ ਬਚਣ ਲਈ ਓਟ ਲੈਣੀ ਪਈ ਸੀ।

ਅਜਿਹੇ ਪ੍ਰੀਖਣ ਪੁਲਾੜ ਯੁੱਧ ਦੇ ਇੱਕ ਖਤਰਨਾਕ ਸਿੱਟੇ - ਔਰਬਿਟ ਦੇ ਮਲਬੇ- ਨੂੰ ਉਜਾਗਰ ਕਰਦੇ ਹਨ। ਤਬਾਹ ਹੋਏ ਸੈਟਾਲਾਈਟਾਂ ਦੇ ਟੁਕੜੇ 27,000 ਕਿਲੋਮੀਟਰ ਪ੍ਰਤੀ ਘੰਟਾ (7-8 ਕਿਲੋਮੀਟਰ ਪ੍ਰਤੀ ਸੈਕਿੰਡ) ਤੋਂ ਵੀ ਵੱਧ ਦੀ ਰਫ਼ਤਾਰ ਨਾਲ ਘੁੰਮਦੇ ਹਨ। ਇਹਨਾਂ ਦੇ ਛੋਟੇ-ਛੋਟੇ ਕਣ ਵੀ ਮਹੱਤਵਪੂਰਨ ਸੈਟਾਲਾਈਟਾਂ, ਇੱਥੋਂ ਤੱਕ ਕਿ ਪੁਲਾੜ ਸਟੇਸ਼ਨਾਂ ਨੂੰ ਵੀ ਨਸ਼ਟ ਕਰ ਸਕਦੇ ਹਨ ਜਾਂ ਨੁਕਸਾਨ ਪਹੁੰਚਾ ਸਕਦੇ ਹਨ, ਜਿਸ ਦੇ ਨਤੀਜੇ ਵਜੋਂ ਅਣਗਿਣਤ ਨਵੇਂ ਟੁਕੜੇ ਪੈਦਾ ਹੋ ਸਕਦੇ ਹਨ। ਵਾਰ-ਵਾਰ ਹੋਣ ਵਾਲੀਆਂ ਇਹ ਟੱਕਰਾਂ 'ਕੈਸਲਰ ਸਿੰਡ ?ਰੋਮ' ਵਜੋਂ ਜਾਣੀ ਜਾਂਦੀ ਇੱਕ ਲੜੀਵਾਰ ਪ੍ਰਤੀਕਿਰਿਆ (ਚੇਨ ਰੀਐਕਸ਼ਨ) ਨੂੰ ਜਨਮ ਦੇ ਸਕਦੀਆਂ ਹਨ, ਜਿਸ ਨਾਲ ਨਵੇਂ ਮਲਬੇ ਦੀ ਮਾਤਰਾ ਵਿੱਚ ਭਾਰੀ ਵਾਧਾ ਹੋਵੇਗਾ ਅਤੇ ਪੁਲਾੜ ਦੇ ਔਰਬਿਟ ਵਰਤੋਂ ਦੇ ਅਯੋਗ ਹੋ ਜਾਣਗੇ।

ਅਤੇ ਐਂਟੀ-ਸੈਟੇਲਾਈਟ (ਏ ਐੱਸ ਏ ਟੀ) ਜੰਗ ਹੁਣ ਸਿਰਫ਼ ਮਿਜ਼ਾਈਲਾਂ 'ਤੇ ਹੀ ਨਿਰਭਰ ਨਹੀਂ ਹੈ। ਜੰਗ ਦੇ ਇਲੈਕਟ ?ਰੌਨਿਕ ਸਿਸਟਮ ਸੈਟਾਲਾਈਟਾਂ ਦੇ ਸਿਗਨਲਾਂ ਨੂੰ ਜਾਮ ਕਰ ਸਕਦੇ ਹਨ। ਸਾਈਬਰ ਹਮਲੇ ਸੈਟਾਲਾਈਟ ਨੈੱਟਵਰਕਾਂ ਜਾਂ ਜ਼ਮੀਨੀ ਕੰਟਰੋਲ ਸਟੇਸ਼ਨਾਂ ਵਿੱਚ ਸੰਨ੍ਹ ਲਾ ਸਕਦੇ ਹਨ। ਲੇਜ਼ਰ ਵਰਗੇ ਡਾਇਰੈਕਟਿਡ-ਐਨਰਜੀ ਹਥਿਆਰ ਸੈਟਾਲਾਈਟ ਦੇ ਸੈਂਸਰਾਂ ਨੂੰ ਅਸਥਾਈ ਤੌਰ 'ਤੇ ਅੰਨ੍ਹਾ ਕਰਨ ਦੇ ਸਮਰੱਥ ਹੋ ਸਕਦੇ ਹਨ। ਹੁਣ ਕੁਝ ਸੈਟਾਲਾਈਟਾਂ ਵਿੱਚ ਦਿਸ਼ਾ ਬਦਲਣ (ਮਨਿਊਵਰਿੰਗ) ਦੀਆਂ ਅਜਿਹੀਆਂ ਸਮਰੱਥਾਵਾਂ ਹਨ ਜੋ ਉਹਨਾਂ ਨੂੰ ਦੂਜੇ ਪੁਲਾੜ ਯਾਨਾਂ (ਸਪੇਸ ਕਰਾਫਟਸ) ਦੇ ਨੇੜੇ ਜਾਣ ਜਾਂ ਉਹਨਾਂ ਦੀ ਜਾਂਚ ਕਰਨ ਦੇ ਸਮਰੱਥ ਬਣਾਉਂਦੀਆਂ ਹਨ, ਜਿਸ ਨਾਲ ਇਹ ਚਿੰਤਾਵਾਂ ਵੱਧ ਰਹੀਆਂ ਹਨ ਕਿ ਉਹ ਉਹਨਾਂ ਨੂੰ ਬੇਕਾਰ ਵੀ ਕਰ ਸਕਦੇ ਹਨ। ਸੈਟਾਲਾਈਟਾਂ ਦੀ ਲਗਾਤਾਰ ਹੁੰਦੀ ਇਹ ਤਬਾਹੀ (ਕੈਸਕੇਡਿੰਗ ਫੇਲਿਅਰ) ਨਾ ਸਿਰਫ਼ ਫੌਜੀ ਸਿਸਟਮਾਂ ਲਈ ਖਤਰਾ ਬਣ ਸਕਦੀ ਹੈ ਸਗੋਂ ਸੰਚਾਰ ਨੈੱਟਵਰਕ, ਬੈਂਕਿੰਗ ਲੈਣ-ਦੇਣ, ਨੈਵੀਗੇਸ਼ਨ, ਮੌਸਮ ਦੀ ਭਵਿੱਖਬਾਣੀ ਅਤੇ ਵਿਗਿਆਨਿਕ ਨਿਗਰਾਨੀ ਨੂੰ ਠੱਪ ਜਾਂ ਨਸ਼ਟ ਕਰਕੇ ਆਧੁਨਿਕ ਸੱਭਿਅਤਾ ਨੂੰ ਵੀ ਖਤਰੇ ਵਿੱਚ ਪਾ ਸਕਦੀ ਹੈ। ਜਲਵਾਯੂ ਵਿੱਚ ਤਬਦੀਲੀ ਨਾਲ ਨਜਿੱਠਣ ਦੇ ਵਿਸ਼ਵ ਪੱਧਰ ਦੇ ਯਤਨਾਂ ਨੂੰ ਵੀ ਪੂਰਾ ਨਾ ਕੀਤਾ ਜਾ ਸਕਣ ਵਾਲਾ ਨੁਕਸਾਨ ਪਹੁੰਚ ਸਕਦਾ ਹੈ।

ਸਪੇਸ-ਇੰਡਸਟਰੀਅਲ ਕੰਪਲੈਕਸ

ਮੈਂ 1986 ਵਿੱਚ ਅਮਰੀਕਾ ਦੀ ਏਅਰ ਫੋਰਸ ਦੇ ਸਪੇਸ

ਸਰਵੇਲੈਂਸ ਸੈਂਟਰ (ਪੁਲਾੜ ਨਿਗਰਾਨੀ ਕੇਂਦਰ) ਵਿੱਚ ਕੰਮ ਕੀਤਾ ਸੀ, ਜਦੋਂ ਔਰਬਿਟ ਵਿੱਚ 5000 ਦੇ ਕਰੀਬ ਟ ?ਰੈਕ ਕੀਤੀਆਂ ਜਾ ਸਕਣ ਵਾਲੀਆਂ ਵਸਤੂਆਂ ਧਰਤੀ ਦੁਆਲੇ ਘੁੰਮਦੀਆਂ ਸਨ। ਚਾਲੀ ਸਾਲਾਂ ਬਾਅਦ ਇਹ ਗਿਣਤੀ ਨੌਂ ਗੁਣਾਂ ਵੱਧ ਕੇ 45,000 ਤੋਂ ਵੱਧ ਗਈ ਹੈ। ਭਾਰੀ ਮੁਕਾਬਲੇਬਾਜ਼ੀ ਦਾ ਕੇਂਦਰ ਹੋਣ ਦੇ ਬਾਵਜੂਦ ਪੁਲਾੜ ਵਿੱਚ ਲਗਾਤਾਰ ਭੀੜ ਵਧ ਰਹੀ ਹੈ। ਚੀਨ ਦੀ 'ਨੈਸ਼ਨਲ ਸਪੇਸ ਐਡਮਿਨਿਸਟ ?ਰੇਸ਼ਨ' ਅਤੇ 'ਤੁਰਕੀ ਦੀ ਸਪੇਸ ਏਜੰਸੀ' ਦੇ ਨਾਲ ਨਾਲ ਬਹੁ-ਰਾਸ਼ਟਰੀ 'ਯੂਰਪੀਅਨ ਸਪੇਸ ਏਜੰਸੀ' (ਈ ਐੱਸ ਏ), ਨਾਸਾ ਵਾਂਗ ਸਿਵਲੀਅਨ ਅਤੇ ਮਿਲਟਰੀ ਦੀ ਵਰਤੋਂ ਲਈ 'ਦੋਹਰੀ ਵਰਤੋਂ' ਵਾਲੀਆਂ ਤਕਨਾਲੋਜੀਆਂ ਨੂੰ ਉਤਸ਼ਾਹਿਤ ਕਰਦੀ ਹੈ। ਨੈਵੀਗੇਸ਼ਨ ਸੈਟਾਲਾਈਟਾਂ ਦਾ ਚੱਲ ਰਿਹਾ 'ਗੈਲੀਲੀਓ' ਨੈੱਟਵਰਕ ਈ ਐੱਸ ਏ ਦਾ ਹੀ ਇੱਕ ਉਤਪਾਦ ਹੈ। ਇਸ ਦੇ ਨਾਲ ਹੀ, ਫਰਾਂਸ ਨੇ ਫੌਜੀ ਜਾਸੂਸੀ ਅਤੇ ਨਿਗਰਾਨੀ ਲਈ ਤਿੰਨ-ਸੈਟਾਲਾਈਟਾਂ ਦਾ ਇੱਕ ਸਿਸਟਮ ਲਾਂਚ ਕੀਤਾ ਹੈ। ਚੀਨ ਦਾ 'ਬੇਈਡੂ' ਨੈਵੀਗੇਸ਼ਨ ਸਿਸਟਮ ਉਸ ਦੀ ਫੌਜ ਲਈ ਮਿਜ਼ਾਈਲਾਂ ਬਾਰੇ ਸੇਧ ਅਤੇ ਸੁਰੱਖਿਅਤ ਸੰਚਾਰ ਪ੍ਰਦਾਨ ਕਰਦਾ ਹੈ, ਜਦੋਂ ਕਿ ਤੁਰਕੀ ਦੇ ਸੈਟਾਲਾਈਟਾਂ ਨਾਲ ਸੰਬੰਧਿਤ ਯਤਨ ਸੁਰੱਖਿਅਤ ਸੰਚਾਰ ਅਤੇ ਧਰਤੀ ਦੀ ਜਾਸੂਸੀ 'ਤੇ ਕੇਂਦਰਿਤ ਹਨ। 'ਫੌਜੀ' ਅਤੇ 'ਸਿਵਲ'' ਵਰਤੋਂ ਵਿਚਕਾਰਲੀ ਰੇਖਾ ਦਿਨੋ-ਦਿਨ ਹੋਰ ਧੁੰਦਲੀ ਹੁੰਦੀ ਜਾ ਰਹੀ ਹੈ। ਹਾਲ ਹੀ ਦੇ ਦਹਾਕਿਆਂ ਵਿੱਚ ਇੱਕ ਵੱਡਾ ਬਦਲਾਅ ਪੁਲਾੜ ਵਿੱਚ ਨਿੱਜੀ ਕੰਪਨੀਆਂ ਦੀ ਵਧਦੀ ਭੂਮਿਕਾ ਹੈ।

1990ਵਿਆਂ ਤੱਕ, ਪੁਲਾੜ ਗਤੀਵਿਧੀਆਂ ਵਿੱਚ ਸਰਕਾਰਾਂ ਦਾ ਦਬਦਬਾ ਸੀ। ਅੱਜ, ਵਪਾਰਕ ਕੰਪਨੀਆਂ ਜ਼ਿਆਦਾਤਰ ਸੈਟਾਲਾਈਟ ਲਾਂਚ ਕਰਦੀਆਂ ਹਨ, ਭਾਵੇਂ ਕਿ ਅਜੇ ਵੀ ਪੁਲਾੜ ਵਿੱਚ ਰਣਨੀਤਕ ਸਮੱਗਰੀ (ਪੇਅਲੋਡਜ਼) ਭੇਜਣ ਵਿੱਚ ਸਰਕਾਰਾਂ ਦੀ ਸਰਦਾਰੀ ਹੈ। ਫਿਰ ਵੀ ਇਹ ਜ਼ਰੂਰੀ ਨਹੀਂ ਕਿ ਪੁਲਾੜ ਯਤਨਾਂ ਦਾ ਹੋ ਰਿਹਾ ਨਿਜੀਕਰਨ ਫੌਜੀ ਪ੍ਰਭਾਵ ਵਿੱਚ ਕਮੀ ਲਿਆਵੇ। ਅਮਰੀਕਾ ਰੱਖਿਆ ਖੇਤਰ (ਡਿਫੈਂਸ ਸੈਕਟਰ) ਤੋਂ ਮਿਲਣ ਵਾਲੀ ਮੋਟੀ ਫੰਡਿੰਗ ਇਸ ਦਾ ਮੁੱਖ ਉਦੇਸ਼ ਸਥਾਪਤ ਕਰਦੀ ਹੈ, ਜੋ ਕਿ ਇਸ ਅਖਾਣ ਨਾਲ ਬਿਲਕੁਲ ਮੇਲ ਖਾਂਦੀ ਹੈ: 'ਜਿਹੜਾ ਪੈਸਾ ਲਾਵੇ, ਉਹੀ ਮਰਜ਼ੀ ਚਲਾਵੇ'। ਸੈਟਾਲਾਈਟਾਂ ਦੀਆਂ ਵਪਾਰਕ ਤਸਵੀਰਾਂ ਖੁਫੀਆ ਜਾਣਕਾਰੀ ਦਾ ਇੱਕ ਮਹੱਤਵਪੂਰਨ ਸ੍ਰੋਤ ਬਣੀਆਂ ਹੋਈਆਂ ਹਨ, ਪਰ ਇਹਨਾਂ ਤੱਕ ਪਹੁੰਚ ਦਾ ਸਵਾਲ ਅਜੇ ਵੀ ਬਰਕਰਾਰ ਹੈ। ਅਮਰੀਕਾ ਦੀ ਫੌਜ ਜਿੱਥੇ ਚਾਹੇ ਉੱਥੇ ਇਹਨਾਂ ਤਸਵੀਰਾਂ 'ਤੇ ਕੰਟਰੋਲ ਕਰ ਸਕਦੀ ਹੈ: ਵਪਾਰ ਅਤੇ ਯੁੱਧ ਵਿਚਕਾਰ ਇੱਕ ਬਹੁਤ ਹੀ ਬਾਰੀਕ ਰੇਖਾ ਹੈ। ਮਾਰਚ ਤੋਂ, 200 ਤੋਂ ਵੱਧ ਸੈਟਾਲਾਈਟਾਂ ਵਾਲੀ ਇਮੇਜਿੰਗ ਕੰਪਨੀ 'ਪਲੈਨੈਟ ਲੈਬਜ਼' ਸਮੇਤ ਕਈ ਕੰਪਨੀਆਂ ਨੇ ਅਮਰੀਕਾ ਦੀ ਸਰਕਾਰ ਦੀ ਇੱਕ 'ਵਾਲੰਟੀਅਰ' ਬੇਨਤੀ ਦੇ ਪ੍ਰਤੀਕਰਮ ਵਿੱਚ ਗਾਜ਼ਾ ਅਤੇ ਲੈਬਨਾਨ ਸਮੇਤ ਮੱਧ ਪੂਰਬ ਦੇ ਵੱਡੇ ਹਿੱਸਿਆਂ ਦੀਆਂ ਤਸਵੀਰਾਂ ਰੋਕ ਕੇ ਰੱਖੀਆਂ ਹੋਈਆਂ ਹਨ।

ਇਸੇ ਦੌਰਾਨ, ਐਲਨ ਮਸਕ ਦੀ ਸਪੇਸਐਕਸ ਨੇ ਲਾਂਚ ਸੇਵਾਵਾਂ ਅਤੇ ਸੈਟਾਲਾਈਟ ਤਾਇਨਾਤੀ (ਡਿਪਲੋਏਮੈਂਟ) ਨੂੰ ਵਪਾਰ ਵਜੋਂ ਸ਼ੁਰੂ ਕਰ ਲਿਆ ਹੈ, ਐਮਾਜ਼ੋਨ ਦੇ ਸੰਸਥਾਪਕ ਜੈਫ ਬੇਜ਼ੋਸ ਦੀ ਬਲੂ ਓਰਿਜਿਨ ਨੇ ਹੈਵੀ-ਲਫਟ ਰੌਕੇਟ (ਵੱਡਾ ਭਾਰ ਢੋਣ ਲਈ ਰਾਕਟ) ਅਤੇ ਪੁਲਾੜ ਸੰਚਾਲਨ ਲਈ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਹੈ। ਮਸਕ ਅਤੇ ਬੇਜ਼ੋਸ ਦੀ ਅਮਰੀਕਾ ਦੇ ਸਰਕਾਰੀ ਫੰਡਾਂ 'ਤੇ ਨਿਰਭਰਤਾ ਵਪਾਰਕ ਅਤੇ ਫੌਜੀ ਉੱਦਮਾਂ ਵਿਚਕਾਰਲੇ ਫਰਕ ਨੂੰ ਧੁੰਦਲਾ ਕਰਦੀ ਹੈ। ਫਲਸਤੀਨ ਸਪੇਸ ਇੰਸਟੀਚਿਊਟ ਨੇ ਪੁਲਾੜ ਸੈਕਟਰ ਅਤੇ ਗਾਜ਼ਾ ਨਸਲਕੁਸ਼ੀ ਵਿਚਕਾਰਲੇ ਸਾਂਝੇ ਸਬੰਧਾਂ ਨੂੰ ਟ ?ਰੈਕ ਕੀਤਾ ਹੈ, ਜਿਸ ਤੋਂ ਪਤਾ ਲੱਗਾ ਹੈ ਕਿ ਨਾਸਾ ਦੇ ਠੇਕਿਆਂ ਨੇ ਇਜ਼ਰਾਈਲ ਨੂੰ ਸਪਲਾਈ ਕਰਨ ਵਾਲੀਆਂ ਕੰਪਨੀਆਂ ਨੂੰ ਘੱਟੋ ਘੱਟ 39 ਅਰਬ (ਬਿਲੀਅਨ) ਡਾਲਰਾਂ ਦਾ ਭੁਗਤਾਨ ਕੀਤਾ ਹੈ।

ਇਸ ਹੀ ਸਮੇਂ, ਲੌਕਹੀਡ ਮਾਰਟਿਨ, ਬੋਇੰਗ, ਅਤੇ ਨੌਰਥਰੋਪ ਗਰੂਮੈਨ ਵਰਗੇ ਸ਼ਕਤੀਸ਼ਾਲੀ ਡਿਫੈਂਸ ਕੰਟਰੈਕਟਰ ਪੁਲਾੜ ਦੇ ਹਥਿਆਰਾਂ 'ਤੇ ਹੋਰ ਖਰਚ ਕਰਨ ਲਈ ਲੌਬੀ ਕਰ ਰਹੇ ਹਨ; ਜਿਸ ਦੇ ਨਤੀਜੇ ਵਜੋਂ ਇੱਕ ਵਧੇਰੇ ਸ਼ਕਤੀਸ਼ਾਲੀ 'ਸਪੇਸ-ਮਿਲਟਰੀ-ਇੰਡਸਟ ?ਰੀਅਲ ਕੰਪਲੈਕਸ' ਸਾਹਮਣੇ ਆ ਰਿਹਾ ਹੈ। ਪੁਲਾੜ ਦਾ ਨਿਜੀਕਰਨ ਪੁਲਾੜ ਦੇ ਫੌਜੀਕਰਨ ਨੂੰ ਤੇਜ਼ ਕਰ ਸਕਦਾ ਹੈ, ਅਤੇ ਜੇਕਰ ਨਿੱਜੀ ਕਾਰਪੋਰੇਸ਼ਨਾਂ ਪੁਲਾੜ ਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਿਯੰਤਰਿਤ ਕਰਦੀਆਂ ਹਨ, ਤਾਂ ਮੰਡੀ ਦੇ ਦਬਦਬੇ ਅਤੇ ਵਧੇਰੇ ਮੁਨਾਫੇ ਦੀਆਂ ਮੰਗਾਂ ਫੌਜੀ ਹਮਲਾਵਾਰੀ (ਮਿਲਟਰੀ ਅਗ੍ਰੈਸ਼ਨ) ਨੂੰ ਬੜਾਵਾ ਦੇਣ ਵਿੱਚ ਮਦਦ ਕਰ ਸਕਦੀਆਂ ਹਨ।

ਪੁਲਾੜ ਨੂੰ ਫੌਜੀਕਰਨ ਤੋਂ ਮੁਕਤ ਕਰਨ ਲਈ ਨਵੇਂ ਅੰਤਰਰਾਸ਼ਟਰੀ ਸਮਝੌਤਿਆਂ ਦੀ ਤੁਰੰਤ ਲੋੜ ਹੈ। ਮੌਜੂਦਾ ਸੰਧੀਆਂ ਉਸ ਸਮੇਂ ਦੀਆਂ ਹਨ ਜਦੋਂ ਬਹੁਤ ਘੱਟ ਸਰਕਾਰਾਂ ਧਰਤੀ ਦੇ ਵਾਯੂਮੰਡਲ ਤੋਂ ਅਗਾਂਹ ਕੰਮ ਕਰਦੀਆਂ ਸਨ। ਅੱਜ, ਦਰਜਨਾਂ ਦੇਸ਼ ਅਤੇ ਨਿੱਜੀ ਅਦਾਰੇ ਸੈਟਾਲਾਈਟ ਲਾਂਚ ਕਰ ਰਹੇ ਹਨ ਅਤੇ ਪੁਲਾੜ ਦੀ ਨੀਤੀ ਨੂੰ ਪ੍ਰਭਾਵਿਤ ਕਰ ਰਹੇ ਹਨ; ਪੁਲਾੜ ਨੂੰ ਨਿਯੰਤਰਿਤ ਕਰਨ ਵਾਲਾ ਕਾਨੂੰਨੀ ਢਾਂਚਾ ਇਸ ਦੀ ਰਫ਼ਤਾਰ ਨਾਲ ਨਹੀਂ ਚੱਲ ਸਕਿਆ ਹੈ।

ਆਪਣੀ ਖਿੱਚ ਦੇ ਬਾਵਜੂਦ, ਪੁਲਾੜ ਆਪਣੇ ਆਪ ਵਿੱਚ ਇੱਕ ਬਹੁਤ ਹੀ ਚੁਣੌਤੀਪੂਰਨ ਵਾਤਾਵਰਣ ਹੈ। ਮਨੁੱਖਾਂ ਨੂੰ ਔਰਬਿਟ ਵਿੱਚ ਭੇਜਣਾ ਅਤੇ ਉੱਥੇ ਉਨ੍ਹਾਂ ਨੂੰ ਰੱਖਣਾ ਬਹੁਤ ਮਹਿੰਗਾ ਅਤੇ ਤਕਨੀਕੀ ਤੌਰ 'ਤੇ ਔਖਾ ਕਾਰਜ ਹੈ। ਇਸ ਕਰਕੇ, ਆਉਣ ਵਾਲੇ ਦਹਾਕਿਆਂ ਵਿੱਚ ਮਨੁੱਖੀ 'ਸਪੇਸ ਵਾਰੀਅਰਜ਼' ਜਾਂ 'ਸਟਾਰਸ਼ਿਪ ਟਰੂਪਰਜ਼' ਦੇ ਦਿਖਾਈ ਦੇਣ ਦੀ ਸੰਭਾਵਨਾ ਨਹੀਂ ਹੈ। ਇਸ ਦੇ ਬਾਵਜੂਦ, ਪੁਲਾੜ ਬਹੁਤ ਜ਼ਿਆਦਾ ਮਹੱਤਵ ਅਤੇ ਵਧਦੀ ਮੁਕਾਬਲੇਬਾਜ਼ੀ ਦਾ ਖੇਤਰ ਬਣਿਆ ਹੋਇਆ ਹੈ, ਜਿਸ ਦੇ ਵਧਦੇ ਫੌਜੀਕਰਨ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।



# ਕੀ ਵਾਕਿਆ ਹੀ ਵੋਟਰ ਸੁਧਾਈ ਜਾਂ ਕੁਝ ਹੋਰ

**ਦਵਿੰਦਰ ਕੌਰ ਖੁਸ਼ ਧਾਲੀਵਾਲ**

24 ਜੂਨ ਨੂੰ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕੀਤਾ ਕਿ ਭਾਰਤੀ ਪਾਸਪੋਰਟ ਸਿਰਫ਼ ਯਾਤਰਾ ਲਈ ਦਸਤਾਵੇਜ ਹੈ, ਇਸ ਨਾਲ਼ ਨਾਗਰਿਕਤਾ ਸਾਬਤ ਨਹੀਂ ਹੁੰਦੀ। ਇਸ ਬਿਆਨ ਨੇ 14 ਕਰੋੜ ਪਾਸਪੋਰਟ ਧਾਰਕਾਂ ਨੂੰ ਉਲਝਣ 'ਚ ਪਾ ਦਿੱਤਾ। ਇਹ ਬਿਆਨ ਉਸ ਸਮੇਂ ਦਿੱਤਾ ਗਿਆ ਹੈ, ਜਦੋਂ ਚੋਣ ਕਮਿਸ਼ਨ ਦੁਆਰਾ ਚਲਾਈ ਐਸਆਈਆਰ ਦੂਜੇ ਗੇੜ ਵਿੱਚੋਂ ਲੰਘ ਰਹੀ ਹੈ। ਐਸਆਈਆਰ ਦੇ ਪਹਿਲੇ ਗੇੜ ਦੌਰਾਨ ਸਰਵਉੱਚ ਅਦਾਲਤ ਨੇ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਟਿੱਪਣੀ ਕੀਤੀ ਸੀ ਕਿ ਅਧਾਰ ਕਾਰਡ ਸਿਰਫ਼ ਪਛਾਣ ਲਈ ਵਰਤਿਆ ਜਾਂਦਾ ਦਸਤਾਵੇਜ ਹੈ, ਇਸ ਨਾਲ਼ ਵੀ ਨਾਗਰਿਕਤਾ ਸਾਬਤ ਨਹੀਂ ਹੁੰਦੀ। ਸਮੇਂ-ਸਮੇਂ 'ਤੇ ਵੋਟਰ ਕਾਰਡ, ਪੈਨ ਕਾਰਡ ਸਬੰਧੀ ਅਜਿਹੀਆਂ ਟਿੱਪਣੀਆਂ ਅਲੱਗ-ਅਲੱਗ ਅਧਿਕਾਰੀਆਂ ਕੋਲ਼ੋਂ ਸੁਣਨ ਨੂੰ ਮਿਲ਼ਦੀਆਂ ਰਹੀਆਂ ਹਨ। ਵਿਦੇਸ਼ ਮੰਤਰਾਲੇ ਨੇ ਪਾਸਪੋਰਟ ਨਾਲ਼ ਨਾਗਰਿਕਤਾ ਨਾ ਜੁੜੇ ਹੋਣ ਸਬੰਧੀ ਇਹ ਬਿਆਨ ਤਾਂ ਜਾਰੀ ਕਰ ਦਿੱਤਾ, ਪਰ ਕਨੂੰਨ ਮੁਤਾਬਕ ਵਿਦੇਸ਼ ਮੰਤਰਾਲੇ ਦਾ ਕਾਰਜ ਪਾਸਪੋਰਟ ਜਾਰੀ ਕਰਨਾ ਹੈ, ਜਦਕਿ ਨਾਗਰਿਕਤਾ ਸਬੰਧੀ ਕਨੂੰਨ ਬਣਾਉਣ ਦਾ ਹੱਕ ਗ੍ਰਹਿ ਮੰਤਰਾਲੇ ਨੂੰ ਦਿੱਤਾ ਗਿਆ ਹੈ। ਗ੍ਰਹਿ ਮੰਤਰਾਲੇ ਨੇ ਇੱਕ ਵਾਰ ਵੀ ਸਾਫ਼ ਜਾਣਕਾਰੀ ਦੇ ਕੇ ਲੋਕਾਂ ਦਾ ਡਰ ਤੇ ਉਲਝਣ ਘਟਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਕਿਸੇ ਵਿਦੇਸ਼ੀ ਯਾਤਰਾ ਸਮੇਂ ਵਿਦੇਸ਼ੀ ਸਰਕਾਰਾਂ ਜਾਂ ਇਮੀਗ੍ਰੇਸ਼ਨ ਵਿਅਕਤੀ ਦੀ ਨਾਗਰਿਕਤਾ ਦਾ ਪ੍ਰਮਾਣ ਪਾਸਪੋਰਟ ਤੋਂ ਹੀ ਕਰਦੀਆਂ ਹਨ। ਰਿਹਾਇਸ਼, ਜਨਮ ਸਥਾਨ ਪ੍ਰਮਾਣ, ਪੁਲਿਸ ਜਾਂਚ ਆਦਿ ਪ੍ਰਕਿਰਿਆ ਵਿੱਚੋਂ ਲੰਘ ਕੇ ਭਾਰਤ ਦੀ ਸਰਕਾਰ ਦੁਆਰਾ ਜਾਰੀ ਪਾਸਪੋਰਟ ਨਾਗਰਿਕਤਾ ਦੇ ਸਬੂਤਾਂ ਦਾ ਸਿੱਧਾ ਹਿੱਸਾ ਬਣਦਾ ਹੈ। ਪਰ ਸਰਕਾਰ ਦੀ ਅਗਵਾਈ ਵਾਲ਼ੀ ਯੂਨੀਅਨ ਸਰਕਾਰ ਇਨ੍ਹਾਂ ਸਿੱਧੇ ਪ੍ਰਮਾਣਾਂ ਨੂੰ ਨਾਮਨਜ਼ੂਰ ਕਰਕੇ ਆਪਣੀਆਂ ਫਿਰਕੂ ਪਾਲਿਸੀਆਂ ਸਿਰੇ ਚਾੜ੍ਹ ਰਹੀ ਹੈ। ਨਾਗਰਿਕਤਾ ਸਬੰਧੀ ਇਹ ਸਵਾਲ ਉਸ ਸਮੇਂ ਉਠਾਏ ਜਾ ਰਹੇ ਹਨ ਜਦੋਂ ਦੇਸ਼ ਵਿੱਚ ਚੋਣ ਕਮਿਸ਼ਨ ਦੁਆਰਾ ਚਲਾਈ ਗਈ




ਐਸਆਈਆਰ ਮੁਹਿੰਮ ਆਪਣੇ ਤੀਜੇ ਗੇੜ ਵਿੱਚ ਦਾਖ਼ਲ ਹੋਣ ਜਾ ਰਹੀ ਹੈ। ਜੂਨ 2025 ਵਿੱਚ ਬਿਹਾਰ ਤੋਂ ਸ਼ੁਰੂ ਹੋਈ ਇਹ ਪ੍ਰਕਿਰਿਆ ਹੁਣ ਤੱਕ 13 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਮੁਕੰਮਲ ਹੋ ਗਈ ਹੈ। 19 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਇਸ ਦਾ ਐਲਾਨ ਹੋ ਗਿਆ ਹੈ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਚੋਣ ਸੂਚੀਆਂ ਵਿੱਚੋਂ ਗੈਰ-ਕਨੂੰਨੀ ਪ੍ਰਵਾਸੀਆਂ ਦੀ ਸੁਧਾਈ ਲਈ ਐਸਆਈਆਰ ਅਤਿ ਲੋੜੀਂਦੀ ਹੈ। ਪਰ ਇੱਕ ਸਾਲ ਬੀਤ ਜਾਣ ਪਿੱਛੋਂ ਵੀ ਹੁਣ ਤੱਕ ਅਜਿਹੇ ਗੈਰ-ਕਨੂੰਨੀ ਪ੍ਰਵਾਸੀਆਂ ਦਾ ਕੋਈ ਅੰਕੜਾ ਲੋਕਾਂ ਅੱਗੇ ਪੇਸ਼ ਨਹੀਂ ਕੀਤਾ ਗਿਆ। ਸਗੋਂ ਵੋਟਰ ਸੂਚੀਆਂ ਵਿੱਚੋਂ ਪੰਜ ਕਰੋੜ ਤੋਂ ਵੀ ਵੱਧ ਨਾਂ ਕੱਢ ਦਿੱਤੇ ਗਏ ਹਨ। ਇਕੱਲੇ ਬੰਗਾਲ ਵਿੱਚ ਹੀ 27 ਲੱਖ ਨਾਂਵਾਂ ਸਬੰਧੀ ਪਟੀਸ਼ਨਾਂ ਲਟਕੀਆਂ ਹੋਈਆਂ ਹਨ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਵੋਟਰ ਸੂਚੀ ਵਿੱਚੋਂ ਕੱਢੇ ਜਾਣ 'ਤੇ ਸਿੱਧੀ ਨਾਗਰਿਕਤਾ ਰੱਦ ਨਹੀਂ ਹੁੰਦੀ, ਜਦਕਿ ਹਕੀਕਤ ਇਹ ਹੈ ਕਿ ਵੋਟਰ ਸੂਚੀਆਂ ਵਿੱਚੋਂ ਕੱਢੇ ਗਏ ਲੋਕਾਂ ਨੂੰ ਗ੍ਰਹਿ ਮੰਤਰਾਲੇ ਅੱਗੇ ਆਪਣੀ ਨਾਗਰਿਕਤਾ ਸਾਬਤ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਅਜਿਹੇ ਵਿੱਚ ਨਾਗਰਿਕਤਾ ਸਾਬਤ ਕਰਨ ਲਈ ਭਾਜਪਾ ਦਾ ਬਹੁ-ਚਰਚਿਤ ਫਿਰਕੂ ਨਾਗਰਿਕਤਾ ਸੋਧ ਕਨੂੰਨ, 2019 ਵਰਤਿਆ ਜਾਂਦਾ ਹੈ। ਜਿਸ ਤਹਿਤ ਬੰਗਲਾਦੇਸ਼, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਤੋਂ ਆਏ ਮੁਸਲਮਾਨ ਭਾਈਚਾਰੇ ਦੇ ਲੋਕਾਂ ਤੋਂ ਨਾਗਰਿਕਤਾ ਦਾ ਹੱਕ ਖੋਹਿਆ ਜਾ ਸਕਦਾ ਹੈ। ਇਸ ਨਾਲ਼ ਮੁਸਲਿਮ ਭਾਈਚਾਰੇ ਦੇ ਲੋਕ ਜੋ ਦਹਾਕਿਆਂ ਤੋਂ ਭਾਰਤ ਵਿੱਚ ਵਸੇ ਹੋਏ ਹਨ ਅਤੇ ਭਾਰਤ ਦੇ ਨਾਗਰਿਕ ਹਨ, ਨਾਗਰਿਕ ਹੱਕਾਂ ਤੋਂ ਵਾਂਝੇ ਕਰ ਦਿੱਤੇ ਜਾਣਗੇ। ਨਾਲ਼ ਹੀ ਦੱਸ ਦੇਈਏ ਕਿ ਗ੍ਰਹਿ ਮੰਤਰਾਲੇ ਅੱਗੇ ਨਾਗਗਰਿਕਤਾ ਸਾਬਤ ਕਰਨ ਲਈ ਲੋੜੀਂਦੇ ਦਸਤਾਵੇਜਾਂ ਵਿੱਚੋਂ ਅਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ ਵਰਗੇ ਆਮ ਲੋਕਾਂ ਦੀ ਪਹੁੰਚ ਵਾਲ਼ੇ ਦਸਤਾਵੇਜ ਨਾਗਰਿਕਤਾ ਸਬੂਤ ਵਜੋਂ ਨਾਮਨਜ਼ੂਰ ਕਰ ਦਿੱਤੇ ਗਏ ਹਨ। ਹਾਲ ਹੀ ਵਿੱਚ ਪਾਸਪੋਰਟ ਸਬੰਧੀ ਆਇਆ ਬਿਆਨ ਵੀ ਇਸੇ ਤਰਜ ਉੱਤੇ ਦਿੱਤਾ ਗਿਆ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਵੋਟਰ ਸੂਚੀਆਂ ਵਿੱਚੋਂ ਕੱਢੇ ਗਏ ਪੰਜ ਕਰੋੜ ਤੋਂ ਵਧੇਰੇ ਲੋਕਾਂ ਵਿੱਚ ਮੁੱਖ ਤੌਰ 'ਤੇ ਮੁਸਲਿਮ, ਈਸਾਈ, ਪਛੜੇ ਵਰਗ ਦੇ ਲੋਕ (ਜਿਨ੍ਹਾਂ ਵਿੱਚ ਹਿੰਦੂ ਧਰਮ ਦੇ ਲੋਕ ਵੀ ਸ਼ਾਮਲ ਹਨ) ਸ਼ਾਮਲ ਹਨ। ਮੁਸਲਿਮ ਭਾਈਚਾਰੇ ਵਿੱਚੋਂ ਵੀ ਗਰੀਬ ਤਬਕੇ ਦੇ ਲੋਕਾਂ ਲਈ ਮੁਸ਼ਕਲਾਂ ਹੋਰ ਵਧੇਰੇ ਹਨ। ਚੋਣ ਕਮਿਸ਼ਨ ਦਾ ਦਾਅਵਾ ਸੀ ਕਿ ਵੋਟਰ ਸੂਚੀਆਂ ਵਿੱਚੋਂ ਕੱਢੇ ਗਏ ਲੋਕਾਂ ਉੱਪਰ ਐਸਆਈਆਰ ਦਾ ਹੋਰ ਕੋਈ ਪ੍ਰਭਾਵ ਨਹੀਂ ਹੋਵੇਗਾ ਜਦਕਿ ਬਿਹਾਰ, ਬੰਗਾਲ ਤੇ ਹੋਰਨਾਂ ਕਈ ਥਾਵਾਂ ਉੱਪਰ ਵੋਟਰ ਸੂਚੀ ਵਿੱਚੋਂ ਕੱਢੇ ਗਏ ਲੋਕਾਂ ਨੂੰ ਜਨਤਕ ਸਕੀਮਾਂ ਵਿੱਚੋਂ ਵੀ ਬਾਹਰ ਰੱਖਿਆ ਜਾ ਰਿਹਾ ਹੈ। ਸਾਫ਼ ਹੈ ਕਿ ਐਸਆਈਆਰ ਰਾਹੀਂ ਸਰਕਾਰ ਆਪਣੀ ਜਥੇਬੰਦੀ ਆਰਐਸਐਸ ਦੀ ਵਿਚਾਰਧਾਰਾ ਨੂੰ ਜਮੀਨੀ ਤੌਰ ਉੱਤੇ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਤਿੱਖਾ ਕਰ ਰਹੀ ਹੈ। ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਵਿੱਚ ਹੀ ਦੋਮ ਦਰਜੇ ਦੇ ਨਾਗਰਿਕ ਬਣਾ ਕੇ ਹਿੰਦੂ ਰਾਸ਼ਟਰ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਦੋਂ ਭਾਜਪਾ ਨੇ ਸਿੱਧੇ ਤਰੀਕੇ ਨਾਲ਼ ਸੀਏਏ-ਐਨਆਰਸੀ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਇਸ ਨੂੰ ਲੋਕਾਂ ਹੱਥੋਂ ਮੂੰਹ ਦੀ ਖਾਣੀ ਪਈ ਤੇ ਐਨਆਰਸੀ ਸਿਰਫ਼ ਅਸਾਮ ਵਿੱਚ ਹੀ ਲਾਗੂ ਹੋ ਸਕਿਆ। ਐਨਆਰਸੀ ਰਾਹੀਂ ਅਸਾਮ ਵਿੱਚ 19 ਲੱਖ ਲੋਕਾਂ ਨੂੰ ਨਾਗਰਿਕਤਾ ਸੂਚੀ ਵਿੱਚੋਂ ਬਾਹਰ ਰੱਖਿਆ ਗਿਆ ਸੀ। ਉਨ੍ਹਾਂ ਨੂੰ ਆਪਣੇ ਹੀ ਦੇਸ਼ ਵਿੱਚ ਘੁਸਪੈਠੀਏ ਗਰਦਾਨ ਦਿੱਤਾ ਗਿਆ ਤੇ ਨਜਰਬੰਦ ਕਰ ਦਿੱਤਾ ਗਿਆ ਸੀ। ਬੰਗਲਾਦੇਸ਼ੀਆਂ ਖ਼ਿਲਾਫ਼ ਚੋਣਾਂ ਦੌਰਾਨ ਵਰਤੇ ਗਏ ਹਿੰਸਕ ਬਿਆਨਾਂ ਨੂੰ ਹਕੀਕੀ ਰੂਪ ਚਾੜ੍ਹਦਿਆਂ ਆਰਐਸਐਸ ਤੇ ਆਰਐਸਐਸ ਭਗਤਾਂ ਨੂੰ ਖ਼ੁਸ਼ ਕਰਕੇ ਸਿਆਸੀ ਲਾਹੇ ਖੱਟੇ ਸਨ। ਇਸ ਵਾਰ ਵੀ ਐਸਆਈਆਰ ਸ਼ੁਰੂ ਹੋਣ ਤੋਂ ਹੁਣ ਤੱਕ ਅਜਿਹੇ ਹੀ ਬਿਆਨ ਦਿੱਤੇ ਜਾਂਦੇ ਰਹੇ ਹਨ। ਦੇਸ਼ ਦੇ ਅੱਡ-ਅੱਡ ਹਿੱਸਿਆਂ ਵਿੱਚ ਹੋ ਰਹੀ ਹਲਚਲ ਨੂੰ ਦਬਾਉਣ/ਘਟਾਉਣ ਲਈ ਭਾਜਪਾ ਦੀ ਫਿਰਕੂ ਸਿਆਸਤ ਉਨ੍ਹਾਂ ਲਈ ਕਾਰਗਰ ਹਥਿਆਰ ਹੈ। ਲੋਕਾਂ ਨੂੰ ਧਰਮ ਅਧਾਰਤ ਵੰਡ ਕੇ ਲੋਕਾਂ ਦੀ ਤਾਕਤ ਨੂੰ ਖੋਰਾ ਲਾਉਣ ਦੀ ਕੋਝੀ ਕੋਸ਼ਿਸ਼ ਹੈ। ਅੱਜ ਭਾਜਪਾ-ਆਰਐਸਐਸ ਦਾ ਮੁੱਖ ਨਿਸ਼ਾਨਾ ਘੱਟ ਗਿਣਤੀਆਂ - ਮੁਸਲਿਮ, ਈਸਾਈ ਭਾਈਚਾਰਾ ਹੈ। ਇਸ ਦੇ ਨਾਲ਼ ਹੀ ਆਪਣੇ ਸਿਆਸੀ ਲਾਹਿਆਂ ਲਈ ਭਾਜਪਾ ਲੋਕਾਂ ਦੇ ਸੰਘਰਸ਼ਾਂ ਵਿੱਚ ਅੱਗੇ ਆਉਣ ਵਾਲ਼ੇ ਵਿਅਕਤੀਆਂ ਨੂੰ ਵੀ ਇਸੇ ਗ੍ਰਿਫ਼ਤ ਵਿੱਚ ਲੈ ਰਹੀ ਹੈ। ਭਲਕ ਨੂੰ ਆਰਐਸਐਸ ਔਰਤਾਂ ਨੂੰ ਦੋਮ ਦਰਜੇ ਦੀ ਨਾਗਰਿਕ ਬਣਾਉਣ ਲਈ ਵੀ ਜੋਰ ਦੇ ਸਕਦੀ ਹੈ। ਪਛੜੇ ਤੇ ਗਰੀਬ ਵਰਗ ਦੇ ਲੋਕ ਜਿਨ੍ਹਾਂ ਵਿੱਚ ਸਭ ਧਰਮਾਂ ਦੇ ਲੋਕ ਸ਼ਾਮਲ ਹਨ ਨਾਗਰਿਕਤਾ ਖੋਹੇ ਜਾਣ ਤੋਂ ਸਭ ਤੋਂ ਵੱਧ ਡਰੇ ਹੋਏ ਹਨ। ਜਿਸ ਤਰ੍ਹਾਂ ਐਨਆਰਸੀ ਨੂੰ ਲਾਗੂ ਹੋਣ ਤੋਂ ਰੋਕਣ ਲਈ ਲੋਕਾਂ ਦੇ ਘੋਲ਼ ਕਾਰਗਰ ਹੋਏ ਸਨ, ਉਸੇ ਤਰ੍ਹਾਂ ਇਸ ਫਿਰਕੂ ਹਨ੍ਹੇਰ ਨੂੰ ਠੱਲ੍ਹ ਪਾਉਣ ਲਈ ਧਰਮਾਂ ਤੋਂ ਉੱਪਰ ਉੱਠ ਕੇ ਲੋਕਾਂ ਦੇ ਜਥੇਬੰਦ ਏਕੇ ਤੇ ਘੋਲ਼ਾਂ ਦੀ ਲੋੜ ਹੈ।




# ਖਤਮ ਹੋ ਰਹੇ ਰਿਸ਼ਤਿਆਂ ਦੀ ਸਾਂਝ ਨੂੰ ਮੁੜ ਸੁਰਜੀਤ ਕਰ ਰਿਹਾ ਸਾਝਾ ਘਰ

ਦੋਸਤੋ ਪੰਜਾਬੀ ਜਿੱਥੇ ਵੀ ਜਾਂਦੇ ਨੇ ਉਥੇ ਹੀ ਮੰਗਲ ਲਾ ਦਿੰਦੇ ਹਨ ਇਹ ਕਹਾਵਤ ਤਾਂ ਸਾਨੂੰ ਸਾਰਿਆ ਨੂੰ ਪਤਾ ਹੀ ਹੈ। ਸਾਡੇ ਪੰਜਾਬੀ ਵੀਰਾਂ ਨੇ ਆਪਣੀ ਮਿਹਨਤ ਸਦਕਾ ਦੇਸਾਂ ਵਿਦੇਸਾਂ ਵਿੱਚ ਚੰਗਾ ਨਾਮਣਾ ਖੱਟਿਆ ਹੈ। ਬੇਸੱਕ ਐਨ.ਆਰ.ਆਈ ਵੀਰ ਵਿਦੇਸਾਂ ਵਿੱਚ ਰਹਿੰਦੇ ਪਰ ਇਹਨਾਂ ਦਾ ਦਿਲ ਹਮੇਸਾ ਹੀ ਪੰਜਾਬ ਵਿੱਚ ਰਹਿੰਦਾ ਹੈ ਅਤੇ ਇਹ ਪੰਜਾਬ ਅਤੇ ਪੰਜਾਬੀਅਤ ਲਈ ਹਮੇਸਾ ਫਿਕਰਮੰਦ ਰਹਿੰਦੇ ਹਨ।ਉਨਾਂ ਵਿੱਚ ਹੀ ਇੱਕ ਸਾਡੇ ਐਨ.ਆਈ ਵੀਰ ਚਰਨਜੀਤ ਸਿੰਘ ਢੰਡੇ ਹਨ ਜੋ ਚੰਗੇ ਭਵਿੱਖ ਦੀ ਆਸ ਲਈ ਕੈਨੇਡਾ ਚਲੇ ਗਏ ਅਤੇ ਉਹਨਾਂ ਨੇ 25 ਸਾਲ ਤੱਕ ਦਿਨ-ਰਾਤ ਮਿਹਨਤ ਕਰਕੇ ਚੰਗਾ ਮੁਕਾਮ ਹਾਸਿਲ ਕੀਤਾ, ਦੌਲਤ ਸੋਹਰਤ ਤੇ ਨਾਮ ਕਮਾਇਆ। ਵਿਦੇਸ ਰਹਿੰਦੇ ਹੋਏ ਉਹਨਾਂ ਮਨ ਵਿੱਚ ਘੱਟ ਰਹੀ ਭਾਈਚਾਰਕ ਸਾਂਝ ਲਈ ਬਹੁਤ ਚਿੰਤਾ ਤੇ ਉਦਾਸੀ ਸੀ। ਮਨ ਹੀ ਮਨ ਉਹਨਾਂ ਨੇ ਵਿਉਂਤਾਂ ਬਣਾਉਣੀਆਂ ਪਰ ਕਈ ਸਾਲਾਂ ਬਾਅਦ ਹੁਣ ਉਹਨਾਂ ਦਾ ਇਹ ਇੰਤਜਾਰ ਖਤਮ ਹੋਇਆ ਅਤੇ ਉਹਨਾ ਦੀ ਜੋ ਤਾਲਾਸ ਸੀ ਉਹਨਾਂ ਨੂੰ ਇੱਕ ਸਾਂਝੇ ਘਰ ਦੇ ਰੂਪ ਵਿੱਚ ਮਿਲੀ। ਆਉ ਜਾਣੀਏ ਸਾਂਝੇ ਘਰ ਤੇ ਇਸਦੇ ਰੋਚਕ ਤੱਥਾਂ ਬਾਰੇ:- ਵਿਦੇਸ ਤੋਂ ਵਾਪਸ ਪਰਤ ਕੇ ਚਰਨਜੀਤ ਸਿੰਘ ਢੰਡੇ ਨੇ ਅਜਿਹਾ ਘਰ ਬਣਾਉਣ ਬਾਰੇ ਸੋਚਿਆ ਜਿਥੇ ਰਿਸਤਿਆਂ ਦੀ ਖਤਮ ਹੋ ਰਹੀ ਸਾਂਝ ਨੂੰ ਠਹਿਰਾਵ ਮਿਲੇ। ਇਸ ਮੰਤਵ ਲਈ ਉਹਨਾਂ ਨੇ ਆਪਣੀ 2 ਕਿੱਲੇ ਜਮੀਨ ਜੋ ਕਿ ਲੁਧਿਆਣਾ ਰੋਪੜ ਰੋਡ ਉਪਰ ਨੀਲੋ ਪੁੱਲ ਕੋਲ ਹੈ ਉਥੇ ਸਾਂਝੇ ਘਰ ਦਾ ਨਿਰਮਾਣ ਕਰਵਾਇਆ। ਕੁੱਝ ਹੀ ਮਹੀਨਿਆਂ ਦੀ ਅਣਥੱਕ ਮਿਹਨਤ ਸਦਕਾ ਸਾਂਝੇ ਘਰ ਦਾ ਨਿਰਮਾਣ ਕਾਰਜ ਪੂਰਾ ਹੋਇਆ। ਚਰਨਜੀਤ ਸਿੰਘ ਢੰਡੇ ਵੀਰ ਜੀ ਨੇ ਵੀ ਇਹ ਨਹੀਂ ਸੋਚਿਆ ਹੋਣਾ ਕਿ ਜੋ ਉਹਨਾਂ ਨੇ ਸਾਂਝੇ ਘਰ ਨਾਂ ਦਾ ਬੂਟਾ ਲਾਇਆ ਸੀ ਉਹ ਜਲਦੀ ਹੀ ਇੱਕ ਵੱਡਾ ਰੁੱਖ ਬਣ ਜਾਵੇਗਾ ਅਤੇ ਖਤਮ ਹੋ ਰਹੇ ਰਿਸਤਿਆਂ ਦੀ ਸਾਂਝ ਨੂੰ ਠੰਢੀ ਛਾਂ ਦੇਵੇਗਾ।

ਸਾਂਝਾ ਘਰ ਜੋ ਕਿ ਨੀਲੋ ਪੁਲ ਰੋਪੜ ਅਤੇ ਨੀਲੋ ਪੁਲ ਤੋਂ 3 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਇਸਦੇ ਆਸ-ਪਾਸ ਦਾ ਮਾਹੌਲ ਬਹੁਤ ਹੀ ਰਮਣੀਕ ਹੈ। ਸਾਂਝੇ ਘਰ ਵਿੱਚ ਇੱਕ ਸਵੀਮਿੰਗ ਪੂਲ ਦਾ ਬਹੁਤ ਹੀ ਸੁਚੱਜੇ ਢੰਗ ਨਾਲ ਨਿਰਮਾਣ ਕਰਵਾਇਆ ਹੋਇਆ ਹੈ। ਗਰਮੀਆਂ ਵਿੱਚ ਲੋਕ ਇਥੇ ਆਉਂਦੇ ਹਨ ਅਤੇ ਗਰਮੀ ਤੋਂ ਰਾਹਤ ਪਾਉਂਦੇ ਹਨ। ਸਾਂਝੇ ਘਰ ਵਿੱਚ ਇੱਕ ਸਾਂਝੀ ਰਸੋਈ ਬਣਾਈ ਗਈ ਹੈ ਜਿਸ ਵਿੱਚ ਲੋਕ ਪੋਸਟਿਕ ਖਾਣੇ ਦਾ ਆਨੰਦ ਮਾਣਦੇ ਹਨ ਅਤੇ ਗੱਲਾਂ ਬਾਤਾਂ ਕਰਕੇ ਚੰਗਾ ਸਮਾਂ ਬਤੀਤ ਕਰਦੇ ਹਨ। ਬੱਚਿਆਂ ਲਈ ਝੂਲਿਆਂ ਦਾ ਖਾਸ ਪ੍ਰਬੰਧ ਹੈ। ਸਾਂਝਾ ਘਰ ਨਹਿਰ ਦੇ ਕੰਢੇ ਉੱਪਰ ਬਣਿਆ ਹੈ ਜਿਸ ਕਾਰਨ ਇਥੇ ਦਾ ਮਾਹੌਲ ਬਹੁਤ ਹੀ ਸਾਤਮਈ ਅਤੇ ਰਮਣੀਕ ਹੈ, ਧਿਆਨ ਲਗਾਉਣ ਵਾਲੇ ਵਿਅਕਤੀਆਂ ਲਈ ਵੀ ਇਹ ਥਾਂ ਬਹੁਤ ਹੀ ਚੰਗੀ ਹੈ। ਇਸਤੋਂ ਇਲਾਵਾ ਸਾਂਝੇ ਘਰ ਵਿੱਚ ਬਿਨਾਂ ਕਿਸੇ ਕੀਟਨਾਸਕ ਤੋ ਸਬਜੀਆਂ ਉਗਾਈਆਂ ਜਾਂਦੀਆਂ ਹਨ ਜਿਨਾਂ ਨੂੰ ਆਉਣ ਵਾਲੇ ਲੋਕ ਵਾਜਬ ਰੇਟ ਤੇ ਖਰੀਦਦੇ ਹਨ। ਸਾਂਝੇ ਘਰ ਵਿੱਚ ਆਉਣ ਵਾਲੇ ਲੋਕਾਂ ਲਈ ਪੁਰਾਤਨ ਤਰੀਕੇ ਨਾਲ ਕਮਰੇ ਤਿਆਰ ਕੀਤੇ ਗਏ ਹਨ ਜਿਥੇ ਆ ਕੇ ਉਹ ਰਹਿ ਸਕਦੇ ਹਨ ਅਤੇ ਪੰਜਾਬੀ ਸੱਭਿਆਚਾਰ ਨਾਲ ਨੇੜੇ ਤੋਂ ਜਾਣੂ ਹੋ ਸਕਦੇ ਹਨ। ਪੰਜਾਬੀ ਸੱਭਿਆਚਾਰ ਨੂੰ ਜਿਉਂਦਾ ਰੱਖਣ ਲਈ ਸਾਂਝੇ ਘਰ ਵਿੱਚ ਲੋਕ ਰੰਗ ਨਾਲ ਸੰਬੰਧਤ (ਭੰਗੜੇ-ਗਿੱਧੇ) ਅਤੇ ਨਾਟਕਾਂ ਦੀ ਝਾਕੀ ਪੇਸ ਕੀਤੀ ਜਾਂਦੀ ਹੈ ਤਾਂ ਜੋ ਸਾਂਝੇ ਘਰ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਆਪਣੇ ਅਮੀਰ ਵਿਰਸੇ ਬਾਰੇ ਪਤਾ ਲੱਗ ਸਕੇ। ਕੁੱਲ ਮਿਲਾ ਕੇ ਸਾਂਝਾ ਘਰ ਚਰਨਜੀਤ ਸਿੰਘ ਢੰਡੇ ਜੀ ਵੱਲੋਂ ਕੀਤਾ ਗਿਆ ਅਜਿਹਾ ਉਪਰਾਲਾ ਹੈ ਜੋ ਸਾਡੀ ਰਿਸਤਿਆ ਦੀ ਟੁੱਟ ਰਹੀ ਸਾਂਝ ਨੂੰ ਮੁੜ ਸੁਰਜੀਤ ਕਰ ਰਿਹਾ ਹੈ।

**ਜਸਪ੍ਰੀਤ ਸਿੰਘ ਮਾਂਗਟ, ਪਿੰਡ ਕੁੱਬਾ, ਸਮਰਾਲਾ ਲੁਧਿਆਣਾ**
**99152-20486**

# ਤੇ ਕਲਮ ਰੁਕ ਗਈ........

ਸਾਹਿਤਕ ਖੇਤਰ ਵਿੱਚ ਮੰਨਤ ਦਾ ਨਾਂ ਅੱਜ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ।ਸਮੇਂ ਦੇ ਵਹਿਣ ਦੇ ਨਾਲ਼-ਨਾਲ਼ ਉਸ ਨੇ ਆਪਣੀਆਂ ਕਿੰਨੀਆਂ ਹੀ ਕਹਾਣੀਆਂ, ਗ਼ਜ਼ਲਾਂ ਤੇ ਕਵਿਤਾਵਾਂ ਦੀਆਂ ਕਿਤਾਬਾਂ ਸਾਹਿਤ ਪ੍ਰੇਮੀਆਂ ਦੀ ਝੋਲੀ ਪਾਈਆਂ ਹਨ।ਵਿਲੱਖਣ ਪ੍ਰਾਪਤੀਆਂ ਤੋਂ ਬਾਅਦ ਉਮਰ ਦੇ ਚੌਥੇ ਦਹਾਕੇ ਪਹੁੰਚ ਕੇ ਅਚਾਨਕ ਅੱਜ ਉਸ ਦੇ ਜ਼ਿਹਨ ਵਿੱਚ ਆਪਣੀ ਜਵਾਨੀ ਦੇ ਉਨ੍ਹਾਂ ਦਿਨਾਂ ਦੀ ਯਾਦ ਆ ਗਈ ਜਦੋਂ ਜਵਾਨੀ ਉੱਡੂੰ-ਉੱਡੂੰ ਕਰਦੀ ਫਿਰਦੀ ਹੁੰਦੀ ਸੀ ਤੇ ਆਪਣੇ ਚੇਤਿਆਂ ਵਿੱਚ ਵੱਸੇ ਉਸ ਪਹਿਲੇ ਪਿਆਰ ਨੂੰ ਕਾ.ਗਜ਼ ਦੀ ਹਿੱਕ 'ਤੇ ਝਰੀਟਣ ਲਈ ਕਲਮ ਚੁੱਕ ਲਈ।

ਜੁਲਾਈ ਦੇ ਮਹੀਨੇ ਤੱਕ ਕਾਲਜ ਦੇ ਪਹਿਲੇ ਸਾਲ ਦੀ ਜਮਾਤ ਦਾ ਦਾਖਲਾ ਪੂਰਾ ਹੋ ਚੁੱਕਿਆ ਸੀ।ਨਵੇਂ ਦਾਖਲ ਹੋਏ ਵਿਦਿਆਰਥੀਆਂ ਵਿੱਚੋਂ ਮਨਵੀਰ ਨਾਂ ਦਾ ਇੱਕ ਅਛੋਹ ਜਿਹਾ ਮੁੰਡਾ ਵੀ ਸੀ।ਮੁੰਡਾ ਕਾਹਦਾ ਬੱਸ ਜਿਵੇਂ ਰੱਬ ਨੇ ਸਾਰੇ ਗੁਣ ਉਹ ਦੀ ਝੋਲੀ ਹੀ ਪਾ ਦਿੱਤੇ ਹੋਣ।ਆਪਣੀ ਲਿਆਕਤ, ਨਿਮਰਤਾ ਤੇ ਮਿੱਠੇ ਬੋਲਾਂ ਨਾਲ਼ ਉਹ ਬਹੁਤ ਛੇਤੀ ਸਭ ਦੇ ਦਿਲਾਂ ਵਿੱਚ ਵੱਸ ਗਿਆ।ਉਹ ਛੇ ਫੁੱਟ ਲੰਬਾ ਪੰਜਾਬੀ ਚੋਬਰ ਬਹੁਤ ਛੇਤੀ ਸਾਰੇ ਵਿਦਿਆਰਥੀਆਂ ਦੇ ਨਾਲ਼-ਨਾਲ਼ ਆਪਣੇ ਅਧਿਆਪਕਾਂ ਵਿੱਚ ਵੀ ਹਰਮਨ ਪਿਆਰਾ ਹੋ ਗਿਆ।ਉਸ ਨੂੰ ਪਿਆਰ ਨਾਲ਼ ਸਾਰੇ ਮਨੀ ਕਹਿ ਕੇ ਬੁਲਾਉਂਦੇ ਸੀ।ਉਹ ਪੜ੍ਹਾਈ ਵਿੱਚ ਅੱਵਲ ਹੋਣ ਦਾ ਨਾਲ਼-ਨਾਲ਼ ਕਾਲਜ ਦਾਖਲ ਹੁੰਦਿਆਂ ਹੀ ਨਿਰੰਤਰ ਅਭਿਆਸ ਕਰ ਕੇ ਕਾਲਜ ਦੀ ਫੁੱਟਬਾਲ ਟੀਮ ਦਾ ਕਪਤਾਨ ਬਣ ਗਿਆ।ਇਸ ਤੋਂ ਇਲਾਵਾ ਉਹ ਆਪਣੀ ਜਮਾਤ ਦੇ ਭੰਗੜਾ ਗਰੁੱਪ ਦੀ ਵੀ ਸ਼ਾਨ ਸੀ।ਉਹ ਆਪਣੇ ਲੰਬੇ ਕੱਦ-ਕਾਠ ਤੇ ਮੁਸਕਰਾਉਂਦੇ ਚਿਹਰੇ ਕਰ ਕੇ ਆਪਣੇ ਸਹਿਪਾਠੀਆਂ ਦੀ ਭੀੜ ਵਿੱਚੋਂ ਅਲੱਗ ਨਜ਼ਰੀਂ ਪੈਂਦਾ ਸੀ।

ਮਨਵੀਰ ਨਾਲ਼ ਪੜ੍ਹਦੀਆਂ ਕੁੜੀਆਂ ਉਹਦੀ ਪੋਚਵੀਂ ਪੱਗ ਦੇ ਰੰਗ ਨਾਲ਼ ਦੀਆਂ ਚੁੰਨੀਆਂ ਰੰਗਾਉਣ ਲੱਗੀਆਂ ਸਨ।ਕੁੜੀਆਂ ਉਹਦੇ ਨਾਲ਼ ਗੱਲ ਕਰਨ ਲਈ ਬਹਾਨੇ ਲੱਭਦੀਆਂ ਰਹਿੰਦੀਆਂ ਤੇ ਗੱਲੀਂ-ਬਾਤੀਂ ਉਸ 'ਤੇ ਆਪਣਾ ਹੱਕ ਵੀ ਜਤਾਉਣ ਲੱਗੀਆਂ ਸਨ।ਉਹ ਵਿਹਲੇ ਪੀਰੀਅਡ ਦੌਰਾਨ ਜਾਂ ਤਾਂ ਲਾਇਬਰੇਰੀ ਵਿੱਚ ਜਾ ਕੇ ਪੜ੍ਹਦਾ ਰਹਿੰਦਾ ਤੇ ਜਾਂ ਫਿਰ ਸਾਰੇ ਯਾਰ-ਬੇਲੀ 'ਇਕੱਠੇ ਕੰਟੀਨ ਵਿੱਚ ਮੌਜ-ਮਸਤੀ ਕਰਦੇ।ਕੁੜੀਆਂ ਨਾਲ਼ ਵਧਦੀ ਨੇੜਤਾ ਤੋਂ ਕਈ ਮੁੰਡੇ ਉਸ ਨਾਲ਼ ਖ਼ਾਰ ਵੀ ਖਾਣ ਲੱਗੇ ਜਿਨ੍ਹਾਂ ਵਿਚੋਂ ਬਿੱਲਾ ਸਭ ਤੋਂ ਮੋਹਰੀ ਸੀ ਪਰ ਮਨਵੀਰ ਤਾਂ ਸਭ ਨੂੰ ਆਪਣਾ ਦੋਸਤ ਹੀ ਸਮਝਦਾ ਸੀ।ਉਹ ਇੱਕ ਤਰਾਂ ਨਾਲ਼ ਕਾਲਜ ਦਾ ਹੀਰੋ ਬਣ ਗਿਆ ਸੀ ਤੇ ਕੁੜੀਆਂ ਉਸ ਦੁਆਲੇ ਘੁੰਮਦੀਆਂ ਰਹਿੰਦੀਆਂ ਸਨ ਪਰ ਮਨਵੀਰ ਦੇ ਦਿਲ ਨੂੰ ਹਲੂਣਾ ਦੇਣ ਵਾਲੀ ਉਨ੍ਹਾਂ ਵਿੱਚੋਂ ਕੋਈ ਨਹੀਂ ਸੀ।

ਦੂਜੇ ਮਹੀਨੇ ਹੀ ਫੁੱਟਬਾਲ ਮੈਚ ਸ਼ੁਰੂ ਹੋ ਗਏ ਤੇ ਉਨ੍ਹਾਂ ਦੀ ਟੀਮ ਜ਼ੋਨਲ ਤੇ ਜ਼ਿਲ੍ਹਾ ਪੱਧਰ ਦੇ ਮੁਕਾਬਲੇ ਜਿੱਤਣ ਵਿੱਚ ਮੋਹਰੀ ਰਹੀ।ਇਸ ਤੋਂ ਬਾਅਦ ਉਨ੍ਹਾਂ ਦੀ ਸਾਰੀ ਟੀਮ ਆਪਣੇ ਕੋਚ ਸਮੇਤ  ਸਟੇਟ ਖੇਡਣ ਲਈ ਹੈਦਰਾਬਾਦ ਚਲੇ ਗਈ ਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਸਾਰੀ ਜਮਾਤ ਵਿੱਚ ਸੁੰਨ ਜਿਹੀ ਪਸਰ ਗਈ।

ਮੰਨਤ ਨੇ ਘਰੇਲੂ ਕਾਰਨ ਕਰ ਕੇ ਦੂਜੀ ਯੂਨੀਵਰਸਿਟੀ ਤੋਂ ਸਪੈਸ਼ਲ ਪਰਮਿਸ਼ਨ ਲੈ ਕੇ ਮਾਈਗਰੇਸ਼ਨ ਕਰਵਾਉਣ ਤੋਂ ਬਾਅਦ ਇਸੇ ਕਾਲਜ ਵਿੱਚ ਦਾਖਲਾ ਲੈ ਲਿਆ।ਉਹ ਤਿੰਨ ਭਰਾਵਾਂ ਦੀ ਸਭ ਤੋਂ ਛੋਟੀ ਤੇ ਲਾਡਲੀ ਭੈਣ ਸੀ।ਮੰਨਤ ਇਕਹਿਰੇ ਸਰੀਰ ਵਾਲੀ ਸ਼ਰਮਾਕਲ ਜਿਹੀ ਕੁੜੀ ਸੀ ਤੇ ਉਹ ਰੱਜ ਕੇ ਸੋਹਣੀ ਸੀ।ਉਹ ਜਦੋਂ ਹੱਸ ਕੇ ਕੋਈ ਗੱਲ ਕਰਦੀ ਤਾਂ ਉਸ ਦੀਆਂ ਗੋਰੀਆਂ ਗੱਲ੍ਹਾਂ ਵਿੱਚ ਪਏ ਟੋਏ ਹੋਰ ਡੂੰਘੇ ਹੋ ਜਾਂਦੇ।ਉਹਦੀ ਵਰਗੀ ਕੁੜੀ ਜਮਾਤ ਵਿੱਚ ਤਾਂ ਕੀ, ਸਾਰੇ ਕਾਲਜ ਵਿੱਚ ਵੀ ਨਹੀਂ ਸੀ।ਉਹ ਜਦੋਂ ਕਦੇ ਆਪਣੇ ਮੱਥੇ 'ਤੇ ਕਾਲੇ ਘਨਘੋਰ ਵਾਲਾਂ ਦੀ ਖਿੰਡੀ ਲਟ ਨੂੰ ਝਟਕੇ ਨਾਲ਼ ਸੰਵਾਰਦੀ ਤਾਂ ਕਈ ਮੁੰਡੇ ਨਾਲ਼ ਹੀ ਗਿਰਨ ਤੱਕ ਜਾਂਦੇ।ਉਹਦੇ ਹੁਸਨ ਦੇ ਚਰਚੇ ਕਾਲਜ ਦੇ ਸਾਰੇ ਮੁੰਡੇ ਕਰਨ ਲੱਗੇ।ਉਸ ਵਿੱਚ ਸੁਹੱਪਣ ਤੋਂ ਵੱਧ ਨਜ਼ਾਕਤ, ਨਜ਼ਾਕਤ ਤੋਂ ਵੱਧ ਭੋਲਾਪਣ ਤੇ ਭੋਲ਼ੇਪਣ ਤੋਂ ਵੱਧ ਸੁਹੱਪਣ ਸੀ।ਉਹ ਸਵੇਰ ਵੇਲੇ ਜਦੋਂ ਕਾਲਜ ਦੇ ਲਾਅਨ ਤੋਂ ਹੁੰਦੀ ਹੋਈ ਕਲਾਸ ਰੂਮ ਤੱਕ ਜਾਂਦੀ ਤਾਂ ਉੱਥੇ ਲੱਗੇ ਸਾਰੇ ਫੁੱਲ-ਬੂਟੇ ਉਹਦੀ ਮਸਤਾਨੀ ਤੋਰ ਦੇ ਨਾਲ਼ ਝੂਮਣ ਲੱਗ ਜਾਂਦੇ ਤੇ ਸਾਰੀ ਕਾਇਨਾਤ ਇੱਕ ਅਜੀਬ ਜਿਹੀ ਖ਼ੁਸ਼ਬੂ ਨਾਲ਼ ਭਰ ਜਾਂਦੀ।ਉਸ ਨੂੰ ਬਚਪਨ ਤੋਂ ਹੀ ਲਿਖਣ ਦਾ ਸ਼ੌਕ ਸੀ ਤੇ ਉਸ ਦੀਆਂ ਰਚਨਾਵਾਂ ਸਕੂਲ ਤੇ ਕਾਲਜ ਦੇ ਸਾਲਾਨਾ ਮੈਗਜ਼ੀਨਾਂ ਵਿੱਚ ਛਪਦੀਆਂ ਰਹਿੰਦੀਆਂ ਸਨ।

ਮਨਵੀਰ ਤੇ ਉਸ ਦੇ ਸਾਥੀਆਂ ਦੀ ਗੈਰ-ਹਾਜ਼ਰੀ ਦਾ ਫ਼ਾਇਦਾ ਉਠਾ ਕੇ ਬਿੱਲੇ ਨੇ ਮੰਨਤ 'ਤੇ ਆਪਣੇ ਪਿਆਰ ਦਾ ਜਾਲ ਸੁੱਟਣਾ ਸ਼ੁਰੂ ਕਰ ਦਿੱਤਾ।ਉਹ ਆਨੇ-ਬਹਾਨੇ ਮੰਨਤ ਨੂੰ ਤੰਗ-ਪ੍ਰੇਸ਼ਾਨ ਕਰਦਾ ਰਹਿੰਦਾ ਪਰ ਮੰਨਤ ਉਸ ਨੂੰ ਭੋਰਾ ਵੀ ਮੂੰਹ ਨਾ ਲਾਉਂਦੀ।ਉਹ ਬਾਕੀ ਕੁੜੀਆਂ ਨਾਲ਼ ਗਿਲਾ ਜਿਹਾ ਕਰਦੀ ਕਹਿੰਦੀ,"ਇਸ ਕਾਲਜ ਦੇ ਮੁੰਡੇ ਕਿਹੋ ਜਿਹੇ ਹਨ, ਇਹ ਤਾਂ ਮੇਰੇ ਆਉਂਦੀ ਦੇ ਹੀ ਮਗਰ ਪੈ ਗਏ।" ਜੱਸੀ ਜਿਹੜੀ ਕਿ ਕਾਲਜ ਵਿੱਚ ਅਕਸਰ ਗਿੱਧੇ ਵਿੱਚ ਭਾਗ ਲੈਂਦੀ ਸੀ ਤੇ ਮਨਵੀਰ ਦੀ ਚੰਗੀ ਸਹੇਲੀ ਵੀ ਬਣ ਗਈ ਸੀ, ਉਹ ਕਹਿੰਦੀ, "ਅੜੀਏ, ਸਾਡੇ ਕਾਲਜ ਦੇ ਸਾਰੇ ਮੁੰਡੇ ਅਜਿਹੇ ਨਹੀਂ, ਇੱਕ ਸਾਡੀ ਜਮਾਤ ਦਾ ਹੀਰੋ ਮਨਵੀਰ ਵੀ ਹੈ ਜਿਹੜਾ ਕਿਸੇ ਕੁੜੀ ਨੂੰ ਫ਼ਾਲਤੂ ਬੁਲਾਉਂਦਾ ਤਕ ਨਹੀਂ।ਜਦੋਂ ਤੂੰ ਉਹ ਨੂੰ ਦੇਖੇਂਗੀ ਨਾ, ਦੇਖਦੀ ਹੀ ਰਹਿ ਜਾਏਂਗੀ।"

ਇਸ ਤਰਾਂ ਮਨਵੀਰ ਦੀਆਂ ਸਿਫ਼ਤਾਂ ਸੁਣ-ਸੁਣ ਕੇ ਮੰਨਤ ਦੇ ਮਨ ਅੰਦਰ ਉਹ ਨੂੰ ਛੇਤੀ ਮਿਲਣ ਦੀ ਤਾਂਘ ਜਿਹੀ ਰਹਿੰਦੀ ਪਰ ਉਹ ਉੱਤੋਂ-ਉੱਤੋਂ ਹੱਸ ਕੇ ਕਹਿ ਦਿੰਦੀ, "ਕੋਈ ਨਾ, ਆ ਲੈਣ ਦਿਉ ਉਹ ਨੂੰ ਵੀ, ਦੇਖ ਲਵਾਂਗੀ ਤੁਹਾਡੇ ਵੱਡੇ ਹੀਰੋ ਨੂੰ।"

ਅਗਲੇ ਹਫ਼ਤੇ ਮਨਵੀਰ ਹੋਰੀਂ ਸਟੇਟ ਦੀ ਟਰਾ.ਫ਼ੀ ਜਿੱਤ ਕੇ ਵਾਪਸ ਆ ਗਏ।ਪ੍ਰਿੰਸੀਪਲ ਸਮੇਤ ਕਾਲਜ ਦੇ ਸਾਰੇ ਸਾਰੇ ਸਟਾਫ਼ ਤੇ ਵਿਦਿਆਰਥੀਆਂ ਨੇ ਜੇਤੂ ਫੁੱਟਬਾਲ ਟੀਮ ਦਾ ਢੋਲ-ਢਮੱਕਿਆਂ ਨਾਲ਼ ਸਵਾਗਤ ਕੀਤਾ।ਮਨਵੀਰ ਖ਼ੁਸ਼ੀ ਵਿੱਚ ਵਿੱਚ ਖੀਵਾ ਹੋਇਆ ਛਾਲਾਂ ਮਾਰ-ਮਾਰ ਕੇ  ਕੇ ਭੰਗੜਾ ਪਾ ਰਿਹਾ ਸੀ।ਬੱਸ ਇਹ ਹੀ ਉਹ ਪਲ ਸੀ ਜਦੋਂ ਮੰਨਤ ਮਨਵੀਰ 'ਤੇ ਮਰ ਮਿੱਟੀ।ਜਦੋਂ ਅੱਖਾਂ ਦੋ ਤੋਂ ਚਾਰ ਹੋਈਆਂ ਤਾਂ ਮਨਵੀਰ ਵੀ ਆਪਣੇ ਆਪ ਨੂੰ ਰੋਕ ਨਾ ਸਕਿਆ।ਬਿੱਲਾ ਪਹਿਲਾਂ ਹੀ ਮਨਵੀਰ ਦੀ ਚੜ੍ਹਾਈ ਤੋਂ ਖਪਿਆ ਪਿਆ ਸੀ ਤੇ ਹੁਣ ਮੰਨਤ ਤੇ ਮਨਵੀਰ ਦੇ ਇੱਕ-ਮਿੱਕ ਹੋ ਜਾਣ ਤੋਂ ਬਾਅਦ ਤਾਂ ਉਹ ਜਲ ਕੇ ਕੋਲਾ ਹੋ ਗਿਆ ਸੀ।ਉੱਧਰ ਮੰਨਤ ਤੇ ਮਨਵੀਰ ਇਸ ਸਭ ਤੋਂ ਬੇਖ਼ਬਰ ਹੋ ਕੇ ਪਿਆਰ ਦੀਆਂ ਪੀਂਘਾਂ ਝੂਟ ਰਹੇ ਸਨ।ਹੁਣ ਮੰਨਤ ਦੇ ਗੋਰੇ ਮੁੱਖ ਦੀ ਲਾਲੀ ਦੂਣੀ ਹੋ ਗਈ ਸੀ ਤੇ ਮਨਵੀਰ ਤਾਂ ਹਰ ਪਲ ਮੰਨਤ ਦੇ ਖ਼ਿਆਲਾਂ ਵਿੱਚ ਖੋਇਆ ਰਹਿੰਦਾ।ਕਾਲਜ ਤੋਂ ਬਾਹਰ ਵੀ ਮੁਲਾਕਾਤਾਂ ਦਾ ਦੌਰ ਸ਼ੁਰੂ ਹੋ ਗਿਆ।ਦਿਨ-ਬਦਿਨ ਉਨ੍ਹਾਂ ਦਾ ਪਿਆਰ ਪਰਵਾਨ ਚੜ੍ਹਦਾ ਗਿਆ ਤੇ ਏਦਾਂ ਹੀ ਦੋ ਸਾਲ ਬੀਤ ਗਏ। ਅਖੀਰਲੇ ਪੇਪਰ ਵਾਲੇ ਦਿਨ ਉਨ੍ਹਾਂ ਦੋਹਾਂ ਨੇ ਇਕ-ਦੂਜੇ ਨਾਲ਼ ਵਿਆਹ ਕਰਵਾਉਣ ਲਈ ਆਪਣੇ-ਆਪਣੇ ਘਰ ਆਪੋ-ਆਪਣੇ ਢੰਗ ਨਾਲ਼ ਗੱਲ ਕਰਨ ਦਾ ਫ਼ੈਸਲਾ ਕੀਤਾ।ਗਰੈਜੂਏਸ਼ਨ ਦੀ ਪੜ੍ਹਾਈ ਦੇ ਅਖੀਰਲੇ ਸਾਲ ਦੀ ਨਵੀਂ ਜਮਾਤ ਵਿੱਚ ਦਾਖਲਾ ਲੈਣ ਸਮੇਂ ਉਹ ਘਰਦਿਆਂ ਦੀ ਸਹਿਮਤੀ ਨਾਲ਼ ਦੁਨੀਆਦਾਰੀ ਤੌਰ 'ਤੇ ਵੀ ਦੋ ਤੋਂ ਇੱਕ ਹੋ ਜਾਣਗੇ।ਉਨ੍ਹਾਂ ਨੇ ਇਹ ਸਲਾਹ ਕਰ ਕੇ ਇੱਕ-ਦੂਜੇ ਤੋਂ ਦੋ-ਢਾਈ ਮਹੀਨਿਆਂ ਲਈ ਵਿਦਾ ਲੈ ਲਈ।

ਬਿੱਲੇ ਦੀ ਹਰਜੋਤ ਨਾਂ ਦੇ ਇੱਕ ਮੁੰਡੇ ਨਾਲ਼  ਥੋੜ੍ਹੀ-ਬਹੁਤੀ ਉੱਠਣੀ-ਬੈਠਣੀ ਸੀ ਪਰ ਉਸ ਨੂੰ ਇਹ ਨਹੀਂ ਪਤਾ ਸੀ ਕਿ ਹਰਜੋਤ ਮੰਨਤ ਦਾ ਛੋਟਾ ਭਰਾ ਹੈ।ਇੱਕ ਦਿਨ ਉਹ ਅਚਾਨਕ ਬਾਜ਼ਾਰ ਵਿੱਚ ਮਿਲ ਗਏ ਤੇ ਗੱਲਬਾਤ ਕਰਦਿਆਂ ਬਿੱਲੇ ਨੂੰ ਇਹ ਖ਼ੁਲਾਸਾ ਵੀ ਹੋ ਗਿਆ।ਬਿੱਲੇ ਨੂੰ ਜਿਵੇਂ ਮਨਵੀਰ ਤੋਂ ਬਦਲਾ ਲੈਣ ਦਾ ਮੌਕਾ ਮਿਲ ਗਿਆ।ਮੰਨਤ ਹਾਲੇ ਆਪਣੇ ਘਰਦਿਆਂ ਨਾਲ ਇਸ ਬਾਰੇ ਗੱਲ ਕਰਨ ਲਈ ਢੁਕਵਾਂ ਮੌਕਾ ਲੱਭ ਰਹੀ ਸੀ।ਇੱਧਰ ਬਿੱਲੇ ਨੇ ਤੁਰੰਤ ਉਨ੍ਹਾਂ ਦੋਹਾਂ ਦੇ ਪਿਆਰ ਦੇ ਕਿੱਸੇ ਵਧਾ-ਚੜ੍ਹਾ ਕੇ ਹਰਜੋਤ ਨੂੰ ਦੱਸ ਦਿੱਤੇ।ਹਰਜੋਤ ਗ਼ੁੱਸੇ ਨਾਲ਼ ਭਰਿਆ ਹੋਇਆ ਘਰ ਆ ਕੇ ਕਲੇਸ਼ ਕਰਨ ਲੱਗਾ।ਉਹ ਕਹਿੰਦਾ, "ਬੱਸ ਪੜ੍ਹ ਲਈ ਹੁਣ ਇਹ ਜਿੰਨਾ ਪੜ੍ਹਨਾ ਸੀ, ਇਹ ਉੱਥੇ ਪੜ੍ਹਨ ਨਹੀਂ ਜਾਵੇਗੀ।ਛੇਤੀ-ਛੇਤੀ ਕੋਈ ਮੁੰਡਾ ਲੱਭ ਕੇ ਇਹਦਾ ਵਿਆਹ ਕਰੋ ਬੱਸ।" ਮੰਨਤ ਨੇ ਘਰਦਿਆਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਹੁਣ ਕੋਈ ਉਸ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ।

ਕੋਈ ਚਾਰਾ ਚੱਲਦਾ ਨਾ ਦੇਖ ਮੰਨਤ ਨੇ ਕਿਸੇ ਤਰਾਂ ਜੱਸੀ ਰਾਹੀਂ ਮਨਵੀਰ ਨੂੰ ਮਿਲਣ ਦਾ ਸੁਨੇਹਾ ਭੇਜਿਆ।ਇਹ ਰੱਬ ਹੀ ਜਾਣਦਾ ਹੈ ਕਿ ਜੱਸੀ ਨੇ ਉਸ ਦਾ ਸੁਨੇਹਾ ਮਨਵੀਰ ਤੀਕਰ ਪਹੁੰਚਾਇਆ ਹੀ ਨਹੀਂ ਜਾਂ ਮਨਵੀਰ ਮੰਨਤ ਦਾ ਸੁਨੇਹਾ ਮਿਲਣ ਦੇ ਬਾਵਜੂਦ ਆਪਣੇ ਪਿਆਰ ਨੂੰ ਪਾਉਣ ਲਈ ਜਾਣ ਬੁੱਝ ਕੇ ਨਹੀਂ ਆਇਆ।ਮੰਨਤ ਉਸ ਨੂੰ ਹਰ ਦਿਨ ਉਡੀਕਦੀ ਰਹੀ ਪਰ ਨਾ ਮਨਵੀਰ ਤੇ ਨਾ ਹੀ ਉਸ ਦਾ ਕੋਈ ਸੁਨੇਹਾ ਆਇਆ।ਉਸ ਨੂੰ ਆਖ਼ਿਰ ਤੱਕ ਇਹੀ ਸ਼ਿਕਵਾ ਵੀ ਰਿਹਾ ਕਿਉਂਕਿ ਉਸ ਨੂੰ ਇਹ ਵੀ ਪਤਾ ਨਹੀਂ ਕਿ ਮਨਵੀਰ ਨੇ ਉਸ ਨੂੰ ਧੋਖਾ ਦਿੱਤਾ ਹੈ ਜਾਂ ਉਸ ਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ।ਉਹ ਤਾਂ ਇਹ ਵੀ ਨਾ ਸਮਝ ਪਾਈ ਕਿ ਮਨਵੀਰ ਉਸ ਨੂੰ ਸੱਚਾ ਪਿਆਰ ਕਰਦਾ ਸੀ ਜਾਂ ਫਿਰ  ਮਹਿਜ਼...? ਘਰਦਿਆਂ ਨੇ ਸਲਾਹ ਕਰ ਕੇ ਉਸੇ ਮਹੀਨੇ ਮੰਨਤ ਦਾ ਵਿਆਹ ਕਰ ਦਿੱਤਾ।ਉਹ ਆਪਣੇ ਮਨ ਦੇ ਅਰਮਾਨ ਮਨ ਵਿੱਚ ਸਮੇਟ ਕੇ ਰਹਿ ਗਈ ਤੇ ਚੁੱਪਚਾਪ ਆਪਣੇ ਸੱਚੇ ਪਿਆਰ ਦਾ ਗਲ਼ਾ ਘੁੱਟ ਦਿੱਤਾ ਜੋ ਕਿ ਬਹੁਤ ਹੀ ਔਖਾ ਕੰਮ ਹੈ।ਉਸ ਨੇ ਜ਼ਿੰਦਗੀ ਨਾਲ਼ ਸਮਝੌਤਾ ਤਾਂ ਕਰ ਲਿਆ ਪਰ ਪਹਿਲੇ ਪਿਆਰ ਦੀ ਟੀਸ ਜ਼ਿੰਦਗੀ ਵਿੱਚੋਂ ਕਦੇ ਵੀ ਮਨਫ਼ੀ ਨਹੀਂ ਨਾ ਕਰ ਸਕੀ।ਉਸ ਦੇ ਦਿਲ ਦੀ ਹਾਲਤ ਬਿਆਨਦਾ ਇਹ ਗੀਤ ਜਿਵੇਂ ਪਰਮਿੰਦਰ ਸੰਧੂ ਨੇ ਉਸ ਲਈ ਹੀ ਗਾਇਆ ਹੋਵੇ, ਜਿਸ ਦੇ ਬੋਲ ਹਨ:

ਕਦੇ ਬਾਬਲ ਪੈਰੀਂ ਪੱਗ ਧਰਦਾ, ਕਦੇ ਮਾਂ ਸੀ ਚੁੰਨੀ ਲਾਹ ਲੈਂਦੀ
ਔਰਤ ਸਾਂ ਆਖ਼ਰ ਝੁਕ ਗਈ ਮੈਂ,ਕਿੰਨਾ ਚਿਰ ਆਹਡਾ ਲਾ ਲੈਂਦੀ
ਮਜਬੂਰੀ ਮੈਥੋਂ ਜਿੱਤ ਗਈ ਮੈਂ ਧਰ ਕੇ ਬਹਿ ਗਈ ਪਾਸੇ
ਘਰ ਆ ਗਏ ਸੋਹਣਿਆ ਵੇ, ਕੱਲ੍ਹ ਚੁੰਨੀ ਨਾਲ ਪਤਾਸੇ...।

ਵਿਆਹ ਤੋਂ ਬਾਅਦ ਮੰਨਤ ਨੂੰ ਜਿਹੜਾ ਪਰਿਵਾਰ ਮਿਲਿਆ ਉਹ ਜੇਲ੍ਹ ਵਰਗਾ ਸੀ।ਉਸ ਨੂੰ ਬਾਜ਼ਾਰ ਤੱਕ ਵੀ ਇਕੱਲੀ ਜਾਣ ਦੀ ਇਜਾਜ਼ਤ ਨਹੀਂ ਸੀ।ਉੱਥੇ ਕੋਈ ਉਸ ਦੇ ਦਿਲ ਦੀ ਗੱਲ ਸਮਝਣ ਵਾਲਾ ਨਹੀਂ ਸੀ।ਸਾਰਾ ਦਿਨ ਘਰ ਖ਼ਾਲੀ ਬੈਠਣ ਨਾਲੋਂ ਉਸ ਨੇ ਆਪਣੀ ਅਧਵਾਟੇ ਛੱਡੀ ਪੜ੍ਹਾਈ ਪੂਰੀ ਕਰਨ ਦੀ ਇੱਛਾ ਜ਼ਾਹਿਰ ਕੀਤੀ ਪਰ ਉਨ੍ਹਾਂ ਨੇ ਉਹ ਇੱਛਾ ਵੀ ਨਾਮਨਜ਼ੂਰ ਕਰ ਦਿੱਤੀ। ਮੰਨਤ ਦੇ ਚਿਹਰੇ ਦੀ ਲਾਲੀ ਹੁਣ ਮਾਯੂਸੀਆਂ ਵਿੱਚ ਬਦਲਣ ਲੱਗੀ।ਇਸ ਲਈ ਉਸ ਨੇ ਆਪਣੇ ਪੁਰਾਣੇ ਸ਼ੌਕ ਨੂੰ ਆਪਣਾ ਸਾਥੀ ਬਣਾ ਲਿਆ ਤੇ ਉਸ ਕਲਮ ਰੂਪੀ ਸਾਥੀ ਸਦਕਾ ਅੱਜ ਉਹ ਇਸ ਮੁਕਾਮ 'ਤੇ ਹੈ।ਇੰਨਾ ਲਿਖਣ ਤੱਕ ਮੰਨਤ ਦੀਆਂ ਝੀਲ ਵਰਗੀਆਂ ਗਹਿਰੀਆਂ ਅੱਖਾਂ ਵਿੱਚੋਂ ਦੋ ਮੋਤੀ ਨਿਕਲ ਕੇ ਕਾ.ਗਜ਼ 'ਤੇ ਬਿਖ਼ਰ ਗਏ ਤੇ ਅਚਾਨਕ ਉਸ ਦੀ ਕਲਮ ਰੁਕ  ਗਈ....।

**ਅਮਰਬੀਰ ਸਿੰਘ ਚੀਮਾ**
**ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

## ਮਾਂ ਦਿਵਸ

ਮਾਂ ਸਬਦ ਆਪਣੇ ਆਪ ਵਿੱਚ ਪੂਰਨ ਹੈ। ਇਹ ਸਬਦ  ਰੱਬ ਦੀ ਸਭ ਤੋਂ ਸੋਹਣੀ ਦਾਤ ਹੈ ।ਮਾਂ ਤੋਂ ਬਿਨਾਂ ਅਸੀਂ ਕੁੱਲ ਕਾਇਨਾਤ  ਦੀ ਕਲਪਨਾ ਨਹੀਂ ਕਰ ਸਕਦੇ ।ਮਾਵਾਂ ਜਿਹਾ ਦੁਲਾਰ ਕੋਈ ਨਹੀਂ ਕਰਦਾ ।ਮਾਵਾਂ ਦਾ ਘਾਟਾ ਪੁੱਛੋ ਉਹਨਾਂ ਤੌਂ  ਜਿਨ੍ਹਾਂ ਨੇ ਬਚਪਨ ਵਿਚ ਆਪਣੀ ਮਾਂ ਨੂੰ ਖੋਹ ਦਿੱਤਾ ਹੋਵੇ। ਮਾਂ ਤੋਂ ਬਿਨਾਂ ਸਾਰੇ ਚਾਅ ਬਾਂਝੇ ਰਹਿ ਜਾਂਦੇ ਨੇ,ਤਾਂ ਹੀ ਤਾਂ ਮਾਵਾਂ ਨੂੰ ਠੰਡੀਆਂ ਛਾਵਾਂ ਕਿਹਾ ਗਿਆ ਹੈ ।ਇਹ ਸਬਦ ਔਰਤ ਦਾ ਉਹ ਕਿਰਦਾਰ ਹੈ, ਜੋ ਸਭ ਤੋਂ ਉੱਚੀ ਅਤੇ ਸੁੱਚੀ ਥਾਂ ਰੱਖਦਾ ਹੈ ।ਰੱਬ ਬਣ ਆਪਣੇ ਬੱਚਿਆਂ ਨੂੰ ਅੱਗੇ ਵਧਦਾ ਦੇਖ ਸਭ ਤੋਂ ਖੁਸ ਹੋਣ ਵਾਲੀ ਰੱਬ ਦੀ ਇਹ ਦਾਤ ਮਾਂ ਆਪਣੇ ਬੱਚਿਆਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦੀ ਹੈ ।ਬੋਹੜ ਦਾ ਰੁੱਖ ਬਣ ਆਪਣੀਆਂ ਕੂੰਜਾਂ  ਨੂੰ ਠੰਡੀਆਂ ਛਾਵਾਂ ਦਿੰਦੀ ਹੈ ।ਪਾਣੀ ਵਾਂਗ ਆਪਣੇ ਦਿਲ ਦੇ ਟੁਕੜਿਆਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੰਦੀ ਹੈ।ਆਪਣੀਆਂ ਰੀਝਾਂ ਨੂੰ ਆਪਣੇ ਦਿਲ ਦੇ ਅੰਦਰ ਮਾਰ ਕੇ ਬੱਚਿਆਂ ਦੀ ਖੁਆਇਸ ਪੁਗਾਉਣ ਦੀ ਹਿੰਮਤ ਸਿਰਫ  ਰੱਬ ਦੀ ਇਸ ਕਾਢ ਵਿੱਚ ਹੈ। ਜਿਸ ਦਾ ਨਾਂ ਰੱਬ ਨੇ ਮਾਂ ਰੱਖ ਦਿੱਤਾ ਹੈ ।ਮਾਂ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ ਹੋਣ ।ਹਰ ਦੁੱਖ  ਨੂੰ ਆਪਣੇ ਪੱਲੇ ਵਿਚ ਲੁਕੋ ਕੇ ਰੱਖਣ ਦਾ ਜਜਬਾ ਰੱਖਣ ਵਾਲੀ  ਇਸ ਸਖਸੀਅਤ ਨੂੰ  ਕੋਟਿ ਕੋਟਿ  ਨਮਨ ।ਕਿਸੇ ਨੇ ਠੀਕ ਹੀ ਕਿਹਾ ਹੈ , ਕਿ ਰੱਬ ਹਰ ਜਗ੍ਹਾ ਪਹੁੰਚ ਨਹੀਂ ਸਕਦਾ ਇਸ ਲਈ ਉਸ ਨੇ  ਮਾਂ ਬਣਾਈ ਤਾਂ ਜੋ ਖੁਦਾ ਦੀ ਮੌਜੂਦਗੀ ਸਾਨੂੰ ਹਰ ਸਮੇਂ ਚੇਤੇ ਕਰਵਾਉਦੀ ਰਹੇ ।ਸੱਚੀ  ਗੱਲ  ਇਹ ਹੈ ,ਮਾਂ ਦੀ ਥਾਂ ਕੋਈ ਦੂਜਾ ਨਹੀਂ ਲੈ ਸਕਦਾ। ਜੇ ਕਿਸੇ ਨੇ ਪਿਆਰ ਤੇ ਅਨੰਦ  ਦੀ ਅਨੁਭੂਤੀ ਕਰਨੀ ਹੋਵੇ ਤਾਂ ਆਪਣੀ ਮਾਂ ਦੀ ਗੋਦੀ ਵਿਚ  ਬੈਠ ਕੇ ਇਸ ਸਬਦ ਦੀ ਖੋਜ ਕਰੋ। ਪਿਆਰ, ਦਇਆ, ਤਿਆਗ ਦੇ ਸੁਮੇਲ ਤੋਂ ਬਣਿਆ ਇਹ ਮਾਂ  ਸਬਦ ਸੱਚਮੁੱਚ ਕਿਸੇ ਜਾਦੂਗਰ ਤੋਂ ਘੱਟ ਨਹੀਂ ।

ਆਪਣੇ ਦੁੱਖਾਂ ਨੂੰ ਆਪਣੇ ਅੰਦਰ ਸਮੋ ਕੇ ਰੱਖਣ ਤੋਂ ਬਾਅਦ ਵੀ ਸਾਨੂੰ ਜਿ?ਦਗੀ ਜਿਊਣ ਦੀ ਜਾਂਚ  ਸਿਖਾਉਣ ਵਾਲਾ ਇਹ ਕਰਾਮਾਤੀ ਸਬਦ ਸਾਨੂੰ ਹੋਰ ਕਿਸੇ ਜਹਾਨ ਵਿਚੋਂ ਨਹੀਂ ਲੱਭਣਾ। ਕੁਦਰਤ ਦੀ ਇਸ ਵਡਮੁੱਲੀ ਦਾਤ ਨੂੰ ਉਸ ਦੇ ਇਸ ਖਾਸ ਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ

**ਸਰਵਜੀਤ ਕੌਰ ਪਨਾਗ**

# ਪਰਿਵਾਰ ਦੀ ਸਭ ਤੋਂ ਮਹੱਤਵਪੂਰਨ ਕੜੀ 'ਮਾਂ'



ਸਾਰੇ ਪਰਿਵਾਰ ਦੀਆਂ ਖਾਣ, ਪੀਣ, ਪਹਿਨਣ, ਆਰਾਮ ਤੇ ਮਨੋਰੰਜਨ ਵਰਗੀਆਂ ਜ਼ਰੂਰਤਾਂ ਪੂਰੀਆਂ ਕਰਦੀ ਮਾਂ ਦੀ ਵੀ ਕੋਈ ਜ਼ਰੂਰਤ ਹੈ, ਇਹ ਸਮਝਣ ਦੀ ਕੋਸ਼ਿਸ਼ ਕਦੇ ਕੋਈ ਨਹੀਂ ਕਰਦਾ। ਪਰਿਵਾਰ ਲਈ ਪੂਰੀ ਤਰ੍ਹਾਂ ਸਮਰਪਿਤ ਮਾਂ ਦੀ ਸਭ ਤੋਂ ਵੱਡੀ ਜ਼ਰੂਰਤ ਪਰਿਵਾਰ ਵੱਲੋਂ, ਬੱਚਿਆਂ ਵੱਲੋਂ ਮਿਲਣ ਵਾਲਾ ਪਿਆਰ ਤੇ ਸਨਮਾਨ ਹੈ। ਦੂਜੀ ਹੈ-ਪਰਿਵਾਰ ਦਾ ਆਪਸ ਵਿੱਚ ਪਿਆਰ ਤੇ ਵਿਸ਼ਵਾਸ। ਆਪਣੇ ਬੱਚਿਆਂ ਲਈ, ਪਰਿਵਾਰ ਲਈ ਕੰਮ ਕਰਦੀ, ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੀ ਕੋਈ ਵੀ ਮਾਂ ਸਾਰੀ ਉਮਰ ਨਾ ਥੱਕਦੀ ਹੈ ਅਤੇ ਨਾ ਹੀ ਅੱਕਦੀ ਹੈ ਪਰ ਇਹ ਸਭ ਕਰਦੀ ਹੋਈ ਉਹ ਬੱਚਿਆਂ ਉਪਰ ਆਪਣਾ ਪੂਰਾ ਹੱਕ ਸਮਝਦੀ ਹੈ। ਉਨ੍ਹਾਂ ਦੀ ਬੇਹਤਰੀ ਲਈ ਉਹ ਸਾਰੇ ਫ਼ੈਸਲੇ ਪੂਰਨ ਅਧਿਕਾਰ ਨਾਲ ਲੈਂਦੀ ਹੈ। ਬੱਚਿਆਂ ਦੀ ਅੱਲ੍ਹੜ ਅਵਸਥਾ ਤਕ ਤਾਂ ਸਭ ਠੀਕ ਚੱਲਦਾ ਹੈ। ਪਰਿਵਾਰ ਵਿੱਚ ਸਥਿੱਤੀ ਉਦੋਂ ਖਰਾਬ ਹੋਣ ਲਗਦੀ ਹੈ, ਜਦੋਂ ਬੱਚਿਆਂ ਦੀ ਆਪਣੀ ਮਰਜ਼ੀ ਮਜ਼ਬੂਤੀ ਫੜ੍ਹਨ ਲੱਗਦੀ ਹੈ। ਮੱਧਵਰਗੀ ਪਰਿਵਾਰਾਂ ਵਿੱਚ ਜਵਾਨ ਹੋ ਰਹੇ ਬੱਚਿਆਂ ਦੇ ਜ਼ਿਆਦਾਤਰ ਮਸਲੇ, ਮਿਲਣ ਵਾਲੀਆਂ ਸਹੂਲਤਾਂ ਅਤੇ ਆਜ਼ਾਦੀ ਨਾਲ ਸਬੰਧਤ ਹੀ ਹੁੰਦੇ ਹਨ। ਮਾਂ ਬਾਪ ਸਹੂਲਤਾਂ ਆਪਣੀ ਆਰਥਿਕ ਸਮਰੱਥਾ ਅਨੁਸਾਰ ਅਤੇ ਆਜ਼ਾਦੀ ਸਮਾਜਿਕ ਦਾਇਰੇ ਵਿੱਚ ਰਹਿ ਕੇ ਹੀ ਦੇ ਸਕਦੇ ਹਨ ਕਿਉਂਕਿ ਟੀ.ਵੀ. ਅਤੇ ਇੰਟਰਨੈੱਟ ਨੇ ਮਲਟੀ-ਨੈਸ਼ਨਲ ਕੰਪਨੀਆਂ ਦੀ ਚਕਾਚੌਂਧ ਹਰ ਘਰ ਵਿੱਚ ਪਹੁੰਚਾ ਦਿੱਤੀ ਹੈ, ਇਸ ਲਈ ਬੱਚਿਆਂ ਲਈ ਜਿੱਥੇ ਗੈਰ-ਜ਼ਰੂਰੀ ਚੀਜ਼ਾਂ ਤੇ ਜ਼ਰੂਰਤਾਂ ਵਿੱਚ ਫ਼ਰਕ ਕਰਨਾ ਮੁਸ਼ਕਲ ਹੋ ਗਿਆ ਹੈ, ਉਥੇ ਮਾਂ ਬਾਪ ਲਈ ਬੱਚਿਆਂ ਨੂੰ ਇਹ ਸਮਝਾ ਸਕਣਾ ਵੀ ਮੁਸ਼ਕਿਲ ਹੋ ਗਿਆ ਹੈ। ਜੋ ਚੀਜ਼ਾਂ ਮਾਂ ਬਾਪ ਨੂੰ ਫ਼ਜ਼ੂਲ ਖਰਚੀ ਲੱਗਦੀਆਂ ਹਨ ਉਹ ਬੱਚਿਆਂ ਲਈ ਜ਼ਰੂਰਤ ਬਣ ਗਈਆਂ ਹਨ। ਪਿਤਾ ਦੇ ਗੁੱਸੇ ਦਾ ਕਾਰਨ ਅਤੇ ਮਾਂ ਲਈ ਪਰੇਸ਼ਾਨੀ ਦਾ ਸਬੱਬ ਬਹੁਤੀ ਵਾਰ ਬੱਚਿਆਂ ਦੀਆਂ ਗ਼ੈਰ ਜ਼ਰੂਰੀ ਖਾਹਿਸ਼ਾਂ ਹੀ ਹੁੰਦੀਆਂ ਹਨ। ਪਿਤਾ ਕਿਉਂਕਿ ਵਿਹਾਰਕ ਹੈ ਇਸ ਲਈ ਉਸ ਵਿੱਚ ਇਰਾਦੇ ਦੀ ਮਜ਼ਬੂਤੀ ਵੀ ਹੈ। ਮਾਂ ਵੀ ਵਿਹਾਰਕ ਤਾਂ ਹੁੰਦੀ ਹੈ ਪਰ ਬੱਚਿਆਂ ਪ੍ਰਤੀ ਸਖ਼ਤ ਰਵੱਈਆ ਵਰਤਣਾ ਬਹੁਤੀ ਵਾਰੀ ਉਸ ਦੇ ਵੱਸ ਦਾ ਨਹੀਂ ਹੁੰਦਾ। ਉਸ ਦੀ ਮਮਤਾ ਉਸ ਦੀ ਕਮਜ਼ੋਰੀ ਵੀ ਹੈ ਅਤੇ ਸ਼ਕਤੀ ਵੀ। ਜਿੱਥੇ ਉਹ ਜਵਾਨ ਬੱਚਿਆਂ ਨੂੰ ਵੀ ਪੂਰੇ ਹੱਕ ਨਾਲ ਸਮਝਾਉਣ, ਝਿੜਕਣ ਤੇ ਉਨ੍ਹਾਂ ਦੀਆਂ ਖਾਹਿਸ਼ਾਂ ਪੂਰੀਆਂ ਕਰਨ ਵਿੱਚ ਮਜ਼ਬੂਤੀ ਦਿਖਾਉਂਦੀ ਹੈ, ਉਥੇ ਪਿਤਾ ਦੀ ਫਟਕਾਰ ਵਿੱਚ ਬੱਚਿਆਂ ਦੀ ਢਾਲ ਵੀ ਬਣ ਜਾਂਦੀ ਹੈ ਅਤੇ ਕਈ ਵਾਰ ਬੱਚਿਆਂ ਨੂੰ ਬੇਲੋੜੀ ਸ਼ਹਿ ਦੇਣ ਦਾ ਇਲਜ਼ਾਮ ਵੀ ਸਹਿੰਦੀ ਹੈ। ਪਿਤਾ ਅਤੇ ਬੱਚਿਆਂ ਦਰਮਿਆਨ ਸੰਤੁਲਨ ਬਣਾਈ ਰੱਖਣ ਦੀ ਕੋਸ਼ਿਸ਼ ਵਿੱਚ ਇੱਕ ਮਾਂ ਬੇਹਿਸਾਬ ਤਣਾਅ ਝੱਲਦੀ ਹੈ। ਮੌਜੂਦਾ ਸਮੇਂ ਵਿੱਚ ਆਪਣੇ ਆਪ ਵਿੱਚ ਗੁਆਚੇ ਬੱਚੇ ਮਾਂ ਦੇ ਰੁਤਬੇ ਅਤੇ ਸਥਿਤੀ ਵਿੱਚ ਫ਼ਰਕ ਸਮਝਣੋ ਅਸਮਰੱਥ ਨਜ਼ਰ ਆਉਂਦੇ ਹਨ। ਉਹ ਮਾਂ ਅਤੇ ਪਿਤਾ ਦੋਹਾਂ ਨੂੰ ਆਪਣੀਆਂ ਖਾਹਿਸ਼ਾਂ ਪੂਰੀਆਂ ਕਰਨ ਦਾ ਸਾਧਨ ਸਮਝਣ ਲੱਗ ਪਏ ਹਨ। ਸਾਰਾ ਦਿਨ ਪਰਿਵਾਰ ਦੀਆਂ ਜ਼ਰੂਰਤਾਂ ਲਈ ਸਾਧਨ ਜੁਟਾਉਂਦੇ ਪਿਤਾ ਅਤੇ ਖਾਣ-ਪੀਣ, ਪਹਿਨਣ ਦੇ ਫ਼ਿਕਰ ਵਿੱਚ ਲੱਗੀ ਮਾਂ ਲਈ ਬੱਚਿਆਂ ਦੇ ਦਿਲਾਂ ਵਿੱਚੋਂ ਹਮਦਰਦੀ ਘੱਟ ਤੇ ਫਰਮਾਇਸ਼ਾਂ ਵੱਧ ਨਿਕਲਦੀਆਂ ਹਨ। ਬੱਚੇ ਸੁਆਰਥੀ ਹੁੰਦੇ ਜਾ ਰਹੇ ਹਨ। ਦੁੱਖ ਤਾਂ ਉੱਥੇ ਹੁੰਦਾ ਹੈ ਜਿੱਥੇ ਬੱਚੇ ਪਿਤਾ ਨਾਲ ਘੱਟ ਪਰ ਮਾਂ ਨਾਲ ਅਕਸਰ ਹੀ ਦੁਰਵਿਹਾਰ ਕਰਦੇ ਨਜ਼ਰ ਆਉਂਦੇ ਹਨ। ਬੇਮੁਹਾਰ ਹੁੰਦੇ ਜਾ ਰਹੇ ਬੱਚਿਆਂ ਦੀ ਚਿੰਤਾ ਵਿੱਚ ਪਿਤਾ ਦਾ ਸੁਭਾਅ ਗੁੱਸੈਖ਼ੋਰ ਤੇ ਸਰੀਰ ਬੀਮਾਰੀਆਂ ਸਹੇੜ ਰਿਹਾ ਹੈ। ਮਾਂ ਪਰਿਵਾਰਕ ਅਸੰਤੁਲਨ ਤੋਂ ਪਰੇਸ਼ਾਨ ਤੇ ਬੇਬੱਸ ਹੁੰਦੀ ਜਾ ਰਹੀ ਹੈ। ਇਸ ਲਈ ਮਾਂ-ਬਾਪ ਦੋਹਾਂ ਨੂੰ ਆਪਸੀ ਸੂਝ-ਬੂਝ ਨਾਲ ਚੱਲਣਾ ਪਵੇਗਾ। ਇਹ ਕਿਸੇ ਇੱਕਲੇ ਜਣੇ ਦੀ ਜ਼ਿੰਮੇਵਾਰੀ ਨਹੀਂ ਹੈ। ਪਿਤਾ ਨੇ ਕਿਉਂਕਿ ਘਰ ਤੋਂ ਬਾਹਰ ਦੇ ਕੰਮ ਵੀ ਦੇਖਣੇ ਹਨ ਇਸ ਲਈ ਘਰ ਦੇ ਕੰਮਾਂ ਵਿੱਚ ਜ਼ਿਆਦਾ ਸਮਾਂ ਦੇਣਾ ਆਸਾਨ ਨਹੀਂ ਹੈ। ਇਸ ਤੋਂ ਇਲਾਵਾ ਪਿਤਾ ਚਾਹੇ ਕਿੰਨਾ ਵੀ ਸ਼ਾਂਤ ਸੁਭਾਅ ਵਾਲਾ ਹੋਵੇ, ਮਾਂ ਵਰਗਾ ਠਰੰਮ੍ਹਾ ਉਸ ਵਿੱਚ ਨਹੀਂ ਆ ਸਕਦਾ। ਇਸ ਲਈ ਇਹ ਜ਼ਿੰਮੇਵਾਰੀ ਵੀ ਮੁੱਖ ਤੌਰ 'ਤੇ ਮਾਂ ਦੀ ਹੀ ਬਣਦੀ ਹੈ। ਬੱਚਿਆਂ ਦੇ ਮਾਮਲੇ ਵਿੱਚ ਮਾਂ ਬਾਪ ਦੋਵੇਂ ਹੀ ਇਹ ਸਮਝ ਲੈਣ ਕਿ ਇਹ ਮਸਲੇ ਇੱਕ ਦੂਜੇ 'ਤੇ ਹਾਵੀ ਹੋ ਕੇ ਫ਼ੈਸਲੇ ਲੈਣ ਵਾਲੇ ਨਹੀਂ ਹੁੰਦੇ, ਨਾ ਹੀ ਇਸ ਵਿੱਚ ਕਿਸੇ ਤਰ੍ਹਾਂ ਦੀ ਹਉਮੈਂ ਨੂੰ ਆਉਣ ਦੇਣਾ ਚਾਹੀਦਾ ਹੈ। ਮਾਂ ਬਾਪ ਦੋਵੇਂ ਹੀ ਬੱਚਿਆਂ ਦਾ ਭਲਾ ਸੋਚਦੇ ਹਨ ਤੇ ਜ਼ਿੰਦਗੀ ਭਰ ਉਨ੍ਹਾਂ ਲਈ ਜੂਝਦੇ ਹਨ। ਇਸ ਵਿੱਚ ਕਿਸੇ ਦਾ ਯੋਗਦਾਨ ਵੱਧ ਜਾਂ ਘੱਟ ਨਹੀਂ ਹੁੰਦਾ ਪਰ ਕੁਦਰਤੀ ਤੌਰ 'ਤੇ ਮਾਂ ਤੇ ਬੱਚੇ ਦਾ ਸਬੰਧ ਕੁਝ ਅਜਿਹਾ ਹੁੰਦਾ ਹੈ ਕਿ ਉਹ ਬੱਚਿਆਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਦੀ ਹੈ। ਅਜਿਹੀ ਸਥਿਤੀ ਵਿੱਚ ਪਿਤਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਪਤਨੀ ਦਾ ਮਨੋਬਲ ਵਧਾਵੇ। ਉਸ 'ਤੇ ਵਿਸਵਾਸ ਰੱਖੇ। ਮਾਂ ਬੇਸ਼ੱਕ ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ ਉਸ ਵਿੱਚ ਬੱਚਿਆਂ ਨੂੰ ਸਮਝਾ ਸਕਣ ਦੀ ਸਮਰੱਥਾ ਹੁੰਦੀ ਹੀ ਹੈ। ਦਰਅਸਲ ਇੱਕ ਔਰਤ ਮਾਂ ਦੇ ਰੂਪ ਵਿੱਚ ਚਾਹੇ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ, ਪਤਨੀ ਦੇ ਰੂਪ ਵਿੱਚ ਉਹ ਕਮਜ਼ੋਰ ਹੀ ਹੁੰਦੀ ਹੈ। ਪਤੀ ਦਾ ਇਹ ਭਰੋਸਾ ਉਸ ਨੂੰ ਡੋਲਣ ਤੋਂ ਬਚਾਈ ਰੱਖੇਗਾ। ਇਸ ਤੋਂ ਇਲਾਵਾ ਪਤੀ-ਪਤਨੀ ਬੱਚਿਆਂ ਦੀਆਂ ਜ਼ਰੂਰਤਾਂ ਮਿਲ ਕੇ ਨਿਸ਼ਚਿਤ ਕਰਨ। ਇੱਕ ਦੂਜੇ ਤੋਂ ਛੁਪਾ ਕੇ ਬੱਚੇ ਦੀ ਕਦੀ ਕੋਈ ਜ਼ਰੂਰਤ ਪੂਰੀ ਨਾ ਕੀਤੀ ਜਾਵੇ। ਬੱਚਿਆਂ ਨੂੰ ਜ਼ਿੰਮੇਵਾਰ ਬਣਾਇਆ ਜਾਏ। ਇਹ ਅਹਿਸਾਸ ਬੱਚਿਆਂ ਨੂੰ ਸਮੇਂ-ਸਮੇਂ ਕਰਵਾਉਂਦੇ ਰਹਿਣਾ ਚਾਹੀਦਾ ਹੈ ਕਿ ਮਾਂ-ਬਾਪ ਜੋ ਕੁਝ ਉਨ੍ਹਾਂ ਲਈ ਕਰ ਰਹੇ ਹਨ, ਉਸ ਪਿੱਛੇ ਉਨ੍ਹਾਂ ਦਾ ਉਦੇਸ਼ ਸਿਰਫ਼ ਬੱਚਿਆਂ ਨੂੰ ਆਪਣੇ ਪੈਰਾਂ ਉਪਰ ਖੜ੍ਹਾ ਕਰਨ ਵਿੱਚ ਮਦਦ ਕਰਨਾ ਹੈ। ਆਪਣੀ ਮਮਤਾ ਦਾ ਕਮਜ਼ੋਰ ਪਹਿਲੂ ਬੱਚਿਆਂ 'ਤੇ ਉਜਾਗਰ ਨਾ ਹੋਣ ਦਿਓ ਬਲਕਿ ਆਪਣੇ ਫ਼ੈਸਲੇ ਮਜ਼ਬੂਤੀ ਨਾਲ ਲਵੋ। ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੇ ਨਾਲ-ਨਾਲ ਫ਼ਰਜ਼ਾਂ ਬਾਰੇ ਵੀ ਸੁਚੇਤ ਕਰੋ। ਮਾਂ ਹੀ ਇਹ ਸਭ ਕੰਮ ਕਰ ਸਕਦੀ ਹੈ। ਪਿਆਰ ਦੇ ਨਾਲ-ਨਾਲ ਅਨੁਸ਼ਾਸਨ ਦਾ ਆਪਣਾ ਮਹੱਤਵ ਹੈ। ਬੱਚਿਆਂ ਨੂੰ ਵੀ ਮਾਂ-ਬਾਪ ਦੀ ਸਥਿਤੀ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਬਹੁਤ ਵਾਰੀ ਬੱਚੇ ਪਿਤਾ ਦੀ ਸਖ਼ਤੀ ਦਾ ਬਦਲਾ ਮਾਂ 'ਤੇ ਗੁੱਸਾ ਕਰਕੇ ਉਤਾਰਦੇ ਹਨ। ਉਹ ਮਾਂ ਕੋਲੋਂ ਆਪਣੇ ਕੰਮ ਕਰਾਉਣੇ ਅਤੇ ਨਾ ਹੋਣ ਦੀ ਸੂਰਤ ਵਿੱਚ ਗੁੱਸਾ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਅਜਿਹੇ ਬੱਚਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪੈਦਾ ਕਰਕੇ, ਪਾਲ ਕੇ ਕਿਸੇ ਸਮਰੱਥ ਬਣਾ ਸਕਣ ਵਾਲੀ ਮਾਂ ਨਾ ਕਮਜ਼ੋਰ ਹੁੰਦੀ ਹੈ ਨਾ ਹੀ ਬੇਵੱਸ। ਮਾਂ ਹੀ ਹਰ ਪਰਿਵਾਰ ਦਾ ਧੁਰਾ ਹੁੰਦੀ ਹੈ। ਉਸ ਦੀ ਗੈਰ ਮੌਜੂਦਗੀ ਵਿੱਚ ਕੁਝ ਵੀ ਆਪਣੀ ਜਗ੍ਹਾ ਕਾਇਮ ਨਹੀਂ ਰਹਿੰਦਾ। ਨਾ ਘਰ ਦਾ ਮਾਹੌਲ, ਨਾ ਪਿਆਰ, ਨਾ ਰਿਸ਼ਤੇ। ਮਾਂ ਲਈ ਜਿੰਨਾ ਪਰਿਵਾਰ ਮਹੱਤਵਪੂਰਨ ਹੈ ਓਨੀਂ ਹੀ ਪਰਿਵਾਰ ਲਈ ਮਾਂ ਮਹੱਤਵਪੂਰਨ ਹੈ।

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ।ਜ਼ਰਾ ਦਿਲ 'ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥਪੁਣੇ ਦੇ ਅਜਿਹੇ ਦੌਰ 'ਚੋਂ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸ਼ਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀਂ ਲਾਉਂਦਾ। ਸਮਾਜ ਵਿੱਚ ਕਿੰਨੀਆਂ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸ਼ਿਕਾਰ ਹੋਈਆਂ ਬਿਰਧ ਆਸ਼ਰਮਾਂ ਵਿੱਚ ਦਿਨ ਕੱਟ ਰਹੀਆਂ ਹਨ। ਸਾਨੂੰ ਬਜ਼ੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਇ ਉਨ੍ਹਾਂ ਦੀ ਖ਼ੁਦ ਸੇਵਾ ਕਰਨੀ ਚਾਹੀਦੀ ਹੈ।

ਘਰ ਵਿੱਚ ਮਾਂ ਪ੍ਰਕਾਸ਼ ਵਾਂਗ ਹੁੰਦੀ ਹੈ, ਮਾਂ ਦੇ ਦਿੱਤੇ ਹੋਏ ਸੰਸਕਾਰ ਅਤੇ ਦੁਆਵਾਂ ਅਤੇ ਅਸੀਸਾਂ ਮਾਂ ਦੀ ਹਮੇਸ਼ਾਂ ਔਲਾਦ ਲਈ ਚਾਨਣ ਮੁਨਾਰਾ ਅਤੇ ਰਾਹ ਦਸੇਰਾ ਬਣਦੀਆਂ ਰਹਿੰਦੀਆਂ ਹਨ। ਮੈਂ ਹਮੇਸ਼ਾਂ ਮੰਨਦਾ ਹਾਂ ਕਿ ਮੈਂ ਖ਼ੁੱਦ ਮਾਂ ਦੇ ਦਿੱਤੇ ਸੰਸਕਾਰਾਂ ਦੀ ਬਦੌਲਤ ਅੱਜ ਇਕ ਸਕੂਲ ਟੀਚਰ ਵਿਚ ਪੜ੍ਹਉਣ ਦੇ ਕਾਬਿਲ ਬਣਿਆਂ ਹਾਂ, ਜਿੱਥੇ ਹਜ਼ਾਰਾਂ ਬੱਚੇ ਸਿੱਖਿਆ ਪ੍ਰਾਪਤ ਕਰਦੇ ਹਨ। ਅਸੀਂ ਆਪਣੇ ਸਕੂਲ ਵਿੱਚ ਵੀ ਹਮੇਸ਼ਾਂ ਬੱਚਿਆਂ ਨੂੰ ਆਪਣੇ ਮਾਪਿਆਂ ਦਾ ਮਾਣ ਸਤਿਕਾਰ ਕਰਨ ਦੇ ਲਈ ਪ੍ਰੇਰਣਾ ਦਿੰਦੇ ਹਾਂ। ਮੇਰਾ ਮੰਨਣਾ ਹੈ ਕਿ ਮਾਂ ਦੀ ਬਦੌਲਤ ਹੀ ਬੱਚੇ ਵੱਡੇ-ਵੱਡੇ ਮੁਕਾਮਾਂ 'ਤੇ ਫਤਹਿ ਹਾਸਲ ਕਰਦੇ ਹਨ।

**ਮਾਸਟਰ ਪ੍ਰੇਮ ਸਰੂਪ ਛਾਜਲੀ**
**ਜ਼ਿਲ੍ਹਾ ਸੰਗਰੂਰ**
9417134982

# ਇਕ ਲੰਬਾ ਇੰਤਜਾਰ

ਇਹ ਕਹਾਣੀ ਇਕ ਰੱਜੀ ਨਾਮ ਦੀ ਲੜਕੀ ਦੀ ਹੈ ।ਰੱਜੀ ਜਦੋਂ ੧ ਸਾਲ ਦੀ ਹੋਈ ਤਾਂ ਉਸ ਦੇ ਪਾਪਾ ਦੀ ਡੈਥ ਹੋ ਗਈ ।ਰੱਜੀ ਦੀ ਮਾਂ ਬਹੁਤ ਹੀ ਸ਼ਰੀਫ ਤੇ ਇਕ ਚੰਗੇ ਘਰਾਣੇ ਦੀ ਕੁੜੀ ਸੀ ।ਰੱਜੀ ਦੀ ਮਾਂ ਆਪਣੇ ਘਰਵਾਲੇ ਨੂੰ ਮਰੇ ਹੋਏ ਨੂੰ ਸਿਰਫ਼ ਇਹੀ ਪੁੱਛਦੀ ਸੀ, ਮੇਰਾ ਕੀ ਕਸੂਰ ਸੀ ਜੇ ਤੂੰ ਏਡਾ ਵੱਡਾ ਕਦਮ ਹੀ ਚੁੱਕਣਾ ਸੀ ।ਰੱਜੀ ਦੀ ਮਾਂ ਦਾ ਨਾਂ ਜੱਸੀ ਤੇ ਉਸ ਦੇ ਪਾਪਾਂ ਦਾ ਨਾਂ ਅਮਨ ਸੀ ।ਅਮਨ ਨੇ ਆਪਣੇ ਭਰਾ ਨਾਲ ਰੋਜ਼ ਦੀ ਲੜਾਈ ਤੋਂ ਤੰਗ ਆ ਕੇ ਸੁਸਾਇਡ ਕਰ ਲਿਆ ਸੀ ।ਅਮਨ ਦੀ ਲਾਸ਼ ਅਜੇ ਵਿਹੜੇ ਵਿਚ ਹੀ ਪਈ ਸੀ, ਤੇ ਅਮਨ ਦਾ ਭਰਾ ਜੱਸੀ ਉੱਪਰ ਚਾਦਰ ਪਾਉਣ ਦੀ ਕਾਹਲੀ ਕਰ ਰਿਹਾ ਸੀ ।ਸਾਰੇ ਰਿਸ਼ਤੇਦਾਰਾਂ ਦੇ ਸਮਝਾਉਣ ਤੇ ਲਾਸ਼ ਦਾ ਸਸਕਾਰ ਕਰ ਦਿੱਤਾ ਗਿਆ ।ਹਰ ਰੋਜ਼ ਅਮਨ ਦਾ ਭਰਾ ਜੱਸੀ ਨੂੰ ਤੰਗ ਕਰਦਾ ਸੀ ਕਹਿੰਦਾ ਸੀ, ਮੈਂ ਤੇਰੇ ਸਿਰ ਤੇ ਚਾਦਰ ਪਾ ਦਿੰਦਾ ਹਾਂ। ਤੂੰ ਸਾਰੀ ਜ਼ਮੀਨ ਮੇਰੀ ਨਾ ਕਰ ਦੇ ਮੈਂ ਤੇਰੀ ਕੁੜੀ ਨੂੰ ਸਾਂਭ ਲਵਾਂਗਾ ।ਮੈਂ ਤੇਰੀ ਕੁੜੀ ਨੂੰ ਪਿਉ ਵਾਲਾ ਪਿਆਰ ਦੇਵਾਂਗਾ ।ਪਰ ਜੱਸੀ ਇਕ ਗੱਲ ਤੇ ਅੜੀ ਹੋਈ ਸੀ ਮੈਂ ਚਾਦਰ ਨਹੀਂ ਪਾਉਣੀ ਮੈਂ ਆਪਣੀ ਕੁੜੀ ਨੂੰ ਇੱਥੇ ਹੀ ਰਹਿ ਕੇ ਪਾਲਾਂਗੀ, ਮੈਂ ਸਾਰੀ ਜ਼ਮੀਨ ਆਪਣੀ ਕੁੜੀ ਦੇ ਨਾਮ ਕਰਵਾ ਦੇਵਾਂਗੀ। ਮੈਂ ਇੱਥੇ ਬੈਠ ਕੇ ਆਪਣੇ ਸੱਸ ਸਹੁਰੇ ਦੀ ਸੇਵਾ ਕਰਾਂਗੀ ।ਪਰ ਅਮਨ ਦਾ ਭਰਾ ਇੱਕ ਗੱਲ ਤੇ ਅੜਿਆ ਹੋਇਆ ਸੀ ਤੂੰ ਜ਼ਮੀਨ ਮੇਰੇ ਨਾਂ ਕਰਵਾਦੇ ,ਜ਼ਮੀਨ ਮੇਰੇ ਨਾਂ ਨਹੀਂ ਕਰਵਾਉਣਗੇ ਇੱਥੋਂ ਚਲੀ ਜਾ ।ਭੋਗ ਵਾਲੇ ਦਿਨ ਵੀ ਆ ਗਿਆ ।ਅਮਨ ਦੇ ਸਾਰੇ ਰਿਸ਼ਤੇਦਾਰਾਂ ਨੂੰ ਦਬਾਅ ਪਾਇਆ ਕਿ ਅੱਜ ਭੋਗ ਵਾਲੇ ਦਿਨ ਮੇਰੇ ਸਿਰ ਤੇ ਪੱਗ ਬੰਨ੍ਹੀ ਜਾਵੇ ।ਤੇ ਮੈਂ ਇਸ ਦੇ ਉੱਤੇ ਚਾਦਰ ਪਾ ਦਿੰਦਾ ਹਾਂ ।ਪਰ ਜੱਸੀ ਕਿਸੇ ਵੀ ਹਾਲਤ ਵਿਚ ਮੰਨਣ ਨੂੰ ਤਿਆਰ ਨਹੀਂ ਸੀ ।ਭੋਗ ਤੋਂ ਬਾਅਦ ਵੀ ਰੋਜ਼ ਦਾ ਕਲੇਸ਼ ਰਹਿਣ ਲੱਗ ਪਿਆ। ਜੱਸੀ ਦੇ ਸੱਸ ਸਹੁਰੇ ਨੇ ਵੀ ਆਪਣੇ ਪੁੱਤ ਦੇ ਦਬਾਅ ਥੱਲੇ ਆ ਕੇ ਜੱਸੀ ਨੂੰ ਕਹਿ ਦਿੱਤਾ ਨਹੀਂ ਤਾਂ ਪੁੱਤ ਦੇ ਘਰ ਬੈਠ ਜਾ, ਤੇ ਨਹੀਂ ਤੂੰ ਇੱਥੋਂ ਘਰ ਛੱਡ ਕੇ ਚਲੀ ਜਾ ।ਜੱਸੀ ਦੀ ਜਠਾਣੀ ਵੀ ਜ਼ਮੀਨ ਦੇ ਲਾਲਚ ਵਿੱਚ ਸੀ ।ਉਨ੍ਹਾਂ ਸਾਰਿਆਂ ਨੂੰ ਡਰ ਸੀ ਕਿ ਜੇ ਜੱਸੀ ਕੁੜੀ ਨੂੰ ਲੈ ਕੇ ਇੱਥੋਂ ਚਲੀ ਗਈ ਤਾਂ ਸਾਰੀ ਜ਼ਮੀਨ ਕੁੜੀ ਦੇ ਨਾਂ ਹੀ ਲੱਗ ਜਾਵੇਗੀ ।ਤੇ ਸਾਡੇ ਕੋਲੋਂ ਜ਼ਮੀਨ ਚਲੀ ਜਾਵੇਗੀ ।ਰੋਜ਼ ਦੀਆਂ ਪੰਚਾਇਤਾਂ ਇਕੱਠੀਆਂ ਹੋਣ ਲੱਗ ਪਈਆਂ ਇੱਕ ਦਿਨ ਫਿਰ ਫੈਸਲਾ ਹੋਇਆ ਕਿ ਜੱਸੀ ਦੀ ਕੁੜੀ ਇਹ ਹੀ ਰੱਖਣਗੇ ਤੇ ਜੱਸੀ ਨੂੰ ਇੱਥੋਂ ਜਾਣ ਲਈ ਕਹਿ ਦਿੱਤਾ ਗਿਆ ।ਜੱਸੀ ਦੇ ਮਾਂ ਪਿਓ ਵੀ ਕਮਜ਼ੋਰ ਸਨ। ਉਹ ਕਹਿੰਦੇ ਜੇ ਅਸੀਂ ਕੁੜੀ ਨੂੰ ਨਾਲ ਲੈ ਗਏ ਤਾਂ ਇਸ ਨੂੰ ਕੌਣ ਪਾਲੂੰਗਾ, ਸਾਡੀ ਕੁੜੀ ਦਾ ਵਿਆਹ ਕਿਵੇਂ ਹੋਵੇਗਾ । ਜੱਸੀ ਨੂੰ ਸਾਰੀ ਉਮਰ ਕਿਵੇਂ ਅਸੀਂ ਘਰ ਚ ਬਿਠਾਵਾਂਗੇ ।ਲੋਕ ਗੱਲਾਂ ਕਰਨਗੇ ।ਜੱਸੀ ਕੁੜੀ ਨੂੰ ਛੱਡ ਕੇ ਜਾਣਾ ਨਹੀਂ ਸੀ ਚਾਹੁੰਦੀ, ਨਾ ਹੀ ਉਹ ਘਰ ਛੱਡ ਕੇ ਜਾਣਾ ਚਾਹੁੰਦੀ ਸੀ। ਜੱਸੀ ਨੇ ਸਭ ਦੀਆਂ ਬਹੁਤ ਮਿੰਨਤਾਂ ਕੀਤੀਆਂ ਪਰ ਉਸ ਦੀ ਇੱਕ ਵੀ ਨਾ ਚੱਲੀ ।ਆਖ਼ਰਕਾਰ ਜੱਸੀ ਦੇ ਪੇਕੇ ਉਸ ਦਾ ਸਾਮਾਨ ਤੇ ਜੱਸੀ ਨੂੰ ਲੈ ਕੇ ਚਲੇ ਗਏ ,ਤੇ ਉਸ ਦੀ ਕੁੜੀ ਏਥੇ ਹੀ ਰਹਿ ਗਈ ।ਜੱਸੀ ਦਾ ਵਿਆਹ ਹੋਰ ਕਿਤੇ ਕਰ ਦਿੱਤਾ ਗਿਆ ,ਪਰ ਜੱਸੀ ਘਰੋਂ ਜਾਂਦੀ ਵੀ ਬਹੁਤ ਰੋਈ ਸੀ ।ਇਕ ਪਾਸੇ ਕੁੜੀ ਰੋ ਰਹੀ ਸੀ ਦੂਜੇ ਪਾਸੇ ਜੱਸੀ ਰੋ ਰਹੀ ਸੀ, ਕੁੜੀ ਨੂੰ ਉਸ ਦੀ ਜਠਾਣੀ ਅੰਦਰ ਲੈ ਗਈ ।ਸਾਰੀ ਜ਼ਮੀਨ ਕੁੜੀ ਦੇ ਨਾਂ ਕਰਵਾ ਦਿੱਤੀ ਗਈ ।ਜੱਸੀ ਦੇ ਅੱਗੇ ਜਾ ਕੇ ਵੀ ਦੋ ਕੁਡੀਆਂ ਹੋ ਗਈਆਂ ,ਪਰ ਉਸ ਨੂੰ ਆਪਣੀ ਕਿਸਮਤ ਬਦਲਦੀ ਨਾ ਦਿਸੀ ।ਜੱਸੀ ਦੀ ਕੁੜੀ ਨੂੰ ਵੀ ਜੱਸੀ ਦੇ ਜੇਠ ਤੇ ਜਠਾਣੀ ਨੇ ਜੱਸੀ ਦੇ ਵਿਰੁੱਧ ਬਹੁਤ ਜ਼ਿਆਦਾ ਕਰ ਦਿੱਤਾ। ਅੱਜ ਉਹ ਕੁੜੀ ਆਪਣੀ ਮਾਂ ਨੂੰ ਦੇਖਣਾ ਵੀ ਨਹੀਂ ਚਾਹੁੰਦੀ। ਜੱਸੀ ਹਾਲੇ ਵੀ ਆਪਣੀ ਉਸ ਕੁੜੀ ਨੂੰ ਬਹੁਤ ਯਾਦ ਕਰਦੀ ਹੈ ।ਪਰ ਰੱਜੀ ਹਮੇਸ਼ਾਂ ਆਪਣੀ ਮਾਂ ਨੂੰ ਹੀ ਗਲਤ ਸਮਝਦੀ ਹੈ ।ਉਸ ਨੂੰ ਛੋਟੇ ਹੁੰਦਿਆਂ ਤੋਂ ਹੀ ਆਪਣੀ ਮਾਂ ਦੇ ਵਿਰੁੱਧ ਕੰਨ ਭਰੇ ਜਾਂਦੇ ਸਨ ।ਰੱਜੀ ਦਿਲ ਵਿੱਚ ਇਹ ਉਸ ਦੀ ਮਾਂ ਲਈ ਬਹੁਤ ਜ਼ਿਆਦਾ ਨਫਰਤ ਭਰ ਦਿੱਤੀ ਗਈ ।ਇੱਕ ਜ਼ਮੀਨ ਦੇ ਲਾਲਚ ਨੇ ਇਕ ਪੂਰੇ ਦੇ ਪੂਰਾ ਪਰਿਵਾਰ ਹੀ ਉਜਾੜ ਕੇ ਰੱਖ ਦਿੱਤਾ। ਉਸ ਬੱਚੀ ਦਾ ਕੀ ਕਸੂਰ ਸੀ ਜੋ ਇਸ ਦੁਨੀਆਂ ਵਿਚ ਆਈ ਸੀ ।ਉਸ ਮਾਂ ਦਾ ਕੀ ਕਸੂਰ ਸੀ ਜੋ ਕਿ ਨੌਕਰ ਬਣ ਕੇ ਵੀ ਉਸ ਘਰ ਵਿੱਚ ਰਹਿਣਾ ਚਾਹੁੰਦੀ ਸੀ ।ਇਕ ਜ਼ਮੀਨ ਨੇ ਕਿੰਨੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ।ਅੱਜ ਰੱਜੀ ਵੀ ਜ਼ਵਾਨ ਹੋ ਚੁੱਕੀ ਹੈ। ਪਰ ਆਪਣੀ ਮਾਂ ਨੂੰ ਨਫਰਤ ਅੱਜ ਵੀ ਉਹ ਬਹੁਤ ਜ਼ਿਆਦਾ ਕਰਦੀ ਹੈ ।ਇੱਕ ਜ਼ਮੀਨ ਦੇ ਟੁਕੜੇ ਨੇ ਕਿੰਨਿਆਂ ਦੇ ਦਿਲ ਵਿਚ ਨਫਰਤ ਦੇ ਬੀਜ ਬੀਜੇ ।ਇੱਕ ਲੰਬਾ ਇੰਤਜਾਰ ਕੀ ਮਾਵਾਂ ਧੀਆਂ ਕਦੇ ਮਿਲ ਸਕਣਗੀਆਂ।

**ਦਵਿੰਦਰ ਖ਼ੁਸ਼ ਧਾਲੀਵਾਲ**
8847227740



# ਮਨਰੇਗਾ ਮਜ਼ਦੂਰਾਂ ਦੀ ਸਥਿਤੀ



ਡਿਗਰੀਆਂ ਚੁੱਕੀ ਫਿਰਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਬਾਰੇ ਪੱਲਾ ਝਾੜਦੀਆਂ ਸਰਕਾਰਾਂ ਬਾਰੇ ਤਾਂ ਸਭ ਨੂੰ ਪਤਾ ਹੀ ਹੈ। ਕੇਂਦਰ ਸਰਕਾਰ ਨੌਜਵਾਨਾਂ ਨੂੰ ਪਕੌੜੇ ਤਲਣ ਦੀਆਂ ਸਲਾਹਾਂ ਦੇ ਰਹੀ ਹੈ। ਦੇਸ਼ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਗਿਣਤੀ 25 ਕਰੋੜ ਤੋਂ ਵਧ ਚੁੱਕੀ ਹੈ। ਮੋਦੀ ਸਰਕਾਰ ਨੌਕਰੀਆਂ ਵਿੱਚ ਹਰ ਰੋਜ਼ ਕਟੌਤੀਆਂ ਕਰ ਰਹੀ ਹੈ, ਤਾਜਾ ਅੰਕੜਿਆਂ ਅਨੁਸਾਰ ਸਾਲ 2018 ਵਿੱਚ 1 ਕਰੋੜ 10 ਲੱਖ ਨੌਕਰੀਆਂ ਖਤਮ ਹੋਈਆਂ ਹਨ। ਰੁਜ਼ਗਾਰ ਦੇਣ ਦੀ ਬਜਾਏ ਪਹਿਲਾਂ ਦਿੱਤਾ ਗਿਆ ਰੁਜ਼ਗਾਰ ਵੀ ਖੋਹਿਆ ਜਾ ਰਿਹਾ ਹੈ। ਇਸੇ ਤਰ੍ਹਾਂ ਮਗਨਰੇਗਾ ਯੋਜਨਾ, ਜੋ ਸਾਲ 2005 ਵਿੱਚ ਚਲਾਈ ਗਈ ਸੀ ਤੇ ਜਿਸ ਤਹਿਤ ਕਿ ਹਰ ਪਰਿਵਾਰ ਨੂੰ ਇੱਕ ਸਾਲ ਵਿੱਚ 100 ਦਿਨ ਰੁਜ਼ਗਾਰ ਦੇਣ ਦੀ ਗਰੰਟੀ ਦਿੱਤੀ ਗਈ ਸੀ, ਉਹ ਵੀ ਪੂਰੀ ਤਰ੍ਹਾਂ ਅਸਫਲ ਸਾਬਤ ਹੋ ਰਹੀ ਹੈ। ਬਹੁਤ ਜ਼ਿਆਦਾ ਗਿਣਤੀ ਵਿੱਚ ਲੋਕ ਇਸ ਯੋਜਨਾ ਤਹਿਤ ਕੰਮ ਹੀ ਨਹੀਂ ਕਰਨਾ ਚਾਹੁੰਦੇ ਕਿਉਂਕਿ ਇੰਨੀ ਮਹਿੰਗਾਈ ਵਿੱਚ ਉਜਰਤ ਬਹੁਤ ਘੱਟ ਮਿਲ਼ਦੀ ਹੈ, ਦੂਸਰਾ ਇਸ ਯੋਜਨਾ ਤਹਿਤ ਜੋ ਲੋਕ ਕੰਮ ਕਰ ਰਹੇ ਹਨ ਉਹਨਾਂ ਦਾ ਕਰੋੜਾਂ ਰੁਪਏ ਦਾ ਬਕਾਇਆ ਖੜਿਆ ਹੈ। ਲੋਕਾਂ ਨੂੰ ਇਹ ਡਰ ਲੱਗਿਆ ਰਹਿੰਦਾ ਹੈ ਕਿ ਸਾਡੀ ਮਿਹਨਤ ਦੇ ਪੈਸੇ ਆਉਣਗੇ ਕਿ ਨਹੀਂ। ਗਰੀਬ ਲੋਕ ਮਹਿੰਗਾਈ ਦੇ ਸਮੇਂ ਵਿੱਚ ਪੈਸਾ ਜੋੜਨ ਬਾਰੇ ਸੋਚ ਵੀ ਨਹੀਂ ਸਕਦੇ ਉਹਨਾਂ ਨੇ ਜੋ ਕਮਾਇਆ ਉਹੀ ਖਰਚ ਦੇਣਾ ਹੈ ਇਸ ਲਈ ਬਹੁਤੇ ਲੋਕ ਇਸ ਕੰਮ ਨਾਲ਼ੋਂ ਬਾਹਰੀ ਕੰਮ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਪਿੰਡਾਂ ਦੀਆਂ ਔਰਤਾਂ ਲਈ ਇਹ ਕੰਮ ਕੁੱਝ ਹੱਦ ਤੱਕ ਫਾਇਦੇਮੰਦ ਹੈ ਕਿਉਂਕਿ ਉਹਨਾਂ ਪਿੰਡ ਵਿੱਚ ਹੀ ਕੰਮ ਕਰਨਾ ਹੁੰਦਾ ਹੈ ਪਰ ਉਹ ਵੀ ਹੁਣ ਇਸ ਕੰਮ ਨੂੰ ਤਰਜੀਹ ਦੇਣੋ ਹਟ ਗਈਆਂ ਹਨ ਕਿਉਂਕਿ ਮਗਨਰੇਗਾ ਦਾ ਪੈਸਾ ਲੈਣ ਲਈ ਬੈਂਕਾਂ, ਪਿੰਡ ਦੇ ਸਰਪੰਚਾਂ ਦੇ ਗੇੜੇ ਲਾਉਣੇ ਪੈਂਦੇ ਹਨ। ਜਿੱਥੇ ਇਹਨਾਂ ਨੂੰ ਜਿਸ ਦਿਨ ਕੰਮ ਮਿਲ਼ਦਾ ਹੈ ਤਾਂ ਸ਼ਾਮ ਨੂੰ ਦਿਹਾੜੀ ਮਿਲ਼ ਜਾਂਦੀ ਹੈ, ਜਿਸ ਤੋਂ ਕਿ ਘਰ ਦਾ ਖਰਚ ਚੱਲਦਾ ਹੈ ਤੇ ਦੂਜੇ ਪਾਸੇ ਨਰੇਗਾ ਤਹਿਤ ਕਈ ਕਈ ਮਹੀਨੇ ਬਕਾਇਆ ਖੜ੍ਹਾ ਰਹਿੰਦਾ ਹੈ। ਇਸ ਤੋਂ ਬਾਅਦ ਵੀ ਕੋਈ ਗਰੰਟੀ ਨਹੀਂ ਕਿ ਪੈਸਾ ਉਹਨਾਂ ਕੋਲ ਆਵੇਗਾ।

ਇਕੱਲੇ ਪੰਜਾਬ ਵਿੱਚ ਨਰੇਗਾ ਮਜ਼ਦੂਰਾਂ ਦਾ ਬਕਾਇਆ 425.16 ਕਰੋੜ ਰੁਪਏ ਖੜ੍ਹਾ ਹੈ। 2016-2017 ਵਿੱਚ ਹੀ ਇਸ ਵਿੱਚ 294 ਕਰੋੜ ਆਣ ਜੁੜਿਆ ਸੀ। ਕਹਿਣ ਨੂੰ ਤਾਂ ਇਹ ਯੋਜਨਾ ਭਾਰਤ ਵਿੱਚ ਗਰੀਬ, ਬੇਰੁਜ਼ਗਾਰ, ਪੇਂਡੂ ਅਤੇ ਪਛੜੇ ਬਾਲਗ ਕਾਮਿਆਂ ਨੂੰ 100 ਦਿਨਾਂ ਗਰੰਟੀ ਸ਼ੁਦਾ ਕੰਮ ਦੇਣ ਲਈ ਬਣਾਈ ਗਈ ਸੀ ਤਾਂ ਕਿ ਗਰੀਬ ਲੋਕਾਂ ਦੀ ਰੋਟੀ ਦਾ ਢੁੱਕਵਾਂ ਪ੍ਰਬੰਧ ਹੋ ਸਕੇ ਪਰ ਸੱਚਾਈ ਇਸ ਦੇ ਉਲਟ ਹੈ। ਇਸ ਤਹਿਤ ਅਲੱਗ-ਅਲੱਗ ਰਾਜਾਂ ਵਿੱਚ ਲੱਗਭੱਗ 15 ਦਿਨ ਤੋਂ ਵੱਧ ਕੰਮ ਨਹੀਂ ਮਿਲ਼ਿਆ। ਪੰਜਾਬ ਵਿੱਚ ਮਜ਼ਦੂਰਾਂ ਨੂੰ ਸਲਾਨਾ 100 ਵਿੱਚੋਂ 11 ਦਿਨ ਹੀ ਕੰਮ ਮਿਲ਼ ਰਿਹਾ ਹੈ, ਛੱਤੀਸਗੜ੍ਹ ਵਿੱਚ ਜਿੱਥੇ ਇਹ ਗਰੰਟੀ 150 ਤੋਂ 200 ਦਿਨ ਹੈ ਉੱਥੇ ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ਼ 2015-16 ਵਿੱਚ 47 ਦਿਨ ਹੀ ਰੁਜ਼ਗਾਰ ਮਿਲ਼ਿਆ, 2016-17 ਵਿੱਚ 42 ਦਿਨ ਅਤੇ 2017-18 ਵਿੱਚ 52 ਦਿਨ ਹੀ ਰੁਜ਼ਗਾਰ ਮਿਲ਼ਿਆ ਹੈ ਬਾਕੀ ਰਾਜਾਂ ਵਿੱਚ ਕੋਈ ਹਾਲਤ ਬਹੁਤੀ ਚੰਗੀ ਨਹੀਂ ਹੈ।

ਕੇਂਦਰੀ ਦਿਹਾਤੀ ਵਿਕਾਸ ਮੰਤਰਾਲੇ ਵੱਲੋਂ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ ਤਹਿਤ ਮਜ਼ਦੂਰਾਂ ਦੇ ਦਿਹਾੜੀ ਪੱਤਰ (ਜੌਬ ਕਾਰਡ) ਦੀ ਜਾਂਚ ਕੀਤੀ ਗਈ ਜਿਸ ਤੋਂ ਇਹ ਖੁਲਾਸਾ ਹੋਇਆ ਕਿ ਇਕੱਲੇ ਪੰਜਾਬ ਵਿੱਚ ਹੀ 56 ਹਜ਼ਾਰ ਪੱਤਰ ਜਾਅਲੀ ਚੱਲ ਰਹੇ ਹਨ। ਇਹਨਾਂ ਜਾਅਲੀ ਪੱਤਰਾਂ ਦਾ ਪੈਸਾ ਕਿੰਨਾ ਦੀਆਂ ਜੇਬਾਂ ਵਿੱਚ ਜਾਂਦਾ ਹੋਵੇਗਾ ਇਹ ਦੱਸਣ ਦੀ ਲੋੜ ਹੀ ਨਹੀਂ ? ਸਾਲ 2016-17 ਦੌਰਾਨ ਹੀ ਪੰਜਾਬ ਵਿੱਚ 8,028 ਜਾਅਲੀ ਪੱਤਰ ਬਣਾਏ ਗਏ ਸਨ, ਇਸੇ ਤਰ੍ਹਾਂ ਹਰਿਆਣਾ ਵਿੱਚ ਵੀ 32,362 ਪੱਤਰ ਜਾਅਲੀ ਚੱਲ ਰਹੇ ਸਨ। ਇਹਨਾਂ ਦਾ ਖੁਲਾਸਾ ਹੋਣ 'ਤੇ ਇਹਨਾਂ ਪੱਤਰਾਂ ਨੂੰ ਬੰਦ ਕਰ ਦਿੱਤਾ ਸੀ, ਜਾਂਚ ਦੌਰਾਨ ਪਤਾ ਲੱਗਿਆ ਕਿ ਇਹਨਾਂ ਪੱਤਰਾਂ ਵਿੱਚ ਬਹੁਗਿਣਤੀ ਮਰੇ ਹੋਏ ਸਨ। ਇਸੇ ਤਰ੍ਹਾਂ ਹੋਰ ਸੂਬਿਆਂ ਵਿੱਚ ਵੀ ਇਹ ਪੱਤਰ ਨਿੱਕਲੇ ਸਨ ਜਿਹਨਾਂ ਦੀ ਹਾਜ਼ਰੀ ਲਗਾ ਕੇ ਸਬੰਧਿਤ ਅਧਿਕਾਰੀ ਅਤੇ ਸਰਕਾਰਾਂ ਲੋਕਾਂ ਦਾ ਕਰੋੜਾਂ ਰੁਪਇਆ ਨਿਗਲ ਰਹੇ ਸਨ।

ਮਗਨਰੇਗਾ ਮਜ਼ਦੂਰਾਂ ਨੂੰ ਮਿਲ਼ਣ ਵਾਲ਼ੀ ਉਜਰਤ ਵੀ ਬਹੁਤ ਘੱਟ ਹੈ, ਸ਼ੁਰੂ ਵਿੱਚ ਇੱਕ ਦਿਨ ਦੀ ਦਿਹਾੜੀ 73 ਰੁਪਏ ਸੀ ਜੋ ਕਿ 2009-2010 ਵਿੱਚ ਵਧਾ ਕੇ 90 ਰੁਪਏ, 2011-12 ਵਿੱਚ 117 ਰੁਪਏ ਅਤੇ ਸਾਲ 2017-18 ਵਿੱਚ ਇਹ ਦਿਹਾੜੀ 233 ਰੁਪਏ ਕਰ ਦਿੱਤੀ ਗਈ ਸੀ, ਅੱਜ ਦੇ ਮਹਿੰਗਾਈ ਸਮੇਂ 250 ਵਿੱਚ ਵੀ ਇਕ ਪਰਿਵਾਰ ਦਾ ਢਿੱਡ ਭਰਨਾ ਮੁਸ਼ਕਿਲ ਹੈ। ਇਕ ਮਜ਼ਦੂਰ ਨੂੰ ਜਿੰਨਾਂ ਉਹ ਕੰਮ ਕਰਦਾ ਹੈ ਓਨੀ ਉਜਰਤ ਹੀ ਨਹੀਂ ਮਿਲ਼ਦੀ।

ਜੇ ਬਜਟ ਦੀ ਗੱਲ ਕਰਨੀ ਹੋਵੇ ਤਾਂ ਜਦੋਂ ਤੋਂ ਇਹ ਯੋਜਨਾ ਸ਼ੁਰੂ ਹੋਈ ਹੈ ਇਸ ਦਾ ਬਜਟ ਹਰ ਸਾਲ ਘਟਦਾ ਆਇਆ ਹੈ। ਜਦੋਂ ਦੀ ਭਾਜਪਾ ਸਰਕਾਰ

**ਦਵਿੰਦਰ ਖੁਸ਼ ਧਾਲੀਵਾਲ**
**8847227740**

ਆਈ ਹੈ ਇਸ ਦੇ ਬਜਟ ਵਿੱਚ ਭਾਰੀ ਘਾਟਾ ਹੋਇਆ ਹੈ। ਸ਼ੁਰੂ ਵਿੱਚ ਇਸ ਦਾ ਬਜਟ 52,000 ਕਰੋੜ ਸੀ ਜੋ ਹੁਣ ਘਟਦਾ-ਘਟਦਾ 36,500 ਕਰੋੜ 'ਤੇ ਆ ਗਿਆ ਹੈ। ਇਸ ਤੋਂ ਬਿਨ੍ਹਾਂ ਇਸ ਬਜਟ ਦਾ ਅੱਧਾ ਹਿੱਸਾ ਵੀ ਨਹੀਂ ਖਰਚ ਕੀਤਾ ਜਾਂਦਾ। ਸਾਲ 2011 ਵਿੱਚ ਇਸ ਲਈ 47,934 ਕਰੋੜ ਰੁਪਏ ਰੱਖੇ ਗਏ ਸਨ ਪਰ ਇਸ ਚੋਂ 37,657 ਕਰੋੜ ਹੀ ਖਰਚ ਹੋਇਆ ਸੀ, ਇਸੇ ਤਰ੍ਹਾਂ ਪੰਜਾਬ ਵਿੱਚ ਵੀ 600 ਕਰੋੜ ਰੁਪਏ ਸਲਾਨਾ ਰੱਖੇ ਜਾਂਦੇ ਹਨ ਜਿਸ 'ਚੋਂ ਅੱਧ ਵੀ ਖਰਚ ਨਹੀਂ ਕੀਤਾ ਜਾਂਦਾ।

ਇਸ ਤਰ੍ਹਾਂ ਲੋਕ ਭਲਾਈ ਦੇ ਦਾਅਵੇ ਕਰਨ ਵਾਲ਼ੀਆਂ ਬਾਕੀ ਯੋਜਨਾਵਾਂ ਦੀ ਤਰ੍ਹਾਂ ਇਹ ਯੋਜਨਾ ਵੀ ਮਜ਼ਦੂਰਾਂ ਦੀ ਭਲਾਈ ਕਰਨ 'ਚ ਅਸਫਲ ਸਾਬਿਤ ਹੋ ਰਹੀ ਹੈ। ਅਸਲ ਵਿੱਚ ਮਗਨਰੇਗਾ ਯੋਜਨਾ ਸ਼ੁਰੂ ਕਰਨ ਦਾ ਸਰਮਾਏਦਾਰਾਂ ਦੀਆਂ ਸਰਕਾਰਾਂ ਦਾ ਮਕਸਦ ਮਜਦੂਰਾਂ ਨੂੰ ਚੰਗਾ ਰੁਜ਼ਗਾਰ ਦੇਕੇ ਉਹਨਾਂ ਦਾ ਜੀਵਨ ਬਿਹਤਰ ਬਣਾਉਣਾ ਕਦੇ ਵੀ ਨਹੀਂ ਸੀ। ਇਸਨੂੰ ਸ਼ੁਰੂ ਕਰਨ ਪਿਛਲਾ ਅਸਲ ਕਾਰਨ ਇਹ ਸੀ ਕਿ ਭਾਰਤ ਵਿੱਚ ਹੋਏ ਸਰਮਾਏਦਾਰਾ ਵਿਕਾਸ ਕਾਰਨ ਸਮਾਜ ਵਿੱਚ ਅਮੀਰ ਤੇ ਗਰੀਬ ਦਾ ਧਰੁਵੀਕਰਨ ਵਧ ਰਿਹਾ ਹੈ। 1991 ਤੋਂ ਸ਼ੁਰੂ ਕੀਤੀਆਂ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਮਗਰੋਂ ਇਹ ਧਰੁਵੀਕਰਨ ਹੋਰ ਤੇਜ ਹੋਇਆ ਹੈ। ਛੋਟੇ ਮਾਲਕਾਂ, ਕਿਸਾਨਾਂ, ਕਾਰੋਬਾਰੀਆਂ ਆਦਿ ਦਾ ਇੱਕ ਵੱਡਾ ਹਿੱਸਾ ਲਗਾਤਾਰ ਉੱਜੜ ਕੇ ਮਜ਼ਦੂਰਾਂ ਦੀਆਂ ਸਫਾਂ 'ਚ ਰਲ ਰਿਹਾ ਹੈ। ਤੇਜੀ ਨਾਲ਼ ਵਧ ਰਹੀ ਮਜ਼ਦੂਰ ਅਬਾਦੀ ਨੇ ਪਿੰਡਾਂ 'ਚ ਰੁਜ਼ਗਾਰ ਨਾ ਹੋਣ ਕਾਰਨ ਸ਼ਹਿਰ ਵੱਲ ਚਾਲੇ ਤੇਜ ਕਰ ਦਿੱਤੇ। ਇਸ ਨਾਲ਼ ਸ਼ਹਿਰਾਂ 'ਚ ਮਜ਼ਦੂਰਾਂ ਦੀ ਵੱਡੀ ਗਿਣਤੀ ਬੇਚੈਨ ਮਜ਼ਦੂਰਾਂ ਦੇ ਇਕੱਠੇ ਹੋਣ ਦਾ ਖਤਰਾ ਸ਼ੁਰੂ ਹੋ ਗਿਆ ਜੋ ਜਥੇਬੰਦ ਹੋਕੇ ਇਸ ਸਰਮਾਏਦਾਰ ਜਮਾਤ ਲਈ ਮੌਤ ਦੀ ਘੰਟੀ ਬਣਨਗੇ। ਇਸ ਕਰਕੇ ਮਗਨਰੇਗਾ ਯੋਜਨਾ ਸ਼ੁਰੂ ਕੀਤੀ ਗਈ ਕਿ ਡੰਗ-ਟਪਾਊ ਰੁਜ਼ਗਾਰ ਦੇਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਇਸ ਅਬਾਦੀ ਦੇ ਪਰਵਾਸ ਨੂੰ ਕੁੱਝ ਧੀਮਾ ਕੀਤਾ ਜਾ ਸਕੇ ਤੇ ਇਸ ਮਜ਼ਦੂਰ ਜਮਾਤ ਦੀ ਵਿਸਫੋਟਕ ਹਾਲਤ ਨੂੰ ਟਾਲਿਆ ਜਾ ਸਕੇ। ਇਸ ਕਰਕੇ ਇਸ ਯੋਜਨਾ ਵਿੱਚ ਕੰਮ ਦੇ ਦਿਨਾਂ ਦੀ ਗਿਣਤੀ ਤੇ ਦਿਹਾੜੀ ਨਿਗੂਣੀ ਰੱਖੀ ਗਈ ਹੈ। ਸਰਮਾਏਦਾਰ ਜਮਾਤ ਦੇ ਇਹਨਾਂ ਲੁਕਵੇਂ ਮਨਸ਼ਿਆਂ ਨਾਲ਼ ਸ਼ੁਰੂ ਕੀਤੀ ਇਸ ਯੋਜਨਾ ਨੂੰ ਸਰਕਾਰੀ ਤੰਤਰ ਵੱਲੋਂ ਪੇਂਡੂ ਵਿਕਾਸ ਤੇ ਗਰੀਬਾਂ ਦੀ ਭਲਾਈ ਦੀ ਯੋਜਨਾ ਕਹਿ ਕੇ ਪ੍ਰਚਾਰਿਆ ਗਿਆ। ਦੂਜੇ ਪਾਸੇ ਇਸ ਯੋਜਨਾ ਨੇ ਸਰਮਾਏਦਾਰ ਸਰਕਾਰਾਂ ਨੂੰ ਇਹ ਕਬੂਲਣ ਲਈ ਮਜ਼ਬੂਰ ਕੀਤਾ ਹੈ ਕਿ ਆਪਣੇ ਨਾਗਰਿਕਾਂ ਨੂੰ ਰੁਜ਼ਗਾਰ ਦੇਣਾ ਉਹਨਾਂ ਦਾ ਫਰਜ ਹੈ। ਇਸ ਯੋਜਨਾ ਨੇ ਪੇਂਡੂ ਮਜ਼ਦੂਰਾਂ ਦੇ ਜਥੇਬੰਦ ਹੋਣ ਲਈ ਇੱਕ ਅਧਾਰ ਵੀ ਤਿਆਰ ਕੀਤਾ ਹੈ। ਅੱਜ ਮਗਨਰੇਗਾ ਯੋਜਨਾ ਨੂੰ ਸਹੀ ਢੰਗ ਨਾਲ਼ ਲਾਗੂ ਕਰਵਾਉਣ, ਸਮੇਂ ਸਿਰ ਭੁਗਤਾਨ, ਮਗਨਰੇਗਾ ਮਜ਼ਦੂਰਾਂ ਲਈ ਸਹੂਲਤਾਂ, ਭ੍ਰਿਸ਼ਟਾਚਾਰ ਰੋਕਣ ਜਿਹੇ ਮਸਲਿਆਂ ਤੋਂ ਲੈਕੇ ਕੰਮ ਦੇ ਦਿਨਾਂ ਦੀ ਗਿਣਤੀ ਅਤੇ ਉਜਰਤਾਂ ਵਧਾਏ ਜਾਣ ਤੱਕ ਦੇ ਮਸਲਿਆਂ ਉੱਪਰ ਇਸ ਅਬਾਦੀ ਨੂੰ ਜਥੇਬੰਦ ਕੀਤਾ ਜਾ ਸਕਦਾ ਹੈ। ਇਸਦੇ ਨਾਲ਼ ਹੀ ਪਿੰਡਾਂ ਦੀ ਤਰਜ 'ਤੇ ਸ਼ਹਿਰਾਂ ਵਿੱਚ ਵੀ ਰੁਜਗਾਰ ਗਰੰਟੀ ਯੋਜਨਾ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਇਸ ਸੇਧ ਵਿੱਚ ਇਸ ਮਜ਼ਦੂਰ ਜਮਾਤ ਨੂੰ ਜਥੇਬੰਦ ਕਰਕੇ ਮਗਨਰੇਗਾ ਯੋਜਨਾ ਨੂੰ ਸਰਕਾਰ ਦੇ ਗਲ ਦੀ ਹੱਡੀ ਬਣਾਇਆ ਜਾ ਸਕਦਾ ਹੈ ਕਿਉਂਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਧ ਉਜਰਤਾਂ ਤੇ ਵੱਧ ਰੁਜ਼ਗਾਰ ਗਰੰਟੀ ਦੇ ਦਿਨਾਂ ਸਮੇਤ ਇਸਨੂੰ ਲਾਗੂ ਕਰਨਾ ਇਹਨਾਂ ਸਰਕਾਰਾਂ ਲਈ ਹੋਰ ਔਖਾ ਹੁੰਦਾ ਜਾਵੇਗਾ। ਇਹ ਲੜਾਈ ਮਜ਼ਦੂਰਾਂ ਨੂੰ ਉਸ ਨੁਕਤੇ ਤੱਕ ਲੈ ਜਾਵੇਗੀ ਕਿ ਜਿੱਥੇ ਉਹ ਸਮਝ ਲੈਣਗੇ ਕਿ ਸਭ ਲਈ ਰੁਜ਼ਗਾਰ ਤੇ ਬਿਹਤਰ ਜ਼ਿੰਦਗੀ ਦੀ ਗਰੰਟੀ ਦੀ ਜ਼ਿੰਮੇਵਾਰੀ ਇਹ ਸਰਮਾਏਦਾਰਾ ਪ੍ਰਬੰਧ ਨਹੀਂ ਲੈ ਸਕਦਾ ਸਗੋਂ ਇਸਨੂੰ ਤਬਾਹ ਕਰਕੇ ਉਸਾਰਿਆ ਸਮਾਜਵਾਦੀ ਪ੍ਰਬੰਧ ਹੀ ਸਭ ਲਈ ਰੁਜ਼ਗਾਰ ਤੇ ਬਿਹਤਰ ਜਿੰਦਗੀ ਦੀ ਗਰੰਟੀ ਕਰ ਸਕਦਾ ਹੈ। ਕਿਉਂਕਿ ਸਰਮਾਏਦਾਰਾ ਸਮਾਜ ਦੀ ਪੈਦਾਵਾਰੀ ਸਾਧਨਾਂ ਦੀ ਨਿੱਜੀ ਮਾਲਕੀ ਤੇ ਮੁਨਾਫਾ ਕੇਂਦਰਤਾ ਦੀ ਥਾਂ ਸਮਾਜਵਾਦੀ ਪ੍ਰਬੰਧ ਪੈਦਾਵਾਰ ਦੇ ਸਾਧਨਾਂ ਦੀ ਸਮੂਹਿਕ ਮਾਲਕੀ ਤੇ ਮਨੁੱਖ ਕੇਂਦਰਤ ਹੋਵੇਗਾ। ਇਹ ਸਮਾਜ ਦਾ ਉਹ ਅਟੱਲ ਭਵਿੱਖ ਹੈ ਜੋ ਮਜ਼ਦੂਰ ਜਮਾਤ ਦੇ ਹੱਥੋਂ ਘੜਿਆ ਜਾਣਾ ਹੈ।ਮਨਰੇਗਾ ਕੈਪਟਨ ਸਰਕਾਰ ਵੇਲੇ ਦੀ ਸ਼ੁਰੂ ਹੋਈ ਸੀ ਪਰ ਅੱਜ ਵੀ ਉਹੀ ਹਾਲਾਤ ਹਨ।ਇਸ ਲਈ ਇਹ ਪੁਰਾਨਾ ਲੇਖ ਅਜ ਪਾਇਆ ਹੈ।

# ਪੰਚਾਇਤਾਂ ਦਾ ਵਿਗੜਿਆ ਰੂਪ



ਸ਼ਾਇਦ ਸਾਨੂੰ ਬਹੁਤਿਆਂ ਨੂੰ ਪੰਚਾਇਤ ਦੀ ਮਹੱਤਤਾ ਬਾਰੇ ਪਤਾ ਹੀ ਨਹੀਂ।ਅਸੀਂ ਪੰਚਾਇਤ ਨੂੰ ਸ਼ਾਇਦ ਐਵੇਂ ਹੀ ਸਮਝਦੇ ਹਾਂ।ਪਰ ਪੰਚਾਇਤ ਹਕੀਕਤ ਵਿੱਚ ਸੰਸਦ ਹੈ।ਪਰ ਜੋ ਹਾਲਾਤ ਪੰਚਾਇਤਾਂ ਦੇ ਹੋ ਗਏ ਹਨ,ਉਹ ਕਿਸੇ ਨੂੰ ਭੁੱਲੇ ਹੋਏ ਨਹੀਂ।ਪਹਿਲਾਂ ਪੰਚਾਇਤ ਪਿੰਡ ਦੀ ਹੁੰਦੀ ਸੀ।ਹੁਣ ਪੰਚਾਇਤ ਸਿਆਸੀ ਪਾਰਟੀਆਂ ਦੀ ਹੁੰਦੀ ਹੈ।ਪਿੰਡਾਂ ਵਿੱਚ ਵੀ ਸਿਆਸੀ ਧੜੇਬੰਦੀ ਹੈ।ਪੰਚਾਇਤ ਆਪਣੇ ਆਪ ਵਿੱਚ ਵਧੇਰੇ ਕਰਕੇ ਧੜਾ ਬਣ ਗਈ ਹੈ।

ਪੰਚਾਇਤ ਮਿੰਨੀ ਸੰਸਦ ਹੈ।ਇਸਦੇ ਪਾਸ ਕੀਤੇ ਮਤੇ ਨੂੰ ਚੈਲਿੰਜ ਨਹੀਂ ਕੀਤਾ ਜਾ ਸਕਦਾ।ਪਹਿਲਾਂ ਪੰਚਾਇਤ ਵਿੱਚ ਹੀ ਵੱਡੇ ਤੋਂ ਵੱਡਾ ਫੈਸਲਾ ਕਰ ਦਿੱਤਾ ਜਾਂਦਾ ਸੀ।ਉਹ ਫੈਸਲਾ ਮੰਨ ਲਿਆ ਜਾਂਦਾ ਸੀ।ਪਰ ਜਿਉਂ ਜਿਉਂ ਸਿਅਆਸੀਕਰਨ ਹੋਇਆ,ਪੱਖਪਾਤ ਹੋਣ ਲੱਗਾ,ਫੈਸਲੇ ਵੀ ਲੋਕਾਂ ਨੇ ਮੰਨਦ

ਬੰਦ ਕਰ ਦਿੱਤੇ।ਇਸ ਨਾਲ ਪੰਚਾਇਤ ਦਾ ਸਨਮਾਨ

**ਪ੍ਰਭਜੋਤ ਕੌਰ ਢਿੱਲੋਂ ਮੁਹਾਲੀ**
**9815030221**

ਵੀ ਘੱਟ ਗਿਆ।ਪੰਚਾਇਤਾਂ ਵੀ ਵਧੇਰੇ ਕਰਕੇ ਸਿਆਸੀ ਪਾਰਟੀਆਂ ਵਰਗੀਆਂ ਹੋ ਗਈਆਂ।ਕਿੱਧਰੇ ਔਰਤਾਂ ਦੀ ਰਾਖਵੀਂ ਸੀਟ ਹੈ ਅਤੇ ਕਿੱਧਰੇ ਐਸ ਸੀ,ਪਰ ਇਕ ਦੋ ਨੂੰ ਛੱਡ ਕੇ ਬਾਕੀ ਸਾਰੀਆਂ ਥਾਵਾਂ ਤੇ ਚੁਣੀਆਂ ਹੋਈਆਂ ਔਰਤਾਂ ਦੀ ਥਾਂ ਘਰ ਦੇ ਮਰਦ ਹੀ ਕੰਮ ਕਰਦੇ ਹਨ।ਔਰਤਾਂ ਦਾ ਰਾਖਵਾਂਕਰਨ ਸਿਰਫ ਖਾਨਾਪੂਰਤੀ ਹੀ ਹੈ।ਇਵੇਂ ਹੀ ਰਿਜਰਵ ਕੈਟਾਗਰੀ ਦੇ ਸਰਪੰਚ ਵੀ ਵਧੇਰੇ ਕਰਕੇ ਦੂਸਰਿਆਂ ਦੇ ਹੱਥਾਂ ਦੀ ਕਠਪੁਤਲੀ ਬਣਕੇ ਰਹਿ ਜਾਂਦੇ ਹਨ।ਪਿੰਡਾਂ ਵਿੱਚ ਅਜੇ ਤੱਕ ਹਰ ਚੋਣ ਨਾਲੀਆਂ ਅਤੇ ਗਲੀਆਂ ਬਣਾਉਣ ਤੇ ਟਿਕੀ ਹੋਈ ਹੈ।ਇੰਨੇ ਸਾਲਾਂ ਵਿੱਚ ਇਹ ਕੰਮ ਤਾਂ ਨਹੀਂ ਹੋਇਆ ਪਰ ਕਈਆਂ ਦਾ ਰਹਿਣ ਸਹਿਣ ਦਾ ਪੱਧਰ ਜਰੂਰ ਉੱਚਾ ਹੋ ਗਿਆ। ਪਿੰਡ ਦੇ ਲੋਕ ਜੇਕਰ ਧੜੇਬੰਦੀਆਂ ਦੇ ਸ਼ਿਕਾਰ ਹਨ ਤਾਂ ਸਰਪੰਚ (ਪੰਚਾਇਤ)ਅਤੇ ਸੰਬੰਧਤ ਅਫਸਰਾਂ ਨੂੰ ਐਸ਼ ਹੈ।ਪਿੰਡ ਦੇ ਫੰਡ ਅਤੇ ਪੈਸਾ ਸ਼ਰੇਆਮ ਖਾਧਾ ਜਾਵੇਗਾ।

ਪਿੰਡ ਨੂੰ ਮਿਲਣ ਵਾਲੇ ਫੰਡ ਲੋਕਾਂ ਸਾਡੇ ਵੱਲੋਂ ਦਿੱਤੇ ਗਏ ਟੈਕਸਾਂ ਦੇ ਪੈਸੇ ਹਨ।ਸਾਡਾ ਸਾਰਿਆਂ ਦਾ ਹੱਕ ਵੀ ਹੈ ਅਤੇ ਫਰਜ ਵੀ ਹੈ ਕਿ ਅਸੀਂ ਇਸ ਪੈਸੇ ਦਾ ਹਿਸਾਬ ਮੰਗੀਏ।ਜੇਕਰ ਪੈਸੇ ਦੀ ਦੁਰਵਰਤੋਂ ਹੋ ਰਹੀ ਹੈ ਤਾਂ ਪੰਚਾਇਤ ਅਫਸਰ, ਪੰਚਾਇਤ ਸੈਕਟਰੀ,ਐਸ ਡੀ ਐਮ ਅਤੇ ਡੀ ਸੀ ਤੱਕ ਸ਼ਕਾਇਤ ਕਰੋ।ਸਾਨੂੰ ਕੀ ਜਾਂ ਮੈਨੂੰ ਕੀ, ਇਸਨੇ ਹੀ ਵਧੇਰੇ ਨੁਕਸਾਨ ਕੀਤਾ ਹੈ।ਪਿੰਡ ਦੀ ਆਮਦਨ ਦਾ ਹਿਸਾਬ ਲੈਣਾ ਸਾਰਿਆਂ ਦਾ ਹੱਕ ਹੈ।ਗ੍ਰਾਮ ਸਭਾ ਜਰੂਰ ਹੋਣ।ਉਸ ਵਿੱਚ ਮਤੇ ਪਾਸ ਹੋਣ।ਜੇਕਰ ਸਰਪੰਚ ਇਸਦੀ ਹਾਮੀ ਨਹੀਂ ਭਰਦਾ ਤਾਂ ਪਿੰਡ ਦੇ ਲੋਕ ਜੋ ਮਤਾ ਪਾਸ ਕਰਨਗੇ,ਉਸ ਦੀ ਵੀ ਉਹ ਹੀ ਅਹਿਮੀਅਤ ਹੈ।ਆਮਦਨ ਅਤੇ ਖਰਚੇ ਬਾਰੇ ਪੰਚਾਇਤ ਕੋਲੋਂ ਪੁੱਛਿਆ ਜਾ ਸਕਦਾ ਹੈ।

ਸਾਂਝੀਆਂ ਥਾਂਵਾਂ ਦਾ ਰੱਖ ਰਖਾਵ ਜੇਕਰ ਨਹੀਂ ਹੋ ਰਿਹਾ ਤਾਂ ਪਿੰਡ ਦਾ ਸਰਪੰਚ ਕਸੂਰਵਾਰ ਹੈ।ਜੇਕਰ ਕਿਸੇ ਕੰਮ ਲਈ ਪੈਸੇ ਖਰਚ ਵਿੱਚ ਵਿਖਾਏ ਗਏ ਹਨ ਅਤੇ ਕੰਮ ਨਹੀਂ ਹੋਇਆ ਤਾਂ ਇਹ ਫੰਡਾਂ ਦੀ ਸ਼ਰੇਆਮ ਦੁਰਵਰਤੋਂ ਹੋਈ ਹੈ।ਸਿੱਧੇ ਸ਼ਬਦਾਂ ਵਿੱਚ ਕਿਹਾ ਜਾਏ ਤਾਂ ਦਾਲ ਵਿੱਚ ਕੁੱਝ ਕਾਲਾ ਨਹੀਂ ਦਾਲ ਹੀ ਕਾਲੀ ਹੈ।ਪਿੱਛਲੇ ਦਿਨੀਂ ਮੈਂ ਸਸਕਾਰ ਤੇ ਸ਼ਮਸ਼ਾਨਘਾਟ ਗਈ,ਬੇਹੱਦ ਗੰਦਗੀ।ਪੱਤਿਆਂ ਨਾਲ ਸ਼ਮਸ਼ਾਨਘਾਟ ਭਰਿਆ ਹੋਇਆ।ਚਾਰ —ਪੰਜ ਫੁੱਟ ਭੰਗ ਦੇ ਬੂਟੇ,ਬੈਠਣ ਵਾਲੀ ਥਾਂ ਬੇਹੱਦ ਗੰਦੀ।ਮ੍ਰਿਤਕ ਦੇਹ ਸਸਕਾਰ ਲਈ ਰੱਖਣ ਤੋਂ ਬਾਅਦ ਹੱਥਾਂ ਨਾਲ ਬੂਟੇ ਪੱਟੇ ਗਏ।ਇਸ ਸਾਰੇ ਲਈ ਪਿੰਡ ਦਾ ਸਰਪੰਚ ਅਤੇ ਪੰਚਾਇਤ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ।ਪਿੰਡ ਦੇ ਲੋਕ ਇਸ ਬਾਰੇ ਚੁੱਪ ਹਨ ਇਸ ਕਰਕੇ ਪੰਚਾਇਤ ਨੂੰ ਕੁੱਝ ਵੀ ਕਰਨ ਦੀ ਜਰੂਰਤ ਹੀ ਨਹੀਂ ਹੈ।

ਪੰਚਾਇਤਾਂ ਵੀ ਵਧੇਰੇ ਕਰਕੇ ਪਿੰਡ ਲਈ ਨਹੀਂ ਸਗੋਂ ਆਪਣੇ ਆਪ ਲਈ ਹੀ ਬਣ ਰਹੀਆਂ ਹਨ। ਜਿਹੜੇ ਪਿੰਡਾਂ ਵਿੱਚ ਫੰਡ ਸਹੀ ਤਰੀਕੇ ਨਾਲ ਵਰਤੇ ਜਾਂਦੇ ਹਨ,ਉਹ ਪਿੰਡ ਵੇਖਣ ਵਾਲੇ ਹਨ। ਉੱਥੇ ਸ਼ਮਸ਼ਾਨਘਾਟ ਹੋਵੇ ਜਾਂ ਪਾਰਕ ਬਹੁਤ ਵਧੀਆ ਬਣੇ ਹੋਏ ਹਨ। ਦਰੱਖਤ ਲੱਗੇ ਹੋਏ ਨੇ,ਪਿੰਡ ਵਿੱਚ ਲਾਇਬ੍ਰੇਰੀ ਵੀ ਹੈ,ਅਜਿਹੇ ਪਿੰਡ ਅਤੇ ਪੰਚਾਇਤਾਂ ਵੀ ਹਨ।ਰਿਸ਼ਵਤ ਅਤੇ ਭ੍ਰਿਸਟਾਚਾਰ ਦੀ ਭੇਂਟ ਪੰਚਾਇਤਾਂ ਵੀ ਵਧੇਰੇ ਕਰਕੇ ਚੜ੍ਹ ਚੁੱਕੀਆਂ ਹਨ। ਆਉ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ, ਆਪਣੇ ਆਪਣੇ ਪਿੰਡ ਦੀਆਂ ਪੰਚਾਇਤਾਂ ਨੂੰ ਉਨਾਂ ਦੀ ਜ਼ਿੰਮੇਵਾਰੀ ਦੀ ਯਾਦ ਦਵਾਉਂਦੇ ਰਹੀਏ। ਪੰਚਾਇਤਾਂ ਦਾ ਰੂਪ ਵਿਗੜਿਆ ਹੋਇਆ ਹੈ।ਜੇਕਰ ਅਸੀਂ ਨਾ ਸਮਝੇ ਤਾਂ ਇਹ ਹੋਰ ਕ੍ਰਿਪਾਲ ਹੋ ਜਾਵੇਗਾ।



# ਪੁਰਾਣੇ ਪੰਜਾਬ 'ਚ ਇਸਤਰੀਆਂ ਅਤੇ ਮਰਦਾਂ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਦਾ ਵਰਣਨ

ਹਾਰ-ਸ਼ਿੰਗਾਰ ਦਾ ਸਬੰਧ ਮਨੁੱਖ ਦੀ ਸੁਹਜ ਤ੍ਰਿਪਤੀ ਨਾਲ ਹੈ। ਮਨੁੱਖ ਆਪਣੇ ਆਲੇ-ਦੁਆਲੇ ਨੂੰ ਸ਼ਿੰਗਾਰਨ ਦੇ ਨਾਲ-ਨਾਲ ਆਪਣੇ-ਆਪ ਨੂੰ ਸ਼ਿੰਗਾਰਨਾ ਵਧੇਰੇ ਮਹੱਤਵਪੂਰਨ ਸਮਝਦਾ ਹੈ ਪੁਰਾਤਨ ਪੰਜਾਬ 'ਚ ਔਰਤਾਂ ਸਿਰ ਤੋਂ ਪੈਰਾਂ ਤਕ ਲਗਪਗ ਹਰੇਕ ਅੰਗ 'ਤੇ ਗਹਿਣੇ ਪਹਿਨਦੀਆਂ ਸਨ। ਕਿਹਾ ਜਾਂਦਾ ਹੈ ਕਿ ਪੁਰਾਤਨ ਪੰਜਾਬ ਵਿੱਚ ਔਰਤਾਂ ਸੌ ਤੋਂ ਵੀ ਵੱਧ ਗਹਿਣੇ ਪਹਿਨ ਕੇ ਆਪਣੇ ਹੁਸਨ ਨੂੰ ਸ਼ਿੰਗਾਰਦੀਆਂ ਸਨ ਨੱਕ ਦਾ ਗਹਿਣਾ ਪ੍ਰਾਚੀਨ ਸਮੇਂ ਵਿਚ ਨਹੀਂ ਸੀ ਹੁੰਦਾ। ਹੌਲੀ-ਹੌਲੀ ਨੱਥ, ਚੂੜਾ ਸੁਹਾਗ ਦਾ ਚਿੰਨ੍ਹ ਬਣ ਗਿਆ। ਇਨ੍ਹਾਂ ਦੇ ਗਹਿਣਿਆਂ ਦੀ ਅਣਹੋਂਦ ਕਾਰਨ ਔਰਤ ਵਿਧਵਾ ਜਾਂ ਕੁਆਰੀ ਸਮਝੀ ਜਾਂਦੀ ਸੀ ਗਹਿਣਾ ਸ਼ਿੰਗਾਰ ਦਾ ਪ੍ਰਮੁੱਖ ਸਾਧਨ ਹੈ। ਗਹਿਣੇ ਔਰਤ-ਮਰਦ ਦੇ ਪ੍ਰੇਮ ਅਤੇ ਉਨ੍ਹਾਂ ਦੀ ਸੁੰਦਰਤਾ ਨੂੰ ਵਧਾਉਂਦੇ ਹਨ

ਪੰਜਾਬ ਦੀ ਹਰ ਜਾਤੀ ਆਪਣੇ ਸ਼ੌਕ ਅਨੁਸਾਰ ਗਹਿਣੇ ਪਹਿਨਦੀ ਰਹੀ ਹੈ। ਗਹਿਣੇ ਕਈ ਧਾਤਾਂ ਜਿਵੇਂ ਸੋਨਾ, ਚਾਂਦੀ, ਤਾਂਬਾ ਅਤੇ ਪਿੱਤਲ ਆਦਿ ਤੋਂ ਬਣਦੇ ਹਨ। ਗਹਿਣਿਆਂ ਦੀ ਸਾਡੇ ਲੋਕ-ਜੀਵਨ ਵਿਚ ਇੰਨੀ ਮਹੱਤਤਾ ਹੈ ਕਿ ਇਸ ਦਾ ਪ੍ਰਮਾਣ ਸਾਨੂੰ ਲੋਕ-ਗੀਤਾਂ ਵਿਚੋਂ ਪ੍ਰਤੱਖ ਮਿਲਦਾ ਹੈ। ਹਰ ਗਹਿਣੇ ਨਾਲ ਸਬੰਧਤ ਲੋਕ ਗੀਤ ਹੈ ਪੰਜਾਬੀਆਂ ਲਈ ਸਿਰ ਤੋਂ ਪੈਰਾਂ ਤੱਕ ਸਰੀਰ ਦੇ ਅੰਗਾਂ ਲਈ ਵੱਖੋ-ਵੱਖ ਗਹਿਣੇ ਮਿਲਦੇ ਹਨ। ਪੰਜਾਬੀ ਇਸਤਰੀਆਂ ਅਤੇ ਮਰਦ ਗਹਿਣਿਆਂ ਦੀ ਆਮ ਵਰਤੋਂ ਕਰਦੇ ਹਨ,

ਸੱਗੀ ਫੁੱਲ -ਪੰਜਾਬੀ ਮੁਟਿਆਰਾਂ ਦੇ ਸਿਰ ਦੀ ਸ਼ਾਨ ਸੱਗੀ ਫੁੱਲ ਹੈ ਸ਼ੱਗੀ ਫੁੱਲ ਔਰਤ ਦਾ ਗਹਿਣਾ ਹੈ। ਔਰਤਾਂ ਆਪਣੀ ਦਿੱਖ ਨੂੰ ਨਿਖਾਰਨ ਲਈ ਸ਼ਿੰਗਾਰ ਦੇ ਨਾਲ-ਨਾਲ ਅਨੇਕਾਂ ਤਰ੍ਹਾਂ ਦੇ ਗਹਿਣਿਆਂ ਨੂੰ ਵੀ ਪਹਿਨਦੀਆਂ ਰਹੀਆਂ ਹਨ। ਜਿਹਨਾਂ 'ਚ ਸੱਗੀ ਫੁੱਲ ਵੀ ਗਹਿਣਾ ਹੈ। ਸੱਗੀ ਸਿਰ ਦਾ ਗਹਿਣਾ ਹੈ ਜੋ ਸਿਰ ਦੇ ਵਿਚਕਾਰ ਪਹਿਨਿਆ ਜਾਂਦਾ ਹੈ। ਇਸ ਨਾਲ ਸਿਰ ਦੀ ਚੁੰਨੀ, ਫੁਲਕਾਰੀ ਆਦਿ ਨੂੰ ਟਿਕਾਈ ਰੱਖਣ ਵਿੱਚ ਸਹਾਇਤਾ ਮਿਲਦੀ ਹੈ। ਇਸ ਅਰਧ ਗੋਲੇ ਦੀ ਸਕਲ ਵਿੱਚ ਹੁੰਦਾ ਹੈ ਜਿਸ ਦੇ ਉੱਤੇ ਨਗ ਜੜਿਆ ਹੁੰਦਾ ਹੈ। ਇਸ ਦੇ ਆਲੇ ਦੁਆਲੇ ਫੁੱਲਾਂ ਦੇ ਨਮੂਨੇ ਉੱਕਰੇ ਹੁੰਦੇ ਹਨ। ਸੱਗੀ ਦੀਆਂ ਕਿਸਮਾਂ ਦੀ ਗਿਣਤੀ ਅੱਧੀ ਦਰਜਨ ਦੇ ਲਗਭਗ ਹੈ।

**ਸੁਣ ਨੀ ਭਾਬੀ ਸਾਕ ਲਿਆਦੇ, ਮਾਰ ਨਾ ਜਾਂਵੀ ਠੱਗੀ,**
**ਨੀ ਸੌ ਘੋੜਿਆਂ ਤੇ ਬਰਾਤ ਆਉਗੀ, ਤੇਰੀ ਖਾਤਰ ਬੱਘੀ,**
**ਵੀਰ ਮੇਰੇ ਲਈ ਸੋਨੇ ਦਾ ਕੈਂਠਾ, ਤੇਰੇ ਲਈ ਫੁੱਲ ਸੱਗੀ,**
**ਮਿੰਨਤਾ ਕਰਦੇ ਦੀ, ਦਾੜ੍ਹੀ ਹੋ ਗਈ ਬੱਗੀ।**

**ਟਿੱਕਾ** - ਟਿੱਕਾ ਇੱਕ ਜਨਾਨਾ ਗਹਿਣਾ ਹੈ ਜੋ ਸਿਰ ਦੇ ਵਾਲਾਂ ਵਿੱਚ ਜੰਜੀਰੀ ਦੁਆਰਾ ਗੁੰਦਿਆ ਅਤੇ ਮੱਥੇ ਵਿਚਕਾਰ ਲਟਕਾਇਆ ਜਾਂਦਾ ਹੈ ਇਹ ਭਾਰਤ, ਪਾਕਿਸਤਾਨ, ਵਿੱਚ ਪ੍ਰਚੱਲਤ ਹੈ।

**ਝੁੰਮਰ**-ਝੁੰਮਰ ਇਸਤਰੀਆਂ ਦਾ ਸਿਰ ਦਾ ਗਹਿਣਾ ਹੈ। ਇਸਨੂੰ ਵਿਆਹੀਆਂ ਇਸਤਰੀਆਂ ਦਾ ਗਹਿਣਾ ਮੰਨਿਆ ਜਾਂਦਾ ਹੈ। ਝੁੰਮਰ ਸਿਰ ਦੀਆਂ



ਪੁੜਪੁੜੀਆਂ ਦੇ ਉੱਪਰ ਜਿਸ ਪਾਸੇ ਵਾਲ ਵੱਧ ਹੁੰਦੇ ਹਨ, ਉਹਨਾਂ ਵਾਲਾਂ ਦੀ ਮੀਢੀ ਵਿੱਚ ਗੁੰਦ ਕੇ ਮੱਥੇ ਦੇ ਇੱਕ ਪਾਸੇ ਲਮਕਾਇਆ ਜਾਂਦਾ ਹੈ ਪੁਰਾਣੇ ਸਮੇਂ ਵਿੱਚ ਤੋਤੇ ਦੀ ਸਕਲ ਵਾਲੇ ਝੁੰਮਰ ਵਧੇਰੇ ਸਨ ਇਸ ਝੁੰਮਰ ਦੇ ਉੱਪਰਲੇ ਹਿੱਸੇ ਵਿੱਚ ਦੋ ਤੋਤੇ ਅਤੇ ਹੇਠਲੇ ਚੌੜੇ ਹਿੱਸੇ ਵਿੱਚ ਚਾਰ ਚਿੜੀਆਂ ਬਣਾਈਆਂ ਜਾਂਦੀਆਂ ਸਨ। ਵਿਚਕਾਰ ਫੁੱਲ ਬਣਿਆ ਹੁੰਦਾ ਸੀ। ਇਸੇ ਤਰਾਂ ਹੀ ਉੱਪਰਲੇ ਹਿੱਸੇ ਵਿੱਚ ਮਛਲੀਆਂ ਤੇ ਹੇਠਾਂ ਚੰਦ, ਤਾਰੇ ਬਣਾਏ ਜਾਂਦੇ ਸਨ। ਇਹਨਾਂ ਸਾਰਿਆਂ ਦੇ ਕੁੰਡੇ ਲੱਗੇ ਹੁੰਦੇ ਸਨ ਤੇ ਇਹਨਾਂ ਨੂੰ ਕੁੰਡਿਆਂ ਨਾਲ ਹੀ ਉੱਪਰ ਤੋਂ ਲੈ ਕੇ ਹੇਠਾਂ ਤੱਕ ਆਪਸ ਵਿੱਚ ਜੋੜਿਆ ਜਾਂਦਾ ਸੀ।

**ਦਾਉਣੀ**-ਦਾਉਣੀ ਇਸਤਰੀਆਂ ਦਾ ਮੱਥੇ ਦਾ ਗਹਿਣਾ ਹੈ ਇਸਨੂੰ ਸਿਰ ਦੇ ਵਾਲਾਂ ਦੇ ਚੀਰ ਤੇ ਮੱਥੇ ਦੇ ਆਸੇ ਪਾਸੇ ਪਹਿਨਿਆਂ ਜਾਂਦਾ ਸੀ। ਇਸ ਗਹਿਣੇ ਨੂੰ ਧੰਮਣੀ ਨਾਲ ਸਿਰ ਵਿੱਚ ਗੁੰਦਿਆ ਜਾਂਦਾ ਸੀ। ਇਹ ਗਹਿਣਾ ਵਿਆਹ ਜਾਂ ਹੋਰ ਖੁਸ਼ੀ ਦੇ ਮੌਕਿਆਂ ਤੇ ਹੀ ਪਹਿਨਿਆਂ ਜਾਂਦਾ ਸੀ ਦਾਉਣੀ ਤਿੰਨ ਲੜੀਆਂ ਦੀ ਬਣੀ ਹੁੰਦੀ ਹੈ। ਇੱਕ ਲੜੀ ਵਾਲਾਂ ਦੇ ਚੀਰ ਉਪਰੋਂ ਹੁੰਦੀ ਹੋਈ ਤਾਲੂ ਵੱਲ ਜਾਂਦੀ ਹੈ। ਜੋ ਹਿੱਸਾ ਮੱਥੇ ਤੇ ਆਉਂਦਾ ਹੈ ਉੱਥੇ ਇੱਕ ਫੁੱਲ ਬਣਿਆ ਹੁੰਦਾ ਹੈ। ਫੁੱਲ ਦੇ ਹੇਠਾਂ ਕੁੰਡੇ ਵਿੱਚ ਟਿੱਕਾ ਪਾਇਆ ਜਾਂਦਾ ਹੈ। ਲੜੀ ਦੇ ਤਿੰਨਾਂ ਸਿਰਿਆਂ ਨੂੰ ਧੰਮਣੀ ਨਾਲ ਬੰਨ ਕੇ ਸਿਰ ਵਿੱਚ ਗੁੰਦ ਕੇ ਸੱਗੀ ਨਾਲ ਵੀ ਗੁੰਦ ਦਿੱਤਾ ਜਾਂਦਾ ਹੈ। ਕਈ ਵਾਰ ਦਾਉਣੀ ਵਿੱਚ ਨਗ ਵੀ ਲੱਗੇ ਹੁੰਦੇ ਹਨ।

**ਬਘਿਆੜੀ**- ਬਘਿਆੜੀ ਪਰਾਂਦੇ ਦੇ ਮੁੱਢ ਨੇੜੇ ਸਿਰ ਦੇ ਵਾਲਾਂ 'ਚ ਟੰਗਣ ਵਾਲੀ ਸੋਨੇ ਜਾਂ ਚਾਂਦੀ ਦੀ ਕੰਘੀ ਵਰਗੀ ਚੂੰਢੀ ਜਿਹੀ ਹੁੰਦੀ ਸੀ। ਕਈ ਸ਼ੁਕੀਨਣਾਂ ਇਸਨੂੰ ਜੂੜਾ ਬਣਾ ਕੇ ਉਸ ਤੇ ਵੀ ਟੰਗ ਲੈਂਦੀਆਂ ਸਨ ਬਘਿਆੜੀ ਅਮੂਮਨ ਸੋਨੇ ਜਾਂ ਚਾਂਦੀ ਦੀ ਹੁੰਦੀ ਸੀ। ਇਹ ਚਾਰ ਸੋਨੇ ਜਾਂ ਚਾਂਦੀ ਦੀਆਂ ਪਤਲੀਆਂ ਪੱਤੀਆਂ ਨੂੰ ਆਪਸ 'ਚ ਜੋੜ ਕੇ ਬਣਾਈ

ਰਵਨਜੋਤ ਕੌਰ ਸਿੱਧੂ ਰਾਵੀ

ਜਾਂਦੀ ਸੀ ਅਤੇ ਇਨ੍ਹਾਂ ਪੱਤੀਆਂ ਦੇ ਉੱਪਰ ਅਤੇ ਹੇਠਾਂ ਨਿੱਕੇ-ਨਿੱਕੇ ਕੁੰਡੇ ਲੱਗੇ ਹੁੰਦੇ ਸਨ। ਹੇਠਲਿਆਂ ਕੁੰਡਿਆਂ 'ਚ ਮੋਤੀ ਪਾ ਕੇ ਨਲਕੀਆਂ ਲੱਗੀਆਂ ਹੁੰਦੀਆਂ ਸਨ। ਬਘਿਆੜੀ ਦੇ ਉੱਪਰਲੇ ਕੁੰਡਿਆਂ ਨੂੰ ਗੁੱਤ 'ਚ ਟੰਗਿਆ ਜਾਂਦਾ ਸੀ। ਆਮਤੌਰ ਤੇ ਬਘਿਆੜੀ ਓਦੋਂ ਹੀ ਲਗਾਈ ਜਾਂਦੀ ਸੀ, ਜਦੋਂ ਗੁੱਤ ਨੂੰ ਗੁੰਦਿਆਂ ਜਾਂਦਾ ਸੀ, ਪਰਾਂਦਾ ਪਾਇਆ ਜਾਂਦਾ ਸੀ ਕਈ ਵਾਰ ਬਘਿਆੜੀ ਸੱਗੀ ਫੁੱਲ ਨਾਲ ਵੀ ਪਾ ਲਈ ਜਾਂਦੀ ਹੈ।

ਪਰ ਅੱਜ ਇਹ ਗਹਿਣਾ ਨਦਾਰਦ ਹੈ, ਲੱਭਿਆਂ ਵੀ ਨਹੀਂ ਥਿਆਉਂਦਾ।

**ਸ਼ਿੰਗਾਰ ਪੱਟੀ** - ਇਕ ਸੋਨੇ ਦਾ ਗਹਿਣਾ ਜੋ ਤੀਵੀਆਂ ਮੱਥੇ ਦੇ ਪਿੱਛੇ ਕਰ ਕੇ ਵਾਲਾਂ ਦੇ ਉਤੇ ਪਹਿਨਦੀਆਂ ਹਨ

**ਤੀਲੀ**-ਨੱਕ 'ਚ ਗਹਿਣੇ ਪਾਉਣ ਲਈ ਨੱਕ ਨੂੰ ਵੀ ਵਿੰਨ੍ਹਣਾ ਪੈਂਦਾ ਹੈ। ਪੰਜਾਬ 'ਚ ਤਾਂ ਖੱਬੇ ਪਾਸਿਓਂ ਨੱਕ ਵਿੰਨ੍ਹਉਣ ਦਾ ਹੀ ਰਿਵਾਜ਼ ਰਿਹਾ ਹੈ ਪਰ ਕਈ ਸੂਬਿਆਂ 'ਚ ਸੱਜੇ ਜਾਂ ਖੱਬੇ ਅਤੇ ਸੱਜੇ ਦੋਨੋਂ ਪਾਸੇ ਨੱਕ ਵਿੰਨ੍ਹਣ ਦਾ ਰਿਵਾਜ਼ ਵੀ ਹੈ। ਨੱਕ ਅਤੇ ਕੰਨ ਨੂੰ ਆਮਕਰ ਕੇ ਸੁਨਿਆਰੇ ਤੋਂ ਹੀ ਵਿੰਨ੍ਹਾਇਆ ਜਾਂਦਾ ਹੈ। ਸੁਨਿਆਰੇ ਚਾਂਦੀ ਦੀ ਇਕ ਸਿਰੇ 'ਤੋਂ ਬਰੀਕ ਤੇ ਤਿੱਖੀ ਤਾਰ ਨੂੰ ਨੱਕ ਦੀ ਬਾਹਰਲੀ ਪੇਪੜੀ 'ਚੋਂ ਅੰਦਰ ਵੱਲ ਨੂੰ ਖੱਬੇ ਕੇ ਨੱਕ ਨੂੰ ਵਿੰਨ੍ਹਦੇ ਹਨ। ਇਸ ਤਾਰ ਨੂੰ ਨੱਕ ਦੇ ਬਾਹਰ ਦੂਜੇ ਸਿਰੇ ਨਾਲ ਮਰੋੜੀ ਦੇ ਕੇ ਬੰਦ ਕਰ ਦਿੱਤਾ ਜਾਂਦਾ ਹੈ। (ਘਰ ਜਾਂ ਪਿੰਡ ਦੀਆਂ ਬਜ਼ੁਰਗ ਔਰਤਾਂ ਵੀ ਸੂਲ ਨਾਲ ਕੰਨ/ਨੱਕ ਵਿੰਨ੍ਹ ਦਿੰਦੀਆਂ ਹਨ।) ਇਸ ਗੋਲ ਮਰੋੜੀ ਹੋਈ ਤਾਰ ਨੂੰ 'ਮੁਰਕੀ' ਕਿਹਾ ਜਾਂਦਾ ਹੈ। ਕੁਝ ਦਿਨਾਂ ਬਾਅਦ ਇਸ ਮੁਰਕੀ ਨੂੰ ਕੱਢ ਦਿੱਤਾ ਜਾਂਦਾ ਹੈ। ਫਿਰ ਛੋਟੀਆਂ ਕੁੜੀਆਂ ਬਾਂਸ ਦੀ ਬਰੀਕ ਜਿਹੀ ਤੀਲ੍ਹੀ ਨੱਕ ਦੇ ਛੇਕ ਵਿੱਚ ਪਾ ਲੈਂਦੀਆਂ ਹਨ ਤਾਕਿ ਛੇਕ ਬੰਦ ਨਾ ਹੋ ਜਾਵੇ। ਬਾਂਸ ਦੀ ਬਜਾਏ ਨਿੰਮ ਦਾ ਬਰੀਕ ਜਿਹਾ ਡੱਕਾ ਪਾਉਣਾ ਜ਼ਿਆਦਾ ਵਧੀਆਂ ਸਮਝਿਆ ਜਾਂਦਾ ਹੈ ਕਿਉਂਜੋ ਨਿੰਮ ਇਕ ਕੁਦਰਤੀ ਐਂਟੀਬਾਇਟਿਕ ਹੈ ਜੋ ਨੱਕ ਨੂੰ ਪੱਕਣ ਜਾਂ ਦੁਖਣ ਤੋਂ ਬਚਾਉਂਦਾ ਹੈ।

**ਬੱਲੇ-ਬੱਲੇ ! ਵਈ ਤੀਲੀ ਵਾਲੀ ਖਾਲ ਟੱਪ ਗਈ,**
**ਲੌਂਗ ਵਾਲੀ ਨੇ ਭਨਾ ਲਏ ਗੋਡੇ।**
**ਬੱਲੇ ਬੱਲੇ ! ਨੀ ਤੀਲੀ ਦਾ ਦੀਦਾਰ ਕਰਕੇ,**
**ਪੁੱਤ ਜੱਟ ਦਾ ਸ਼ਰਾਬੀ ਹੋਇਆ।**

ਮਛੱਲੀ-ਇਹ ਨੱਕ ਦੇ ਬਿਲਕੁਲ ਵਿਚਾਲੇ ਪਾਇਆ ਜਾਂਦਾ ਹੈ। ਨੱਕ ਦੀਆਂ ਦੋਨੇ ਮੋਰੀਆਂ ਦੇ ਵਿਚਕਾਰ ਜਿਹੜਾ ਪਰਦਾ ਹੁੰਦਾ ਹੈ, ਉਸ 'ਚ ਇਹ ਪਹਿਨਿਆ ਜਾਂਦਾ ਹੈ। ਇਸਦੇ ਹੇਠਾਂ ਛੋਟੇ-ਛੋਟੇ ਪੱਤੇ ਲੱਗੇ ਹੁੰਦੇ ਹਨ, ਜਿੰਨ੍ਹਾਂ ਨੂੰ ਪੱਤ ਕਹਿੰਦੇ ਹਨ। ਇਹ ਹੇਠਾਂ ਨੂੰ ਲਮਕਦੇ ਹੋਏ ਉਪਰਲੇ ਬੁੱਲ੍ਹ ਨਾਲ ਖਹਿੰਦੇ ਰਹਿੰਦੇ ਹਨ। ਤਾਹੀਓਂ ਤਾਂ ਇਨ੍ਹਾਂ ਤੇ ਦੋਸ਼ ਬੁੱਲ੍ਹਾਂ ਦੀ ਲਾਲੀ ਚੂਸ ਜਾਣ ਦਾ ਲੱਗਦਾ ਰਿਹਾ ਹੈ। ਮੁਟਿਆਰਾਂ ਵੱਲੋਂ ਪਾਇਆ ਜਾਣ ਵਾਲਾ ਇਹ ਗਹਿਣਾ ਆਮਤੌਰ ਤੇ ਵਿਆਹਸ਼ਾਦੀ ਜਾਂ ਖੁਸ਼ੀ ਮੌਕੇ ਸੱਜਣਸੰਵਰਣ ਮੌਕੇ ਹੀ ਪਾਇਆ ਜਾਂਦਾ ਸੀ। ਇਸ ਦੀ ਇਕ ਹੋਰ ਖਾਸੀਅਤ ਸੀ ਕਿ ਇਸ ਨੂੰ ਲਗਾਤਾਰ ਨਹੀਂ ਪਾਇਆ ਜਾਂਦਾ ਸੀ, ਰਾਤ ਨੂੰ ਲਾਹ ਕੇ ਰੱਖ ਦਿੱਤਾ ਜਾਂਦਾ ਸੀ।

**ਸੁਣ ਨੀਂ ਕੁੜੀਏ ਮਛਲੀ ਵਾਲੀਏ, ਮਛਲੀ ਨਾ ਚਮਕਾਈਏ,**
**ਖੂਹ ਟੋਭੇ ਤੇਰੀ ਚਰਚਾ ਹੁੰਦੀ ,ਚਰਚਾ ਨਾ ਕਰਵਾਈਏ**
**ਆਪਣੇ ਮਾਪਿਆਂ ਦੀ ਫੁੱਲ ਵਰਗੀ ਰੱਖ ਜਾਈਏ**

**ਨੱਥ** - ਨੱਥ ਨੱਕ ਵਿੱਚ ਪਹਿਨਣ ਵਾਲੇ ਜਨਾਨਾ ਗਹਿਣੇ ਨੂੰ ਕਹਿੰਦੇ ਹਨ। ਇਹ ਇੱਕ ਝਾਲਰਦਾਰ ਛੱਲਾ ਹੁੰਦਾ ਹੈ, ਜਿਸ ਨਾਲ ਜ਼ੰਜੀਰੀ ਟਾਂਕੀ ਹੁੰਦੀ ਹੈ ਇਹ ਭਾਰਤ, ਪਾਕਿਸਤਾਨ, ਨੇਪਾਲ ਦੇ ਨਾਲ ਹੀ ਦੱਖਣੀ ਏਸ਼ੀਆ ਦੇ ਹੋਰ ਖੇਤਰਾਂ ਵਿੱਚ ਵੀ ਪ੍ਰਚੱਲਤ ਹੈ। ਭਾਰਤ ਵਿੱਚ ਨੱਥ ਨੂੰ ਇੱਕ ਸੁੰਦਰਤਾ ਦੀ ਨਿਸ਼ਾਨੀ ਦੇ ਨਾਲ ਨਾਲ ਪਾਰਵਤੀ ਲਈ ਇੱਕ ਹਿੰਦੂ ਦੇ ਸਨਮਾਨ ਵਜੋਂ ਸਮਝਿਆ ਜਾਂਦਾ ਹੈ, ਜਿਸ ਨੂੰ ਵਿਆਹ ਦੀ ਦੇਵੀ ਮੰਨਿਆ ਜਾਂਦਾ ਹੈ। ਨੱਕ ਵਿੰਨ੍ਹਣਾ ਭਾਰਤ ਵਿੱਚ ਅਜੇ ਵੀ ਪ੍ਰਸਿੱਧ ਹੈ। ਇਹ ਇਕ ਝਾਲਰਦਾਰ ਛੱਲਾ ਹੁੰਦਾ ਹੈ, ਜਿਸ ਨਾਲ ਜ਼ੰਜੀਰੀ ਲੱਗੀ ਹੁੰਦੀ ਹੈ। ਨੱਥ ਔਰਤਾਂ ਦਾ ਆਮ ਪਾਇਆ ਜਾਣ ਵਾਲਾ ਗਹਿਣਾ ਨਹੀਂ ਹੈਂ। ਇਹ ਵੱਡੇ ਘਰਾਂ ਦੀਆਂ ਨੂੰਹਾਂ ਨੂੰ ਹੀ ਨਸੀਬ ਹੁੰਦੀ ਸੀ ਨੱਥ ਭਾਰਤੀ ਵਿਆਹ ਦੇ ਗਹਿਣਿਆਂ ਦਾ ਅਨਿੱਖੜ ਹਿੱਸਾ ਹੈ।

ਐਥੇ ਮੇਰੀ ਨੱਥ ਡਿੱਗ ਪਈ, ਨਿਉਂ ਕੇ ਚੁੱਕੀਂ ਜੁਆਨਾ" "ਪਿੱਛੇ ਪਿੱਛੇ ਆਉਂਦਾ ਮੇਰੀ ਚਾਲ ਵੇਂਹਦਾ ਆਈਂ ਚੀਰੇ ਵਾਲਿਆ ਵੇਖਦਾ ਆਈਂ ਵੇ ਮੇਰਾ ਲੌਂਗ ਗੁਆਚਾ..

ਲੌਂਗ ਇੱਕ ਗਹਿਣਾ ਹੈ ਜੋ ਔਰਤਾਂ ਨੱਕ ਵਿੱਚ ਪਾਉਂਦੀਆਂ ਹਨ। ਇਸਨੂੰ ਪਹਿਨਣ ਤੋਂ ਪਹਿਲਾਂ ਨੱਕ ਦੇ ਨਥਨੇ ਵਿੱਚ ਸੁਰਾਖ ਕੀਤਾ ਜਾਂਦਾ ਹੈ ਲੌਂਗ ਅਤੇ ਕੋਕਾ ਤਕਰੀਬਨ ਇੱਕੋ ਜਿਹੀ ਸ਼ਕਲ ਦੇ ਸਾਦੇ ਗਹਿਣੇ ਹਨ ਅਤੇ ਇਹ ਅਜੋਕੇ ਸਮੇਂ ਵੀ ਪਹਿਨੇ ਜਾਂਦੇ ਹਨ। ਆਮ ਤੌਰ 'ਤੇ ਇਹ ਨੱਕ ਦੇ ਖੱਬੇ ਪਾਸੇ ਪਾਇਆ ਜਾਂਦਾ ਹੈ। ਲੌਂਗ, ਨੱਕ ਦੇ ਬਾਹਰ ਵੀ ਦਿੱਸਦਾ ਹੈ। ਇਸ ਦੇ ਸਿਰੇ ਉੱਤੇ ਅਸਲੀ ਲੌਂਗ ਵਾਂਗੂੰ ਨਿੱਕਾ ਜਿਹਾ ਫੁੱਲ ਹੁੰਦਾ ਹੈ। ਸ਼ੌਂਕ ਨਾਲ ਲੌਂਗ ਵਿੱਚ ਨਗ ਮੋਤੀ ਵੀ ਜੜਾ ਲਏ ਜਾਂਦੇ।

**ਤੇਰੇ ਲੌਂਗ ਦਾ ਪਿਆ ਲਿਸਕਾਰਾ,**
**ਹਾਲੀਆਂ ਨੇ ਹੱਲ ਡੱਕ ਤੇ।"**
**ਨੱਕ ਵਿੱਚ ਤੇਰੇ ਲੌਂਗ ਤੇ ਮੱਛਲੀ,**
**ਮੱਥੇ ਚਮਕੇ ਟਿੱਕਾ,**
**ਨੀ ਤੇਰੇ ਮੂਹਰੇ ਚੰਨ ਅੰਬਰਾਂ ਦਾ,**
**ਲੱਗਦਾ ਫਿੱਕਾ ਫਿੱਕਾ,**
**ਹੱਥੀ ਤੇਰੇ ਛਾਪਾਂ ਛੱਲੇ,**
**ਬਾਹੀ ਚੂੜਾ ਛਣਕੇ,**
**ਨੀ ਫਿਰ ਕਦ ਨੱਚੇਗੀ,**
**ਨੱਚ ਲੈ ਪਟੋਲਾ ਬਣਕੇ,**
**ਨੀ ਫਿਰ ਕਦ ........"**

**ਪਿੱਪਲ ਪੱਤੀਆ** - ਪਿੱਪਲ ਪੱਤੀਆਂ ਔਰਤਾਂ ਦਾ ਕੰਨਾਂ ਦਾ ਇੱਕ ਗਹਿਣਾ ਹੈ। ਪਿੱਪਲ ਪੱਤੀਆਂ ਸੋਨੇ ਦੀਆਂ ਬਣੀਆਂ ਹੁੰਦੀਆਂ ਹਨ। ਇਹਨਾਂ ਪੱਤੀਆਂ ਦੀ ਸਕਲ ਪਿੱਪਲ ਦੇ ਪੱਤਿਆਂ ਵਰਗੀ ਹੁੰਦੀ ਹੈ। ਇਸ ਪਿੱਛੇ ਇੱਕ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਪਿੱਪਲ ਦਾ ਲੋਕ ਜੀਵਨ ਵਿੱਚ ਕਾਫੀ ਮਹੱਤਵ ਹੈ ਕਿਉਂਕਿ ਪਿੱਪਲ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਗਹਿਣੇ ਨੂੰ ਮੁਟਿਆਰਾਂ ਤੋਂ ਲੈ ਕੇ ਬਜ਼ੁਰਗ ਉਮਰ ਤੱਕ ਦੀਆਂ ਸਾਰੀਆਂ ਔਰਤਾਂ ਪਹਿਨਦੀਆਂ ਹਨ। ਕਈ ਇਲਾਕਿਆਂ ਵਿੱਚ ਇਸ ਨੂੰ ਪਿੱਪਲ ਪੱਤਰਾ ਜਾਂ ਸੋਨੇ ਦੇ ਪੱਤੇ ਵੀ ਕਿਹਾ ਜਾਂਦਾ ਹੈ ਸੋਨੇ ਦੀਆਂ ਗੋਲ ਵਾਲੀਆਂ ਬਣਾ ਕੇ ਉਹਨਾਂ ਦੇ ਹੇਠਾਂ ਕੁੰਡੇ ਲਗਾ ਦਿੱਤੇ ਜਾਂਦੇ ਹਨ। ਇਹਨਾਂ ਕੁੰਡਿਆਂ ਵਿੱਚ ਪਿੱਪਲ ਦੀਆਂ ਪੱਤੀਆਂ ਦੀ ਤਰਾਂ ਸੋਨੇ ਦੀਆਂ ਨਿੱਕੀਆਂ-ਨਿੱਕੀਆਂ ਪੱਤੀਆਂ ਬਣਾ ਕੇ ਲਾਈਆਂ ਜਾਂਦੀਆਂ ਹਨ। ਇਹਨਾਂ ਪੱਤੀਆਂ ਦੀ ਗਿਣਤੀ ਤਿੰਨ ਜਾਂ ਚਾਰ ਹੁੰਦੀ ਹੈ।

**ਆਹ ਲੈ ਨੱਤੀਆਂ, ਕਰਾ ਲੈ ਪਿੱਪਲ ਪੱਤੀਆਂ,**
**ਕਿਸੇ ਨਾਲ ਗੱਲ ਨਾਂ ਕਰੀਂ।**
**ਕੰਨਾਂ ਦੇ ਵਿੱਚ ਪਿੱਪਲ ਪੱਤੀਆਂ, ਬਾਹੀਂ ਚੂੜਾ ਛਣਕੇ,**
**ਗਿੱਧਾ ਜੱਟੀਆਂ ਦਾ, ਦੇਖ ਸ਼ਕੀਨਾ ਖੜ੍ਹਕੇ।**

**ਕੋਕਰੂ**: ਕੋਕਰੂ ਕੰਨ ਦੀ ਗਲੀ ਦੇ ਬਾਹਰਲੇ ਵਧਵੇਂ ਭਾਗ ਵਿੱਚ ਪਹਿਨੇ ਜਾਂਦੇ ਸਨ।

**ਤੁੰਗਲ** - ਤੁੰਗਲ ਗੋਲ ਚੂੜੀਆਂ ਵਾਂਗ ਪਲੇਨ ਡੰਡੀਆਂ ਨੂੰ ਕਹਿੰਦੇ ਹਨ।

ਇਸ ਤੋਂ ਇਲਾਵਾ ਕੰਨਾ ਵਿੱਚ ਕਾਂਟੇ, ਝੁਮਕੇ, ਟੌਪਸ, ਬੁੰਦੇ, ਵਾਲੀਆਂ, ਵਾਲੇ ਆਦਿ ਕੰਨ ਦੀ ਹੇਠਲੀ ਪੇਪੜੀ ਵਿੱਚ ਪਾਏ ਜਾਂਦੇ ਹਨ। ਕਾਂਟੇ ਕਈ ਕਿਸਮਾਂ ਦੇ ਹੁੰਦੇ ਹਨ। ਝੁਮਕੇ ਫੁੱਲ ਵਰਗੇ ਹੁੰਦੇ ਹਨ। ਝੁਮਕੇ ਦੇ ਹੇਠਲੇ ਪਾਸੇ ਵਾਲੇ ਘੇਰੇ ਨਾਲ ਸੋਨੇ ਦੀਆਂ ਪੱਤੀਆਂ ਤੇ ਮੋਤੀ ਜੜੇ ਹੁੰਦੇ ਹਨ। ਡੰਡੀਆਂ, ਵਾਲੀਆਂ, ਰੇਲਾਂ ਦੇ ਵੀ ਬਹੁਤ ਨਮੂਨੇ ਹੁੰਦੇ ਹਨ।





# ਪ੍ਰੀਤ ਫੁਲਵਾੜੀ

## ਕਿਰਦਾਰ

ਆਪਣੀਆਂ ਕਮੀਆਂ ਲਿਖਣ ਲੱਗਿਆ ਕਲਮ ਕਿਉਂ ਰੁਕ ਜਾਂਦੀ
ਗੱਲਾਂ ਬਹੁਤ ਸਾਇਰ ਲਿਖਦੇ ਕਾਸ ਕਦੇ ਆਪਣੇ ਤੇ ਢੁਕ ਜਾਂਦੀ
ਹਰ ਕੋਈ ਸੋਚਦਾ ਸਾਡੇ ਲਈ ਇਹਦਾ ਕਿਰਦਾਰ ਕਿੱਦਾਂ ਦਾ ਹੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਅੰਦਰੋਂ ਅਸੀਂ ਚਲਾਕ ਬੜੇ ਪਰ ਚਿਹਰੇ ਦੇਖਣ ਨੂੰ ਭੋਲੇ ਨੇ
ਚਿੱਟੇ ਕੱਪੜੇ ਪਾ ਦੁਕਾਨੇਂ ਤੁਰ ਜਾਈਏ ਕਾਲੇ ਕਰਨੇ ਕੋਲੇ ਨੇ
ਬੇਗਾਨਾ ਕੋਈ ਪਹੁੰਚ ਨਾ ਸਕੇ ਆਪਣਾ ਜਰੂਰ ਟੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਕਾਹਦੇ ਮਾਨ ਦੋਲਤ ਸੋਹਰਤ ਦੇ ਸਭ ਕੁੱਝ ਛੱਡ ਟੁਰ ਜਾਣਾ
ਅਸੀਂ ਪਤਾਸੇ ਮਿੱਠੇ ਜਿਹੇ ਪਾਣੀ ਦੇ ਵਹਾਉ ਵਿੱਚ ਖੁਰ ਜਾਣਾ
ਇਹ ਕੱਚੀ ਮਿੱਟੀ ਦਾ ਕੋਠਾ ਹੈ ਮੀਂਹ ਵਿੱਚ ਚੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਲਿਖਦਿਆਂ ਲਿਖਦਿਆਂ ਕਵੀ ਦਰਦ ਬਿਆਨ ਕਰ ਜਾਂਦੇ
ਜਿੰਦਗੀ ਦੀ ਬਾਜੀ ਨੂੰ ਜਿੱਤਦਿਆਂ ਜਿੱਤਦਿਆਂ ਹਰ ਜਾਂਦੇ
ਸੁਖਚੈਨ,ਅਰਥੀ ਮੋਢੇ ਚੱਕ ਹੋਣੀ ਹਰ ਕੋਈ ਪਿੱਛੇ ਖਲੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।

**ਸਾਇਰ ਸੁਖਚੈਨ ਸਿੰਘ,ਠੱਠੀ ਭਾਈ,**
00971527632924

## ਧੰਨ ਮਜਦੂਰ

ਧੰਨ ਜਿਗਰਾ ਕਿਰਤੀਆ ਤੇਰਾ,,
ਧੰਨ ਜੋ ਹੌਂਸਲੇ ਬੁਲੰਦ ਰੱਖਿਆ,
ਚਾਅ ਰੀਝਾਂ ਨੂੰ ਬੈਠਿਆ ਰੁਸਾ ਕੇ,
ਮੂੰਹ ਬੜੇ ਘੁੜੰਮਾਂ ਦੇ ਬੰਦ ਰੱਖਿਆ,
ਰੋਟੀ ਖਾਂਦਾ ਨਹੀਂ ਸੁਣਿਆ ਤੂੰ ਰੱਜਕੇ,
ਸੋਚ ਫਿਕਰਾਂ ਨੇ ਹੀ ਤੈਨੂੰ ਖਾ ਲਿਆ,
ਨੀਂਦ ਆਉਂਦੀ ਨਹੀਂ ਹਣ ਰਾਤੀਂ ਤੈਨੂੰ,
ਦੁੱਖ ਰਹਿੰਦੇ ਤੇਰੇ ਆਲੇ ਦੁਆਲਿਆ,
ਸੂਰਜ ਨਿੱਕਲੇ ਤੋਂ ਨਿੱਤ ਘਰੋਂ ਤੁਰ ਜਾਵੇਂ,
ਛਿਪੇ ਤੋਂ ਹੀ ਰੋਜਾਨਾ ਤੂੰ ਘਰੇ ਵੜਦਾ,,
ਕਦੇ ਵੇਖਿਆ ਨਹੀਂ ਵਿਹਲੇ ਬੈਠ ਲੜਦਾ,
ਔਕੜਾਂ ਨਾਲ ਪਲ ਪਲ ਵੇਖਾਂ ਲੜਦਾ,,
ਬਾਲੇ ਛੱਤ ਤੇਰੀ ਦੇ ਟੁੱਟੇ ਪਿਆ,
ਟੁੱਟੇ ਰਿਸ਼ਤਿਆਂ ਨੂੰ ਰਹੇ ਗੰਡਦਾ,
ਨਿੰਬੂ ਵਾਂਗ ਰੱਖ ਦੇਵੇਂ ਸਰੀਰ ਨਿਚੋੜ ਕੇ,
ਨਾ ਬੈਠ ਲੇਖਾਂ ਤਕਦੀਰਾਂ ਨੂੰ ਭੰਡਦਾ,,
ਰੁੱਤ ਠੰਡੀ ਚ ਵੀ ਵੇਖਿਆ ਠਰਦਾ ,,
ਗਰਮੀ ਚ ਸ਼ਰੇਆਮ ਵੇਖਿਆ ਮੱਚ ਦਾ,
ਸਿਕਵਾ ਕਰੇ ਨਾ ਕਿਸੇ ਨਾਲ ਐਵੇਂ,
ਤੂੰ ਤਾਂ ਮੁਸਕਿਲਾਂ ਚ ਵੀ ਫਿਰੇਂ ਨੱਚਦਾ,
ਸ਼ਬਰ ਸੰਤੋਖ ਤੇਰੇ ਪੱਕੇ ਲਿਹਾਜੀ ਬਣੇ,
ਵੈਰੀ ਬਣਿਆ ਤੂੰ ਫਿਰੇ ਹੰਕਾਰ ਦਾ,
ਹੱਕ ਛੱਡ ਦਾ ਨਹੀਂ ਕਦੇ ਵੀ ਆਪਣਾ,
ਬੰਦੇ ਸੱਚਿਆ ਕਿਸੇ ਦਾ ਨਾ ਹੱਕ ਮਾਰਦਾ,
ਭੁੱਖਾ ਪਿਆਸਾ ਰਹਿ ਕੇ ਵਕਤ ਕੱਢ ਲੈਂਦਾ,
ਕਦੇ ਤੂੰ ਲੋਕਾਂ ਚ ਨਹੀਂ ਚੁੱਕੇ ਪਰਦੇ,
ਹਾਸਾ ਤੇਰਾ ਦੱਸੇ ਕਿ ਕਮੀ ਨਹੀਂ ਕੋਈ,
ਬੰਦਾ ਰੋ ਪੈਂਦਾ ਹਾਲਾਤ ਤੇਰੇ ਵੇਖ ਘਰਦੇ,,
ਖਾਂਦੇ ਮਿਹਨਤ ਦੀ ਕਮਾ ਕੇ ਮੱਖਣ ਸ਼ੇਰੋਂ,
ਠੱਗੀ ਚੋਰੀ ਨਾ ਲਾਉਂਦੇ ਬਿਰਤੀਆਂ ਨੂੰ,,
ਸਦਾ ਕੁਦਰਤ ਸਲਾਮਤ ਰੱਖੇ ਦੁਆ ਕਰੀਏ,
ਬੰਦੇ ਮਿਹਨਤੀ ਜੋ ਆਹ ਕਿਰਤੀਆਂ ਨੂੰ,,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹ ਸੰਗਰੂਰ।**
**ਸੰਪਰਕ 98787-98726**

## ਬਨਾਰਸ ਦੀ ਮਿੱਟੀ ਕਲਸਾਂ ਵਿੱਚ ਪਾ ਕੇ

'ਬਨਾਰਸ' ਮਨੂੰਵਾਦੀਆਂ
ਦੇ ਵੱਡੇ ਗੜ੍ਹ ਅੰਦਰ,
'ਰਵਿਦਾਸ' ਨੇ ਮਨੂੰਵਾਦੀਆਂ ਨੂੰ ਲਲਕਾਰਿਆ ਸੀ ਲੋਕਾਂ
ਨੂੰ ਜਾਤਾਂ 'ਚ ਵੰਡ ਜਿਨ੍ਹਾਂ ਹੱਕ ਮਾਰੇ,
ਉਨ੍ਹਾਂ ਲੁਟੇਰਿਆਂ ਨੂੰ ਖੂਬ ਫਿਟਕਾਰਿਆ ਸੀ।
ਇਨ੍ਹਾਂ ਦੇ ਹਰ ਝੂਠ ਦਾ ਪਰਦਾਫਾਸ਼ ਕਰਕੇ,
ਅਸਲੀ ਸੱਚ ਲੋਕਾਂ ਵਿੱਚ ਪ੍ਰਚਾਰਿਆ ਸੀ।
ਪੰਡਿਤਾਂ ਡੰਡਾਉਤਾਂ ਕਚਿਹਰੀ ਵਿੱਚ ਕਰੀਆਂ
ਜਦ 'ਰਵਿਦਾਸ' ਨਾ ਇਨ੍ਹਾਂ ਤੋਂ ਹਾਰਿਆ ਸੀ।
ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਕੋਲੋਂ,
ਲੱਗਦਾ ਇਹ ਅੱਜ ਵੀ ਖ਼ੌਫ਼ ਖਾਂਵਦੇ ਜੀ।
ਤਾਹੀਂ ਬਨਾਰਸ ਦੀ ਮਿੱਟੀ ਕਲਸਾਂ ਵਿੱਚ ਪਾ ਕੇ,
ਥਾਂ-ਥਾਂ ਫਿਰਦੇ ਨੇ ਮੱਥੇ ਟਿਕਾਂਵਦੇ ਜੀ।

**ਮੇਜਰ ਸਿੰਘ 'ਬੁਢਲਾਡਾ'** 94176 42327

## ਲੋਰੀ

ਦੇ ਦੇ ......
ਅੰਮੜੀਏ ਲੋਰੀ ਮੈਨੂੰ
ਸਾਰਿਆਂ ਤੋ ਚੋਰੀ ਚੋਰੀ ਮੈਨੂੰ !!
ਦਾਦੀ ਮਾਂ
ਕੋਲੋਂ ਮੈਂ ਉੱਠ ਕੇ ਆਇਆ
ਤੰਗ ਆਈ ਮੇਰੀਆਂ ਭੁਕਾਈਆਂ ਤੋ
ਨਿੱਘੀ ਗੋਦ ਮਾਂ ਏ ਤੇਰੀ
ਲੱਗੇ ਮੈਨੂੰ ਇਹ ਕਈ ਰਜਾਈਆਂ ਤੋਂ !!
****************************

ਤਿੱਤਲੀ ਦੇ
ਖੰਭਾਂ ਵਰਗੇ
ਕੂਲੇ ਕੂਲੇ ਮਾਂ ਹੱਥ ਨੇ ਤੇਰੇ
ਪੋਲੇ ਪੋਲੇ ਬਾਲਾਂ ,ਚ ਤੂੰ ਫੇਰਦੇ ਮੇਰੇ !!
ਕਾਂ ਚਿੜੀ ਦੀ ਸੁਣਾ ਦੇ ਬਾਤ
ਮੈਂ ਭਰਾਂਗੀ ਹੁੰਗਾਰਾ ਫਿਰ ਸਾਰੀ ਰਾਤ
ਸਦਕੇ ਜਾਵਾਂ ਮੈਂ
ਮਾਂ ਤੇਰੀਆਂ ਸਚਾਈਆਂ ਤੋ,,,,,,
ਨਿੱਘੀ ਗੋਦ ਏ, ਮਾਂ ਤੇਰੀ
ਲੱਗੇ ਮੈਨੂੰ ਇਹ ਕਈ ਰਜਾਈਆਂ ਤੋ !!
****************************

ਚੰਦ ਮਾਮੇ ਦੀ
ਮੈਨੂੰ ਅੱਜ ਫਿਰ ਲੋਰੀ ਸੁਣਾ ਦੇ
ਆਟੇ ਵਾਲੀ ਚਿੜੀ
ਕੱਲ ਸਵੇਰੇ ਫਿਰ ਮੈਨੂੰ ਬਣਾ ਦੇ,
ਥਾਪੜ ਥਾਪੜ ਕੇ
ਕਿਤੇ ਮੈਨੂੰ ਨਾ ਤੂੰ ਸੌਂਲਾਦੀ
ਸੁਤੀ ਪਏ ਨੂੰ
ਕਿਤੇ ਚੁੱਕ ਬੇਬੇ ਨਾਲ ਨਾ ਪਾ ਦੀ
ਨਾਨਕੇ ਪਿੰਡ ਆਪਾਂ ਪੱਕਾ ਜਾਣਾ
ਕਣਕਾਂ ਦੀਆਂ ਬਾਦ ਵਢਾਈਆਂ ਤੋ
ਨਿੱਘੀ ਗੋਦ ਏ, ਮਾਂ ਤੇਰੀ
ਲੱਗੇ ਮੈਨੂੰ ਇਹ ਕਈ ਰਜਾਈਆਂ ਤੋ !!
ਬਹੁਤੀਆਂ ਦੁਆਵਾਂ
ਐਂਵੇ ਨਾ, ਮੈਨੂੰ ਦੇਈ ਜਾ ਨੀ ਮਾਏ
ਕਿਤੇ ਬਹੁਤੀਆਂ ਲੰਮੀਆਂ
ਉਮਰਾਂ ਮੇਰੀਆਂ ਹੋ ਜਾਣ ਨਾ ਮਾਏ
ਮੈਨੂੰ ਕੱਲੀ ਛੱਡ ਕੇ ਲੰਘ ਜਾਈ ਨਾ ਮਾਏ
ਦਿਲ ਡਰਦਾ
ਦੀਪ-ਰੱਤੀ ਦਾ ਤੇਰੀ ਰੁਸਵਾਈਆਂ ਤੋ
ਨਿੱਘੀ ਗੋਦ ਏ, ਮਾਂ ਤੇਰੀ
ਲੱਗੇ ਮੈਨੂੰ ਇਹ ਕਈ ਰਜਾਈਆਂ ਤੋ !!

**ਦੀਪ ਰੱਤੀ** 9815478547

## ਮਾਂ

ਮਾਂਵਾਂ ਤਾਂ ਮਾਂਵਾਂ ਨੇ ਹੁੰਦੀਆਂ,
ਪੁੱਤਰਾਂ ਲਈ ਇਹ ਛਾਂਵਾਂ ਹੁੰਦੀਆਂ।
ਤੀਰਥ ਨਹਾਕੇ ਕੀ ਕਰਨਾ ਏ,
ਜਦ ਘਰਾਂ ਵਿੱਚ ਮਾਂਵਾਂ ਹੁੰਦੀਆਂ।
ਮਾਂਵਾਂ ਤਾਂ..........................
ਲੰਬੀ ਉਮਰ ਲਈ ਕਰਨ ਦੁਆਵਾਂ,
ਪਤੀ ਲਈ ਇਹ ਪਰਛਾਂਵਾਂ ਹੁੰਦੀਆਂ।
ਵਿੱਚ ਬੈਠੇ ਪਰਦੇਸੀਂ ਪੁੱਤ ਲਈ,
ਸਿਰ 'ਤੇ ਵਾਂਗ ਦੁਆਵਾਂ ਹੁੰਦੀਆਂ।
ਮਾਂਵਾਂ ਤਾਂ..........................
ਸਹੁਰੇ ਵਸਦੀ ਧੀ ਆਪਣੀ ਲਈ,
ਵਗਦੀਆਂ ਨਰਮ ਹਵਾਵਾਂ ਹੁੰਦੀਆਂ।
ਪੇਕੇ ਘਰ ਵਿੱਚ ਬੈਠੇ ਵੀਰ ਲਈ,
ਸਦਾ ਹੀ ਨੇਕ ਸਲਾਹਵਾਂ ਹੁੰਦੀਆਂ।
ਮਾਂਵਾਂ ਤਾਂ..........................
ਮਾਂਵਾਂ ਨੂੰ ਜੋ ਘਰੋਂ ਦੁਰਕਾਰਨ,
ਕਿਉਂ ਨੀ ਸਖਤ ਸਜਾਵਾਂ ਹੁੰਦੀਆਂ ?
ਗੁੰਮਨਾਮ ਹੀ ਰਹਿੰਦਾ ਸੁਖਚੈਨ ਹਮੇਸਾਂ,
ਮਾਂ ਦੀਆਂ ਜੇ ਨਾ ਦੁਆਵਾਂ ਹੁੰਦੀਆਂ।

**ਸ.ਸੁਖਚੈਨ ਸਿੰਘ ਕੁਰੜ**
**(ਪੰਜਾਬੀ ਅਧਿਆਪਕ)**
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ**
**ਮਾਨਾ ਸਿੰਘ ਵਾਲਾ**

## ਬਿਰਹਾ ਦਾ ਕਵੀ

ਸ਼ਿਵ ਨੂੰ ਯਾਦ ਕਰਦਿਆਂ ,
ਦਿਲ ਵਿੱਚ ਹੌਕੇ ਭਰਦਿਆਂ।
ਜਦ ਵੀ ਸ਼ਿਵ ਦੀ ਯਾਦ ਆਉਂਦੀ ,
ਦਿਲ ਚੰਦਰੇ ਨੂੰ ਚੀਰਾ ਲਾਉਂਦੀ।
ਯਾਦ ਸ਼ਿਵ ਦੀ ਜਦੋਂ ਪਾਵੇ ਮੋੜੇ,
ਵਾਰ-ਵਾਰ ਦਿਲ ਨੂੰ ਚੰਦਰੀ ਝੰਜੋੜੇ।
ਨਾ ਮਰਹਮ ਮਿਲੇ ਨਾ ਕੋਈ ਪੱਟੀ ,
ਜਾਵਾਂ ਦੱਸੋ ਮੈਂ ਕਿਹੜੀ ਹੱਟੀ।
ਜਦੋਂ ਚੜ੍ਹ ਪਲਾਂ ਵਿੱਚ ਤਾਰਾ ਛੁਪਿਆ,
ਓਦੋਂ ਬੱਦਲਾਂ ਓਹਲੇ ਸਾਹਿਤ ਦਾ ਸੂਰਜ ਲੁਕਿਆ।
ਚੇਤੇ ਆਵੇ ਸ਼ਿਵ ਦੀ ਕਵਿਤਾ ਬਿਰਹੋਂ ਦੀ ਰੜਕ,
ਸਿਸਕੀਆਂ ਲੈਣ ਇੱਛਾਵਾ ਜਦੋਂ ਅੰਦਰੋਂ ਉੱਠੇ ਭੜਕ ।
ਆਦਰਾਂ ਦੇ ਖੂਨ ਨੂੰ ਰਿੜਕਦੀ ਦਿਲ ਦੀ ਹੂਕ,
ਮਣ-ਮਣ ਹੰਝੂ ਪੀਸੇ ਚੱਕੀ, ਨਾ ਕਰੇ ਕੋਈ ਚੂਕ।
ਕੋਈ ਜੋਬਨ ਰੁੱਤੇ ਤੁਰਿਆ ,
ਦੁੱਖਾਂ ਦੇ ਨਾਲ ਮਨ ਭਰਿਆ।
ਛੋਟੀ ਉਮਰੇ ਮਰਿਆ ਕੋਈ ਕਰਮਾ ਮਾਰਾ,
ਗਗਨ ਅੱਜ ਵੀ ਸ਼ਿਵ ਨੂੰ ਚੇਤੇ ਕਰਦਾ ਜੱਗ ਸਾਰਾ ।

**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

## ਝੂਠੀ ਸੋਹਰਤ

ਮੇਰਾ ਮੰਨਿਆ ਬਾਹਲਾ ਨਾਮ ਨੀ ਹੈਗਾ,
ਕੋਈ ਗੱਲ ਨੀ ਪਰ ਮੈਂ ਆਮ ਨੀ ਹੈਗਾ,,
ਰੋਟੀ ਮਿਹਨਤ ਦੀ ਕਮਾ ਕੇ ਖਾਂਦਾ ਹਾਂ,
ਮੈਂ ਦੋ ਨੰਬਰੀ ਜਾਂ ਬੇਈਮਾਨ ਨੀ ਹੈਗਾ,,
ਆਪਣੀ ਜਿੰਦਗੀ ਜਿਵੇਂ ਮਰਜੀ ਜੀਵਾਂ,
ਹੱਕਦਾਰ ਹਾਂ! ਕੋਈ ਗੁਲਾਮ ਨੀ ਹੈਗਾ,,
ਘਾਟੇ-ਵਾਧੇ ਸਭ ਹੱਸ.. ਕੇ ਝੱਲੇ ਨੇ ਮੈਂ,
ਇਨ੍ਹਾਂ ਕੋਲੋਂ ਹੋਇਆ ਪ੍ਰੇਸਾਨ ਨੀ ਹੈਗਾ,,
ਦਾਤਾਂ ਦਾ ਸੁਕਰ ਬਾਕੀ ਸਬਰ ਕੀਤਾ,
ਡੋਲਿਆ ਹੋਵੇ ਓਹ ਈਮਾਨ ਨੀ ਹੈਗਾ,,
ਇੱਜਤ ਨਾਲ ਪੇਸ ਮੈਂ ਆਵਾਂ ਸਭ ਨੂੰ,
ਖੱਟਿਆ ਗਲਤ ਇਲਜਾਮ ਨੀ ਹੈਗਾ,,
ਇੱਥੇ ਇੱਜਤ ਕਿਸੇ-ਕਿਸੇ ਨੂੰ ਪਚਦੀ,
ਤੇਰੇ ਹਿੱਸੇ ਵਿੱਚ ਇਹ ਮਾਣ ਨੀ ਹੈਗਾ,,
ਹਾਂ ਝੂਠੀ ਸੋਹਰਤ ਇਕੱਠੀ ਨਾ ਕੀਤੀ,
ਤੇਰੇ ਜਿਨਾਂ ਤਾਂ ਮੈਂ ਬਦਨਾਮ ਨੀ ਹੈਗਾ,,
ਮੈਂ ਜੈਸਾ ਵੀ ਹਾਂ ਬਸ ਓਹੀਓ ਠੀਕ ਹਾਂ,
ਕਦੇ ਬਣਿਆ ਐਵੀਂ ਮਹਾਨ ਨੀ ਹੈਗਾ,,
ਗੁਰੀ' ਕੋਲ ਢੇਰ ਨਹੀਂ ਡਿਗਰੀਆਂ ਦੇ,
ਅਕਲੋਂ ਖੂਹ ਖਾਲੀ' ਕਥਾਨ ਨੀ ਹੈਗਾ

**ਗੁਰਵਿੰਦਰ ਗੁਰੀ**

## ਈਂਦ ਦਾ ਚੰਨ

ਈਂਦ ਵਾਲੇ--- ਚੰਨ ਦੀਆਂ
ਚਾਰੇ ਪਾਸੇ ਹੀ--- ਤਾਰੀਫਾਂ ਨੇਂ
ਦਿਨੇ ਰਾਤੀਂ ----- ਰਹਿੰਦੀਆਂ
ਹੁੱਣ ਉਹਦੀਆਂ--- ਉਡੀਕਾਂ ਨੇਂ
ਘੁੱਮਣ ਤੇ ਘੇਰੀਆਂ ----
ਦੇ ਵਿੱਚ -- ਪਾਈ ਨਿੱਤ ਰੱਖਦਾ
ਮੁੱਖ ਉੱਤੇ --- ਨੂਰ ਉਹਦੇ
ਪਇਆ-- ਲਾਟ ਵਾਂਗੂੰ ਮੱਚਦਾ
ਚੰਨ ਹੁੱਣ ---ਰੱਖਦਾ
ਬਣਾਕੇ- ਥੋੜੀ -- ਦੂਰੀ ਬਈ
ਰਹਿੰਦਾ ਏ --- ਮੜੱਕ ਨਾਲ
ਤੇ ਟੋਹਰ ਉਹਦੀ -- ਪੂਰੀ ਬਈ
ਉੱਚਿਆ ਦੇ --- ਨਾਲ ਉਹਨੇ
ਹੁੱਣ ਲਾਅ ਲਈਆਂ ਯਾਰੀਆਂ
ਕਰਦਾ ਏ -- ਨਾਲ ਸਾਡੇ
ਉਹ -- ਗੱਲਾਂ ਹੁੱਣ ਖਾਰੀਆਂ
ਸਾਬ -- ਨੀਵੇਆਂ ਦੇ ਨਾਲ ਕਦੋਂ
ਹੁੰਦੀਆਂ--- ਵਫਾਵਾਂ ਨੇ
ਪੈਰ ਪੈਰ --- ਤੁਰੀ ਚੱਲ
ਜੋ--ਅਨਮਿਥੀਆਂ-- ਤੂੰ ਰਾਵਾਂ ਨੇ
ਰੂਹ ਵਾਲੇ -- ਸ਼ੀਸੇ ਤੇ
ਨਿੱਤ ਪੈਂਦੀਆ --- ਝਰੀਟਾਂ ਨੇ
ਈਂਦ ਵਾਲੇ -- ਚੰਨ ਦੀਆਂ
ਚਾਰੇ ਪਾਸੇ ਹੀ -- ਤਾਰੀਫਾਂ ਨੇ
ਹੁੱਣ-- ਚਾਰੇ ਪਾਸੇ ਹੀ-- ਤਾਰੀਫਾਂ ਨੇ

**ਕੁੱਲਦੀਪ ਸਿੰਘ ਸਾਬਾ ਮੱਰੜੀ ਕਲਾਂ**
99142-26365

## .ਗਜ਼ਲਾਂ

ਬਿਨ ਤੇਰੇ ਹਰ ਪਲ ਹੁਣ ਤਾਂ ਸਜ਼ਾ ਲੱਗਦਾ ਹੈ,
ਸਾਹਾਂ ਦਾ ਚੱਲਣਾ ਵੀ ਇੱਕ ਗੁਨਾਹ ਲੱਗਦਾ ਹੈ।
ਸ਼ਹਿਰ ਦੀ ਭੀੜ ਵਿੱਚ ਵੀ ਇਕੱਲੇ ਹਾਂ ਅਸੀਂ,
ਤੇਰੇ ਬਿਨਾਂ ਹਰ ਇੱਕ ਮੰਜਰ ਤਬਾਹ ਲੱਗਦਾ ਹੈ।
ਕਦੇ ਆਉਂਦੀ ਸੀ ਖ਼ੁਸ਼ਬੂ ਤੇਰੇ ਸਾਹਾਂ ਦੀ ਜਿਸ 'ਚੋਂ,
ਹੁਣ ਤਾਂ ਉਹ ਹਵਾ ਦਾ ਝੋਂਕਾ ਵੀ ਬੇਵਫ਼ਾ ਲੱਗਦਾ ਹੈ।
ਤੇਰੇ ਦਿੱਤੇ ਜ਼ਖ਼ਮਾਂ ਨੂੰ ਸੀਨੇ ਨਾਲ ਲਾ ਕੇ ਸੁੱਤੇ ਹਾਂ,
ਦਰਦ ਦਾ ਇਹ ਰਿਸ਼ਤਾ ਹੀ ਹੁਣ ਸੱਚਾ ਲੱਗਦਾ ਹੈ।
ਅਸੀਂ ਤਾਂ ਬਿਤਾ ਦਿੱਤੀ ਉਮਰ ਤੇਰੀ ਆਸ ਵਿੱਚ,
ਹੁਣ ਤਾਂ ਆਪਣਾ ਵਜੂਦ ਵੀ ਇੱਕ ਧੁੰਦਲਾ ਜਿਹਾ ਲੱਗਦਾ ਹੈ।

.................................................

ਉਹਦੇ ਵਿਛੋੜੇ ਦਾ ਸਦਮਾ ਹੰਢਾ ਰਿਹਾ ਹੈ ਦਿਲ,
ਹੌਲੀ-ਹੌਲੀ ਆਪਣਾ ਆਪ ਮਿਟਾ ਰਿਹਾ ਹੈ ਦਿਲ।
ਕੋਈ ਸੁਨੇਹਾ ਉਸ ਬੇਖ਼ਬਰ ਵੱਲੋਂ ਨਹੀਂ ਆਇਆ,
ਫਿਰ ਵੀ ਉਮੀਦਾਂ ਦਾ ਦੀਵਾ ਜਗਾ ਰਿਹਾ ਹੈ ਦਿਲ।
ਦਰਦਾਂ ਦੀ ਧੁੱਪ ਸਿਰ 'ਤੇ, ਸਾਇਆ ਕਿਤੇ ਨਹੀਂ,
ਝੂਠੇ ਜਿਹੇ ਦਿਲਾਸੇ ਖ਼ੁਦ ਨੂੰ ਸੁਣਾ ਰਿਹਾ ਹੈ ਦਿਲ।
ਜਿਸ ਰਾਹ ਤੋਂ ਕਦੇ ਵੀ ਉਹ ਮੁੜ ਕੇ ਨਾ ਆ ਸਕਿਆ,
ਓਸੇ ਹੀ ਰਾਹ ਉੱਤੇ ਪਲਕਾਂ ਵਿਛਾ ਰਿਹਾ ਹੈ ਦਿਲ।
ਖ਼ਤ ਵੀ ਸਾਰੇ ਭਿੱਜ ਗਏ ਹੰਝੂਆਂ ਦੀ ਬਾਰਿਸ਼ ਵਿੱਚ,
ਹਰ ਭਿੱਜੇ ਹਰਫ਼ ਨੂੰ ਫਿਰ ਗੁਣਗੁਣਾ ਰਿਹਾ ਹੈ ਦਿਲ।
ਉਹ ਬੇਵਫ਼ਾ ਸੀ ਜਾਂ ਫਿਰ ਵੇਲੇ ਦੀ ਮਜਬੂਰੀ ਸੀ,
ਇੱਕੋ ਹੀ ਸਵਾਲ ਵਿੱਚ ਖ਼ੁਦ ਨੂੰ ਫਸਾ ਰਿਹਾ ਹੈ ਦਿਲ।
ਲੋਕਾਂ ਨੂੰ ਹੱਸ ਕੇ ਮਿਲਦਾ, ਹਾਲ ਨਹੀਂ ਦੱਸਦਾ,
ਅੰਦਰ ਹੀ ਅੰਦਰ ਅੱਥਰੂ ਵਹਾ ਰਿਹਾ ਹੈ ਦਿਲ।
ਜ਼ਖ਼ਮਾਂ ਨੂੰ ਲਫ਼ਜ਼ ਦੇ ਕੇ ਗ਼ਜ਼ਲਾਂ ਵਿੱਚ ਢਾਲ ਕੇ,
ਦੁਨੀਆ ਤੋਂ ਆਪਣਾ ਦਰਦ ਲੁਕਾ ਰਿਹਾ ਹੈ ਦਿਲ।

.................................................

ਦਰਦ ਨੂੰ ਦਿਲ ਵਿੱਚ ਛੁਪਾ ਕੇ ਮੁਸਕੁਰਾਉਣਾ ਆ ਗਿਆ,
ਹੰਝੂਆਂ ਨੂੰ ਅੱਖ ਦੇ ਅੰਦਰ ਸਮਾਉਣਾ ਆ ਗਿਆ।

ਖ਼ੁਦ ਜਲ ਕੇ ਜੋ ਦੂਜਿਆਂ ਦੇ ਘਰ ਕਰੇ ਰੋਸ਼ਨ ਸਦਾ,
ਦੀਵੇ ਵਾਂਗੂੰ ਰਾਤ ਭਰ ਖ਼ੁਦ ਨੂੰ ਜਲਾਉਣਾ ਆ ਗਿਆ।
ਹੋ ਕੇ ਰੁਖ਼ਸਤ ਉਹ ਗਏ ਨੇ ਜਦ ਤੋਂ ਸਾਡੀ ਜ਼ਿੰਦਗੀ,
ਸਾਨੂੰ ਇਕੱਲਿਆਂ ਹੀ ਏਥੇ ਵਕਤ ਲੰਘਾਉਣਾ ਆ ਗਿਆ।
ਲੋਕ ਕਰਦੇ ਰਹੇ ਸਿਆਸਤ ਸਾਡਿਆਂ ਸਾਹਾਂ ਦੇ ਨਾਲ,
ਸਾਨੂੰ ਹਰ ਇੱਕ ਚਾਲ ਤੋਂ ਖ਼ੁਦ ਨੂੰ ਬਚਾਉਣਾ ਆ ਗਿਆ।
ਪਿਆਰ ਦੀ ਇਸ ਬਾਜ਼ੀ ਵਿੱਚ ਹਾਰੇ ਜੁਆਰੀ ਹਾਂ ਮਗਰ,
ਹਾਰ ਕੇ ਵੀ ਜਿੱਤ ਦਾ ਜਸ਼ਨ ਮਨਾਉਣਾ ਆ ਗਿਆ।
ਕੰਡਿਆਂ ਦੇ ਰਾਹ 'ਤੇ ਤੁਰਨਾ ਅਸਾਂ ਸਿੱਖਿਆ ਹੈ ਇਵੇਂ,
ਹੁਣ ਤਾਂ ਸਾਨੂੰ ਅੱਗ ਦੇ ਦਰਿਆ 'ਚ ਨਹਾਉਣਾ ਆ ਗਿਆ।
ਬੰਦ ਅੱਖਾਂ ਨਾਲ ਵੀ ਪੜ੍ਹ ਲੈਂਦੇ ਹਾਂ ਦਿਲਾਂ ਦੇ ਭੇਦ ਹੁਣ,
ਚਿਹਰਿਆਂ ਤੋਂ ਹਰ ਮੁਖੌਟਾ ਹੁਣ ਹਟਾਉਣਾ ਆ ਗਿਆ।
ਰੁੱਤ ਬਦਲੇ, ਯਾਰ ਬਦਲੇ, ਭਾਵੇਂ ਬਦਲੇ ਇਹ ਜਹਾਨ,
ਸਾਨੂੰ ਆਪਣੀ ਹੀ ਮਸਤੀ ਵਿੱਚ ਗਾਉਣਾ ਆ ਗਿਆ।

.................................................

ਦਰਦ ਦੀ ਅੱਗ ਵਿੱਚ ਇਹ ਦਿਲ ਝੁਲਸਦਾ ਰਹਿੰਦਾ ਹੈ,
ਤੇਰਾ ਚੇਤਾ ਹਰ ਸਾਹ ਦੇ ਨਾਲ ਚੱਲਦਾ ਰਹਿੰਦਾ ਹੈ।
ਤੂੰ ਤਾਂ ਤੁਰ ਗਿਆ ਆਪਣੇ ਨਵੇਂ ਸਫ਼ਰ ਦੇ ਉੱਤੇ,
ਇੱਥੇ ਮੇਰੀ ਉਮਰ ਦਾ ਸੂਰਜ ਢਲਦਾ ਰਹਿੰਦਾ ਹੈ।
ਲੋਕ ਪੁੱਛਦੇ ਨੇ ਮੇਰੀਆਂ ਉਦਾਸ ਅੱਖਾਂ ਦਾ ਸਬੱਬ,
ਤੇਰਾ ਨਾਂ ਮੇਰੇ ਹੰਝੂਆਂ ਵਿੱਚ ਪਲਦਾ ਰਹਿੰਦਾ ਹੈ।
ਮੈਂ ਚਾਹ ਕੇ ਵੀ ਤੈਨੂੰ ਭੁਲਾ ਨਹੀਂ ਸਕਦਾ,
ਇਹ ਵਹਿਮ ਮੇਰੇ ਦਿਲ ਨੂੰ ਮਸਲਦਾ ਰਹਿੰਦਾ ਹੈ।
ਕਦੇ ਜਿਸ ਰਿਸ਼ਤੇ 'ਤੇ ਮਾਣ ਸੀ ਬਹੁਤ ਸਾਨੂੰ,
ਹੁਣ ਉਹ ਖ਼ਾਬ ਬਣ ਕੇ ਅੱਖਾਂ 'ਚ ਰੜਕਦਾ ਰਹਿੰਦਾ ਹੈ।

.................................................

ਦਿਲਾਂ ਵਿੱਚ ਪਿਆਰ ਦੀ ਖ਼ੁਸ਼ਬੂ ਵਸਾਈ ਰੱਖਿਆ ਕਰ,
ਹਰ ਇਕ ਇਨਸਾਨ ਨਾਲ ਯਾਰੀ ਨਿਭਾਈ ਰੱਖਿਆ ਕਰ।
ਹਨੇਰਿਆਂ ਨੂੰ ਕੋਸਣ ਨਾਲ ਸਵੇਰਾਂ ਨਹੀਂ ਚੜ੍ਹਦੀਆਂ,
ਤੂੰ ਆਪਣੇ ਘਰ ਵਿੱਚ ਇਕ ਜੋਤ ਜਗਾਈ ਰੱਖਿਆ ਕਰ।
ਕਦੇ ਜ਼ਮੀਰ ਦੇ ਸੌਦੇ ਵਿੱਚ ਹਿੱਸਾ ਨਾ ਤੂੰ ਪਾਵੀਂ,
ਕਲਮ ਨੂੰ ਸੱਚ ਦੇ ਰਾਹੀਂ ਚਲਾਈ ਰੱਖਿਆ ਕਰ।
ਜੋ ਲੋਕ ਵੇਲੇ ਦੇ ਨਾਲ ਆਪਣਾ ਰੰਗ ਬਦਲਦੇ ਨੇ,
ਉਹਨਾਂ ਤੋਂ ਆਪਣੀ ਦੂਰੀ ਬਣਾਈ ਰੱਖਿਆ ਕਰ।
ਕਿਸੇ ਦੇ ਦਰਦ ਉੱਤੇ ਹੱਸਣਾ ਇਨਸਾਨੀਅਤ ਨਹੀਂ ਹੁੰਦੀ,
ਦਿਲਾਂ ਵਿੱਚ ਰਹਿਮ ਦੀ ਨਦੀ ਵਗਾਈ ਰੱਖਿਆ ਕਰ।
ਹਜ਼ਾਰਾਂ ਝੂਠ ਵੀ ਮਿਲ ਕੇ ਹਕੀਕਤ ਬਣ ਨਹੀਂ ਸਕਦੇ,
ਬੁੱਲ੍ਹਾਂ ਉੱਤੇ ਸਦਾ ਸੱਚ ਹੀ ਸਜਾਈ ਰੱਖਿਆ ਕਰ।

**ਮਨਜੀਤ ਮਾਨ ਪਿੰਡ ਸਾਹਨੇਵਾਲੀ (ਮਾਨਸਾ)**
**ਮੋਬਾਈਲ** 7009898044

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 365 | Website: www.preetnama.com Email preetnamausa@gmail.com | 07 AUGUST TO 13 AUGUST, 2026


